# ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ

## (ਯੂਰਪੀਅਨ ਰੇਨਾਸਾਂਸ ਦੇ ਪ੍ਰਸੰਗ ਵਿੱਚ)



ਡਾ. ਸੁਖਪਾਲ ਸੰਘੇੜਾ

# ਤਤਕਰਾ


I ਅਭਾਰ ਪ੍ਰਗਟਾਵਾ 7

II ਲੇਖਕ ਬਾਰੇ 9

III ਜੇ ਕਿਹਾ ਤਾਂ: 12

ਇੰਟਰਫ਼ੇਸਾਂ 'ਤੇ ਚੱਲਦਿਆਂ

ਇੰਟਰਫ਼ੇਸਾਂ ਨਾਲ ਲੜਦਿਅ

1. ਅਧਿਆਏ 1

ਮੱਧਯੁੱਗੀ ਪੰਜਾਬ ਦੀ ਜਾਗਰਤੀ ਲਹਿਰ: ਯੂਰਪੀਅਨ ਰੇਨਾਸਾਂਸ ਮਾਨਵਵਾਦ ਦੇ ਸੰਦਰਭ ਵਿੱਚ 19

2. ਅਧਿਆਏ 2

ਮੱਧਕਾਲੀ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਮਾਨਵਵਾਦ ਲਹਿਰ: ਆਧੁਨਿਕ ਮਾਨਵਵਾਦ ਦੇ ਸੰਦਰਭ ਵਿੱਚ 30

3. ਅਧਿਆਏ 3

ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ ਵਿੱਚ ਵਿਸ਼ਵ ਆਧੁਨਿਕਤਾ 47

4. ਅਧਿਆਏ 4

ਪੰਜਾਬ ਜਾਗਰਤੀ ਲਹਿਰ ਵਿਗਿਆਨ ਦੀ ਸਰਦਲ 'ਤੇ: ਕੀ ਗੁਰਬਾਣੀ ਤੇ ਵਿਗਿਆਨ ਦਾ ਮੂਲ ਮੰਤਰ ਇੱਕੋ ਹੀ? 58

5. ਅਧਿਆਏ 5

ਯੂਰਪੀਅਨ ਰੇਨਾਸਾਂਸ ਦੇ ਸੰਦਰਭ ਵਿੱਚ: ਪੰਜਾਬ ਜਾਗਰਤੀ ਲਹਿਰ ਵਿੱਚ ਤਰਕ, ਵਿਗਿਆਨ, ਤੇ ਵਿਗਿਆਨਕ ਸੋਚ 69

6. ਅਧਿਆਏ 6

ਰਿਸ਼ਤਾ ਗੁਰੂ ਨਾਨਕ ਦੇਵ ਦਾ ਵਿਗਿਆਨ ਸੰਗ: ਵਿਗਿਆਨ, ਵਿਗਿਆਨਕ, ਤੇ ਅਧਿਆਤਮਵਾਦ ਵਿਚਕਾਰ ਨਿਖ਼ੇੜਾ 82

7. ਅਧਿਆਏ 7

ਯੂਰਪੀਅਨ ਰੇਨਾਸਾਂਸ ਲਹਿਰ ਤੇ ਪੰਜਾਬ ਜਾਗਰਤੀ ਲਹਿਰ ਦੇ ਨਤੀਜੇ: ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆ ਨੇ 99

8. ਅਧਿਆਏ 8

ਪੰਜਾਬ ਜਾਗਰਤੀ ਲਹਿਰ ਤੇ ਯੂਰਪੀਅਨ ਰੇਨਾਸਾਂਸ ਲਹਿਰ: ਹਾਰ ਜਿੱਤ ਦੀਆਂ ਜੜ੍ਹਾਂ ਵਿੱਚ 108

9. ਅਧਿਆਏ 9

ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ 'ਤੇ: ਪੰਜਾਬ ਸਿੰਘ ਦਾ ਇਕਬਾਲੀਆ ਬਿਆਨ 119

# ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ

## ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ ਦੇ ਸੰਦਰਭ ਵਿੱਚ

**ਇਸ ਕਲਮ ਤੋਂ**

| | |
|---|---|
| ਭੂਤ ਨਗਰੀ | (ਕਾਵਿ ਸੰਗ੍ਰਹਿ) |
| ਕਿੱਸਿਆਂ ਦੇ ਕੈਦੀ | (ਕਾਵਿ ਸੰਗ੍ਰਹਿ) |
| ਗੋਦ ਲਏ ਗੀਤ | (ਕਾਵਿ ਸੰਗ੍ਰਹਿ) |
| ਲੋਕ ਕਚਹਿਰੀ | (ਕਾਵਿ ਸੰਗ੍ਰਹਿ) |
| ਟੱਕਰ | (ਕਾਵਿ ਸੰਗ੍ਰਹਿ) |
| ਢੱਠਾ ਖ਼ੂਹ | (ਨਾਵਲ) |
| ਇਕ ਦਹਿਸ਼ਤ ਪਸੰਦ ਦੀ ਡਾਇਰੀ | (ਨਾਵਲ) |

# ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ

## ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ ਦੇ ਸੰਦਰਭ ਵਿੱਚ

**ਡਾ. ਸੁਖਪਾਲ ਸੰਘੇੜਾ**

PEOPLE'S FORUM
BARGARI, PUNJAB
NGO Estd. 2000

**ਪੀਪਲਜ਼ ਫ਼ੋਰਮ**

**ਬਰਗਾੜੀ, ਪੰਜਾਬ**

www.peoplesforumpunjab.com

ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ **Maadkali Punjab di Jagrati Lehar**

**ਡਾ. ਸੁਖਪਾਲ ਸੰਘੇੜਾ** **Dr. Sukhpal Sanghera**
*ਪ੍ਰੋਫ਼ੈਸਰ ਆਫ ਫਿਜਿਕਸ ਐਂਡ ਕੰਪਿਊਟਰ ਸਾਇੰਸ,* *Professor of Physics and Computer Science,*
*ਪਾਰਕ ਯੂਨੀਵਰਸਿਟੀ,* *Park University,*
*ਯੂ ਐਸ ਏ* *USA*
***001-4088511655*** ***001-4088511655***
*dr.sukhpal.sanghera@gmail.com*

ਪਹਿਲੀ ਵਾਰ : ਨਵੰਬਰ 2020 First Edition : November 2020

© ਲੇਖਕ © Writer

**ਮੁੱਲ : 150/- (ਇਕ ਸੌ ਪੰਜਾਹ ਰੁਪਏ)**

PEOPLE'S FORUM
BARGARI, PUNJAB
NGO ESTD. 2000
ਪੀਪਲਜ਼ ਫ਼ੋਰਮ
ਬਰਗਾੜੀ, ਪੰਜਾਬ
www.peoplesforumpunjab.com

*ਪ੍ਰਕਾਸ਼ਕ :* Publication :
**ਪੀਪਲਜ਼ ਫੋਰਮ (ਰਜਿ:** **People's Forum**
**ਬਰਗਾੜੀ, ਫ਼ਰੀਦਕੋਟ-151 208** Bargari, Faridkot-151208
**9872989313, 9876710809** 9872989313, 9876710809
www.peoplesforumpunjab.com www.peoplesforumpunjab.com

---

*ਪੀਪਲਜ਼ ਫ਼ੋਰਮ (ਰਜਿ.) ਸਿਹਤ, ਸਿੱਖਿਆ, ਸੱਭਿਆਚਾਰ ਅਤੇ ਵਾਤਾਵਰਣ ਪ੍ਰਤੀ ਸੰਵਾਦ ਰਚਾਉਣ ਲਈ ਪ੍ਰਤੀਬੱਧ ਸਮਾਜ-ਸੇਵੀ ਸੰਸਥਾ ਹੈ। ਇਸ ਵੱਲੋਂ ਪ੍ਰਕਾਸ਼ਤ ਪੁਸਤਕਾਂ, ਪੋਸਟਰ, ਕੈਲੰਡਰ ਅਤੇ ਸੀ. ਡੀਜ਼ ਨੌਜਵਾਨ ਵਰਗ ਅੰਦਰ ਚੇਤਨਾ ਪੈਦਾ ਕਰਨ ਹਿੱਤ ਹੈ।*

ਗੁਰੂ ਨਾਨਕ ਦੇਵ ਦੇ 550ਵੇਂ ਜਨਮ ਦਿਵਸ
ਅਤੇ
ਮੱਧਯੁੱਗ ਵਿੱਚ ਚੱਲੀਆਂ
ਪੰਜਾਬ ਜਾਗਰਤੀ ਲਹਿਰ ਤੇ
ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ
ਨੂੰ

# ਤਤਕਰਾ

1. ਅਧਿਆਏ 1
ਮੱਧਯੁੱਗੀ ਪੰਜਾਬ ਦੀ ਜਾਗਰਤੀ ਲਹਿਰ: ਯੂਰਪੀਅਨ ਰੇਨਾਸਾਂਸ
ਮਾਨਵਵਾਦ ਦੇ ਸੰਦਰਭ ਵਿੱਚ 19
2. ਅਧਿਆਏ 2
ਮੱਧਕਾਲੀ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਮਾਨਵਵਾਦ ਲਹਿਰ:
ਆਧੁਨਿਕ ਮਾਨਵਵਾਦ ਦੇ ਸੰਦਰਭ ਵਿੱਚ 30
3. ਅਧਿਆਏ 3
ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ ਵਿੱਚ ਵਿਸ਼ਵ ਆਧੁਨਿਕਤਾ 47
4. ਅਧਿਆਏ 4
ਪੰਜਾਬ ਜਾਗਰਤੀ ਲਹਿਰ ਵਿਗਿਆਨ ਦੀ ਸਰਦਲ 'ਤੇ:
ਕੀ ਗੁਰਬਾਣੀ ਤੇ ਵਿਗਿਆਨ ਦਾ ਮੂਲ ਮੰਤਰ ਇੱਕੋ ਹੀ? 58
5. ਅਧਿਆਏ 5
ਯੂਰਪੀਅਨ ਰੇਨਾਸਾਂਸ ਦੇ ਸੰਦਰਭ ਵਿੱਚ: ਪੰਜਾਬ ਜਾਗਰਤੀ
ਲਹਿਰ ਵਿੱਚ ਤਰਕ, ਵਿਗਿਆਨ, ਤੇ ਵਿਗਿਆਨਕ ਸੋਚ 69
6. ਅਧਿਆਏ 6
ਰਿਸ਼ਤਾ ਗੁਰੂ ਨਾਨਕ ਦੇਵ ਦਾ ਵਿਗਿਆਨ ਸੰਗ:
ਵਿਗਿਆਨ, ਵਿਗਿਆਨਕ, ਤੇ ਅਧਿਆਤਮਵਾਦ ਵਿਚਕਾਰ ਨਿਖ਼ੇੜਾ 82
7. ਅਧਿਆਏ 7
ਯੂਰਪੀਅਨ ਰੇਨਾਸਾਂਸ ਲਹਿਰ ਤੇ ਪੰਜਾਬ ਜਾਗਰਤੀ ਲਹਿਰ ਦੇ ਨਤੀਜੇ:
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆ ਨੇ 99
8. ਅਧਿਆਏ 8
ਪੰਜਾਬ ਜਾਗਰਤੀ ਲਹਿਰ ਤੇ ਯੂਰਪੀਅਨ ਰੇਨਾਸਾਂਸ ਲਹਿਰ:
ਹਾਰ ਜਿੱਤ ਦੀਆਂ ਜੜ੍ਹਾਂ ਵਿੱਚ 108
9. ਅਧਿਆਏ 9
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ 'ਤੇ:
ਪੰਜਾਬ ਸਿੰਘ ਦਾ ਇਕਬਾਲੀਆ ਬਿਆਨ 119

# ਅਭਾਰ ਪ੍ਰਗਟਾਵਾ

ਨਿੱਜੀ ਤੇ ਪੇਸ਼ਾਵਰ ਕਾਰਣਾਂ ਕਰਕੇ, ਮੈਂ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਪੰਜਾਬੀ ਸਾਹਿਤ ਤੋਂ ਕੱਟਿਆ ਰਿਹਾਂ ਹਾਂ; 2004 ਵਿੱਚ ਪ੍ਰਕਾਸ਼ਤ 'ਭੂਤ ਨਗਰੀ' (ਕਾਵਿ ਸੰਗ੍ਰਹਿ) ਤੋਂ ਬਾਅਦ ਪੰਜਾਬੀ ਵਿੱਚ ਇਹ ਮੇਰੀ ਪਹਿਲੀ ਕਿਤਾਬ ਹੈ। ਅਣਜਾਣੇ ਵਿੱਚ ਹੀ, ਇਸ ਕਿਤਾਬ ਦੇ ਖ਼ਿਆਲ ਦੀ ਸ਼ੁਰੂਆਤ ਉਦੋਂ ਹੋਈ, ਜਦੋਂ ਮੈਨੂੰ 'ਸਾਡੇ ਲੋਕ' ਅਖ਼ਬਾਰ ਦੇ ਮੁੱਖ ਸੰਪਾਦਕ ਸਤਨਾਮ ਸਿੰਘ ਖਾਲਸਾ ਦਾ ਈ-ਮੇਲ ਸੁਨੇਹਾ ਮਿਲਿਆ, ਜਿਸ ਵਿੱਚ ਉਨ੍ਹਾਂ ਮੈਨੂੰ 'ਗੁਰੂ ਨਾਨਕ ਦੇਵ ਜੀ ਦੇ ਆ ਰਹੇ 550ਵੇਂ ਜਨਮ ਪੁਰਬ' ਦੀ ਯਾਦ ਦਿਲਾਉਂਦਿਆਂ, ਇਸ ਮੌਕੇ 'ਤੇ 'ਸਾਡੇ ਲੋਕ' ਲਈ ਕੁਝ ਲੇਖਾਂ ਦੀ ਮੰਗ ਕੀਤੀ। ਮੈਂ ਇੱਕ ਲੇਖ ਲਿਖ ਭੇਜਣ ਦਾ ਵਚਨ ਦੇ ਦਿੱਤਾ। ਇੱਕੋ ਹੀ ਲੇਖ ਲਿਖਣ ਦਾ ਇਰਾਦਾ ਸੀ, ਜਿਹਦਾ ਖ਼ਿਆਲ ਮੇਰੇ ਜਿਹਨ ਵਿੱਚ ਚਿਰੋਕਾ ਘੁੰਮ ਰਿਹਾ ਸੀ। ਉਹ ਲੇਖ ਲਿਖਿਆ ਵੀ ਗਿਆ ਤੇ ਪ੍ਰਕਾਸ਼ਤ ਵੀ ਹੋਇਆ, ਜਿਸ 'ਤੇ ਇਸ ਕਿਤਾਬ ਦਾ ਚੌਥਾ ਅਧਿਆਏ ਆਧਾਰਿਤ ਹੈ। ਉਸ ਲੇਖ ਦੀ ਲਿਖਣ ਪ੍ਰਕਿਰਿਆ ਦੌਰਾਨ ਵਰ੍ਹਿਆਂ ਬੱਧੀ ਦਬਾਏ ਕੁਛ ਖ਼ਿਆਲ ਉੱਠ ਕੇ ਮਨ ਵਿੱਚ ਖ਼ਲਬਲੀ ਮਚਾਉਣ ਲੱਗੇ। ਸੋ, ਮੈਂ 'ਪੰਜਾਬ ਟਾਈਮਜ਼' ਅਖ਼ਬਾਰ ਦੇ ਕਰਤਾ-ਧਰਤਾ ਅਮੋਲਕ ਸਿੰਘ ਜੰਮੂ ਅੱਗੇ, ਈ-ਮੇਲ ਸੁਨੇਹੇ ਰਾਹੀਂ, 'ਪੰਜਾਬ ਟਾਈਮਜ਼' ਲਈ ਇਕ ਲੇਖ-ਲੜੀ ਦਾ ਖ਼ਿਆਲ ਪੇਸ਼ ਕੀਤਾ, ਜੋ ਉਨ੍ਹਾਂ ਨੇ ਸਵੀਕਾਰ ਕਰ ਲਿਆ। ਇਸ ਤਰ੍ਹਾਂ ਇਸ ਕਿਤਾਬ ਦੀ ਨੀਂਹ ਪੁੱਟੀ ਗਈ। ਇਸ ਲਈ, ਮੈਂ ਸਤਨਾਮ ਸਿੰਘ ਖਾਲਸਾ ਤੇ ਅਮੋਲਕ ਸਿੰਘ ਜੰਮੂ ਦਾ ਸ਼ੁਕਰ-ਗੁਜ਼ਾਰ ਹਾਂ।

ਜਦੋਂ ਮੇਰੀ ਪੰਜਾਬੀ ਵਿੱਚ ਕੋਈ ਰਚਨਾ ਕਿਸੇ ਰਸਾਲੇ ਜਾਂ ਅਖ਼ਬਾਰ ਵਿੱਚ ਪ੍ਰਕਾਸ਼ਤ ਹੁੰਦੀ ਹੈ, ਤਾਂ ਮੈਂ ਉਸਨੂੰ ਫ਼ੇਸਬੁੱਕ ਉਪਭੋਗੀਆਂ (users) ਨਾਲ ਸਾਂਝਿਆਂ ਕਰ ਲੈਂਦਾ ਹਾਂ, ਇਸ ਆਪਣੇ ਫ਼ੇਸਬੁੱਕ ਪਰੋਫ਼ਾਇਲ ਪੇਜ਼ 'ਤੇ: facebook.com/sukhpal. sanghera.792

ਜਿਨ੍ਹਾਂ ਲੇਖਾਂ 'ਤੇ ਇਹ ਕਿਤਾਬ ਆਧਾਰਿਤ ਹੈ, ਉਨ੍ਹਾਂ ਲੇਖਾਂ ਦਾ ਫ਼ੇਸਬੁੱਕ ਮਿੱਤਰਾਂ ਤੇ ਹੋਰ ਪਾਠਕਾਂ ਨੇ ਟਿੱਪਣੀਆਂ ਤੇ ਪਸੰਦ ਪ੍ਰਗਟਾਵੇ ਰਾਹੀਂ ਹੁੰਗਾਰਾ ਭਰਿਆ। ਅਮਰੀਕ ਪਲਾਹੀ, ਬਾਬਾ ਪੰਜਾਬ ਸਿੰਘ, ਤੇ ਹੋਰ ਮਿੱਤਰਾਂ ਨੇ ਉਨ੍ਹਾਂ ਲੇਖਾਂ 'ਤੇ ਆਧਾਰਿਤ ਕਿਤਾਬ ਪ੍ਰਕਾਸ਼ਤ ਕਰਕੇ ਉਹਨੂੰ ਵੱਧੋ-ਵੱਧ ਪਾਠਕਾਂ ਤੱਕ ਪਹੁੰਚਾਉਂਣ ਦੀ ਲੋੜ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਸਮੇਤ ਹੋਰ ਫ਼ੇਸਬੁੱਕ ਤੇ ਨਾਨ-ਫ਼ੇਸਬੁੱਕ ਮਿੱਤਰਾਂ ਦਾ ਸ਼ੁਕਰ-ਗੁਜ਼ਾਰ ਹਾਂ, ਜਿਨ੍ਹਾਂ ਨੇ ਫ਼ੇਸਬੁੱਕ 'ਤੇ ਪਾਏ ਹੋਏ ਜਾਂ ਅਖ਼ਬਾਰਾਂ ਵਿੱਚ ਪ੍ਰਕਾਸ਼ਤ ਉਹ ਲੇਖ ਪੜ੍ਹੇ, ਪੜ੍ਹ ਕੇ ਹੁੰਗਾਰਾ ਭਰਿਆ, ਜਾਂ ਹੱਲਾ-ਸ਼ੇਰੀ ਦਿੱਤੀ। ਉਨ੍ਹਾਂ ਵਿੱਚੋਂ ਨਾਂਅ ਨੇ: ਰਵਿੰਦਰ ਸਹਿਰਾਅ, ਸਾਧੂ ਬਿਨਿੰਗ, ਬਲਰਾਜ ਚੀਮਾ, ਡਾ. ਗੁਰੂਮੇਲ ਸਿੱਧੂ, ਮੇਜਰ ਭੂਪਿੰਦਰ ਦਲੇਰ, ਸੁਖਵਿੰਦਰ

ਕੰਬੋਜ਼, ਹਰਜਿੰਦਰ ਕੰਗ, ਰੇਸ਼ਮ ਸਿੰਘ, ਅਮਰੀਕ ਪਲਾਹੀ, ਇੰਦਰਜੀਤ ਗਰੇਵਾਲ, ਕੁਲਵੰਤ ਸੇਖੋਂ, ਸੁਰਿੰਦਰ ਖਿਲਚੀਆ, ਅੰਮ੍ਰਿਤ ਭਾਟੀਆ, ਵੀਰ ਕੌਰ, ਪਵਨਜੀਤ ਸਿੰਘ, ਗੁਰਦੀਪ ਸਿੰਘ ਕਾਲੇਵਾਲਾ, ਵਿੰਦਰ ਠੀਕਰੀਵਾਲਾ ਰੰਗਕਰਮੀ, ਬਾਬਾ ਪੰਜਾਬ ਸਿੰਘ, ਜਸਵੰਤ ਸ਼ੀਹਮਾਰ, ਸੰਦੀਪ ਕੌਸ਼ਲ, ਫਾਇੰਡੀ ਸਿੰਘ, ਤੇ ਹੋਰ ਸੱਭ।

ਇਸ ਕਿਤਾਬ ਨੂੰ ਪ੍ਰਕਾਸ਼ਤ ਕਰ ਪਾਠਕਾਂ ਤੱਕ ਪਹੁੰਚਾਉਣ ਦਾ ਸਿਹਰਾ ਖ਼ੁਸ਼ਵੰਤ ਬਰਗਾੜੀ, ਰਾਜਪਾਲ ਸਿੰਘ, ਤੇ ਪੀਪਲਜ਼ ਫੋਰਮ ਪੰਜਾਬ ਦੇ ਹੋਰ ਸਾਥੀਆਂ ਸਿਰ ਬੱਝਦਾ ਹੈ। ਰਾਜਪਾਲ ਸਿੰਘ ਨੇ ਕਿਤਾਬ ਦੇ ਖ਼ਰੜੇ ਦੇ ਪਹਿਲੇ ਵਰਜ਼ਨਾਂ ਨੂੰ ਗਹੁ ਨਾਲ ਪੜ੍ਹਕੇ ਕੀਮਤੀ ਸੁਝਾਅ ਵੀ ਦਿੱਤੇ, ਜਿਨ੍ਹਾਂ ਨੇ ਕਿਤਾਬ ਦੇ ਸੰਗਠਨ ਤੇ ਤੱਤ ਨੂੰ ਵਧੀਆ ਬਣਾਉਣ ਵਿੱਚ ਹਿੱਸਾ ਪਾਇਆ ਹੈ। ਮੈਂ ਇਨ੍ਹਾਂ ਸਾਰੇ ਸਾਥੀਆਂ ਦਾ ਤਹਿਦਿਲੋਂ ਧੰਨਵਾਦੀ ਹਾਂ।

—ਸੁਖਪਾਲ

# ਲੇਖਕ ਬਾਰੇ

ਡਾ. ਸੁਖਪਾਲ ਸੰਘੇੜਾ, ਅੰਗਰੇਜ਼ੀ ਵਿੱਚ Dr. Paul Sanghers, ਇੱਕ ਵਿਗਿਆਨੀ, ਟੈਕਨੌਲੋਜਿਸਟ, ਅਧਿਆਪਕ, ਅਤੇ ਲੇਖਕ ਹੈ। ਉਹ ਭੌਤਿਕ ਵਿਗਿਆਨ, ਕੰਪਿਊਟਰ ਵਿਗਿਆਨ, ਬਾਇਓਮੋਲੇਕੁਲਰ ਇੰਜੀਨੀਅਰਿੰਗ ਤੇ ਬਾਇਓਇਨਫੋਰਮੈਟਿਕਸ, ਅਤੇ ਪ੍ਰੋਜੈਕਟ ਮੈਨੇਜਮੈਂਟ ਵਿੱਚਲੇ ਵਿਸ਼ਿਆਂ ਦਾ ਮਾਹਰ ਤੇ ਅਨੁਭਵੀ ਹੈ। ਦੁਨੀਆ ਦੇ ਭਰਮਣ ਦੌਰਾਨ ਵਿਗਿਆਨ ਦੇ ਖ਼ੇਤਰ ਵਿੱਚ ਕਮਾਈਆਂ ਉਹਦੀਆਂ 7 ਡਿਗਰੀਆਂ ਵਿੱਚ ਸ਼ਾਮਲ ਨੇ: ਕਾਰਲਟਨ ਯੂਨੀਵਰਸਿਟੀ, ਕੈਨੇਡਾ, ਅਤੇ ਸਰਨ, ਯੂਰਪ ਤੋਂ ਫਿਜ਼ਿਕਸ ਵਿੱਚ ਪੀ.ਐਚ.ਡੀ.; ਕੋਰਨੈੱਲ ਯੂਨੀਵਰਸਿਟੀ, ਅਮਰੀਕਾ ਤੋਂ ਕੰਪਿਊਟਰ ਸਾਇੰਸ ਵਿੱਚ ਮਾਸਟਰ ਆਫ ਇੰਜੀਨੀਅਰਿੰਗ; ਯੂਨੀਵਰਸਿਟੀ ਆਫ ਕੈਲੀਫੋਰਨੀਆ, ਸੈਂਟਾ ਕਰੂਜ਼, ਅਮਰੀਕਾ ਤੋਂ ਬਾਇਓਮੋਲਿਕੂਲਰ ਇੰਜੀਨੀਅਰਿੰਗ ਤੇ ਬਾਇਓਇਨਫਾਰਮੈਟਿਕਸ ਵਿੱਚ ਐਮ.ਐਸ.ਸੀ.; ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸ਼ਿਮਲਾ, ਭਾਰਤ ਤੋਂ ਫਿਜ਼ਿਕਸ ਵਿੱਚ ਐਮ.ਫ਼ਿਲ.; ਅਤੇ ਗੁਰੂ ਨਾਨਕ ਯੂਨੀਵਰਸਿਟੀ, ਪੰਜਾਬ, ਤੋਂ ਫਿਜ਼ਿਕਸ, ਰਸਾਇਣ ਵਿਗਿਆਨ, ਤੇ ਗਣਿਤ ਵਿੱਚ ਬੀ.ਐਸ.ਸੀ.। ਉਸ ਕੋਲ ਵਿਗਿਆਨ ਵਿੱਚ ਖੋਜ, ਅਧਿਆਪਨ, ਤੇ ਸਿੱਖਣ ਦਾ, ਅਤੇ ਵੱਖ ਵੱਖ ਸਮਾਜਾਂ ਵਿੱਚ ਰਹਿਣ ਤੇ ਮਿਲਣ-ਵਰਤਣ ਦਾ ਵਿਆਪਕ ਅੰਤਰ-ਅਨੁਸ਼ਾਸਨਿਕ, ਬਹੁਸਭਿਆਚਾਰਕ, ਤੇ ਅੰਤਰ-ਮਹਾਂਦੀਪੀ ਅਨੁਭਵ ਹੈ।

ਡਾ. ਸੰਘੇੜਾ ਯੂਰਪੀਅਨ, ਕੈਨੇਡੀਅਨ, ਅਮਰੀਕਨ, ਅਤੇ ਅੰਤਰਰਾਸ਼ਟਰੀ ਮਿਆਰੀ ਖੋਜ ਰਸਾਲਿਆਂ ਵਿੱਚ ਪ੍ਰਕਾਸ਼ਿਤ 150 ਤੋਂ ਵੱਧ ਵਿਗਿਆਨਕ ਖੋਜ ਪੱਤਰਾਂ ਦਾ ਲੇਖਕ ਜਾਂ ਸਹਿ-ਲੇਖਕ ਹੈ। ਭੌਤਿਕੀ ਦੇ ਖ਼ੇਤਰ ਵਿੱਚ ਕੋਰਨੈੱਲ ਯੂਨੀਵਰਸਿਟੀ, ਅਮਰੀਕਾ ਅਤੇ ਸਰਨ, ਯੂਰਪ ਦੀਆਂ ਵਿਸ਼ਵ ਪੱਧਰੀ ਪ੍ਰਯੋਗਸ਼ਾਲਾਵਾਂ ਵਿਚ ਉਹਨੇ ਹਾਇਡਲਬਰਗ ਯੂਨੀਵਰਸਿਟੀ ਤੋਂ ਲੈ ਕੇ ਹਾਰਵਰਡ ਯੂਨੀਵਰਸਿਟੀ ਅਤੇ ਕੈਮਬ੍ਰਿਜ ਯੂਨੀਵਰਸਿਟੀ ਤੋਂ ਕੈਲੀਫੋਰਨੀਆ ਇੰਸਟੀਟਿਊਟ ਆਫ ਤਕਨਾਲੋਜੀ(ਕੈਲਟੇਕ) ਤੱਕ, ਵਿਸ਼ਵ ਪੱਧਰੀ ਵਿਗਿਆਨੀਆਂ ਨਾਲ ਕੰਮ ਕੀਤਾ। ਡਾ. ਸੰਘੇੜਾ ਦੇ ਖ਼ੋਜ ਕੰਮਾਂ ਵਿੱਚ ਸ਼ਾਮਲ ਹੈ ਬ੍ਰਹਿਮੰਡ ਨੂੰ ਚਲਾਉਣ ਵਾਲੀਆ ਚਾਰ ਸ਼ਕਤੀਆ 'ਚੋਂ 'ਮਜ਼ਬੂਤ ਪ੍ਰਮਾਣੂ ਸ਼ਕਤੀ' (strong nuclear force) ਦੇ ਕੁਆਂਟਮ ਸਿਧਾਂਤਾਂ ਨੂੰ ਮਾਡਲ ਕਰ ਕੇ ਪ੍ਰਯੋਗਾਂ ਦੁਆਰਾ ਪਰਖਣਾ। ਉਹ ਉਨ੍ਹਾਂ ਵਿਗਿਆਨੀਆਂ ਦੀ ਟੀਮ ਵਿੱਚ ਸ਼ਾਮਲ ਸੀ, ਜਿਨ੍ਹਾਂ ਸਵਿਟਜ਼ਰਲੈਂਡ ਦੇ ਸ਼ਹਿਰ ਜਨੇਵਾ ਦੇ ਨੇੜੇ ਸਥਿਤ ਸਰਨ (European Organization for Nuclear Research) ਪ੍ਰਯੋਗਸ਼ਾਲਾ ਵਿਖ਼ੇ ਦੁਨੀਆ ਦੀ ਸੱਭ ਤੋਂ ਵੱਡੀ ਮਸ਼ੀਨ, ਲੈਪ (ਲਾਰਜ਼ ਇਲੈਕਟ੍ਰੋਨ ਪੋਜ਼ੀਟ੍ਰੋਨ ਕੋਲਾਇਡਰ), ਵਿੱਚ ਬ੍ਰਹਿਮੰਡ ਦੇ ਸ਼ੁਰੂ ਵਿੱਚ ਹੋਏ ਮਹਾਂ-ਧਮਾਕੇ ਨੂੰ ਛੋਟੇ ਰੂਪ ਵਿੱਚ ਦੁਬਾਰਾ

ਪੈਦਾ ਕਰਕੇ ਮਹਾਂ-ਧਮਾਕੇ (big bang) ਸਿਧਾਂਤ ਦੇ ਕੁਝ ਕੇਂਦਰੀ ਪੱਖਾਂ ਦੀ ਪੁਸ਼ਟੀ ਕੀਤੀ। ਸੁਖਪਾਲ ਬਹੁਤ ਥੋੜ੍ਹੇ ਵਿਗਿਆਨੀਆਂ ਵਿੱਚੋਂ ਇੱਕ ਸੀ, ਜਿਨ੍ਹਾਂ ਆਪਣੇ ਸਮੇਂ ਵਿੱਚ 'ਮਜ਼ਬੂਤ ਪ੍ਰਮਾਣੂ ਸ਼ਕਤੀ' ਦੀ ਤਾਕਤ ਨੂੰ ਸੱਭ ਤੋਂ ਵੱਧ ਸ਼ੁੱਧਤਾ ਨਾਲ ਮਿਣਿਆ। ਉਹਦੇ ਸਮੁੱਚੇ ਖ਼ੋਜ ਕੰਮ ਨੇ ਬ੍ਰਹਿਮੰਡ ਦੇ 'ਸਟੈਂਡਰਡ ਮਾਡਲ' ਦੇ ਵਿਕਾਸ ਤੇ ਸਮਝ ਵਿੱਚ ਹਿੱਸਾ ਪਾਇਆ। ਨਾਲੇ, ਜੋ ਬਾਅਦ 'ਚ ਲੋਕਾਂ ਵਿੱਚ 'ਇੰਟਰਨੈੱਟ' ਦੇ ਨਾਂ ਨਾਲ ਪ੍ਰਸਿੱਧ ਹੋਇਆ, ਵਰਲਡ ਵਾਈਡ ਵੈੱਬ ਵੀ ਸਰਨ ਪ੍ਰਯੋਗਸ਼ਾਲਾ ਵਿੱਚ ਹੀ ਡਾ. ਸੰਘੇੜਾ ਸਣੇ ਵਿਗਿਆਨੀਆਂ ਦੀ ਉਸ ਟੀਮ ਲਈ ਈਜ਼ਾਦ ਕੀਤਾ ਗਿਆ ਸੀ, ਉਨ੍ਹਾਂ ਦੀਆਂ ਕੱਟਿੰਗ ਐੱਜ ਤਕਨੀਕੀ ਲੋੜਾਂ ਨੂੰ ਪੂਰਾ ਕਰਨ ਲਈ।

ਸੁਖਪਾਲ ਨੇ ਵੈੱਬ ('ਇੰਟਰਨੈਟ') ਨੂੰ ਆਪਣੀ ਖ਼ੋਜ ਪ੍ਰਯੋਗਸ਼ਾਲਾ ਦੇ ਘੇਰੇ ਵਿੱਚੋਂ ਕੱਢ ਕੇ ਆਮ ਲੋਕਾਂ ਤੱਕ ਪਹੁੰਚਾਉਣ ਲਈ 'ਜਾਣਕਾਰੀ ਸਾਰਿਆਂ ਲਈ', 'ਮੁਫ਼ਤ ਜਾਣਕਾਰੀ', 'ਓਪਨ ਸੋਰਸ ਕੋਡ' ਆਦਿ ਲਹਿਰਾਂ ਵਿੱਚ ਹਿੱਸਾ ਲਿਆ। ਇਸ ਕੋਸ਼ਿਸ਼ ਦੇ ਇੱਕ ਹਿੱਸੇ ਵਜੋਂ, ਸੁਖਪਾਲ ਨੇ ਦੁਨੀਆ ਵਿੱਚ ਪਹਿਲੀ ਵੈੱਬ/ਕੰਪਨੀ, ਨੈੱਟਸਕੇਪ, ਵਿੱਚ ਪਹਿਲੇ ਪਬਲਿਕ ਵੈੱਬ ਬਰਾਊਜ਼ਰ ਦੀ ਉਸਾਰੀ ਵਿੱਚ ਹਿੱਸਾ ਪਾਇਆ, ਜੋ ਕੰਪਨੀ ਵੈੱਬ ਸਾਈਟ 'ਤੋਂ ਹਰ ਕੋਈ ਮੁਫ਼ਤ ਪ੍ਰਾਪਤ (ਡਾਊਨਲੋਡ) ਕਰ ਸਕਦਾ ਸੀ। ਇਸ ਵੈੱਬ ਬਰਾਊਜ਼ਰ ਦੇ ਜ਼ਰੀਏ ਇੰਟਰਨੈੱਟ ਜਾਂ ਵੈੱਬ ਨੂੰ ਲੋਕਾਈ ਵਿੱਚ ਲਿਜਾਣ ਦੇ ਕੰਮ ਦੀ ਅਮਲੀ ਰੂਪ ਵਿੱਚ ਸ਼ੁਰੂਆਤ ਹੋਈ। ਯਾਦ ਰਹੇ, ਹੁਣ ਫ਼ੇਸਬੁੱਕ ਸਣੇ ਸੋਸ਼ਲ ਮੀਡੀਆ ਵੈੱਬ-ਸਾਈਟਾਂ, ਜਾਂ ਕੋਈ ਵੀ ਵੈੱਬ-ਸਾਈਟ, ਉਸੇ ਵੈੱਬ ਉੱਪਰ ਟਿਕੀਆਂ ਹੋਇਆਂ ਨੇ; ਤੇ ਵੈੱਬ ਬਰਾਊਜ਼ਰ ਜ਼ਰੀਏ ਤੁਸੀਂ ਵੈੱਬ-ਸਾਈਟਾਂ 'ਤੇ ਜਾਂਦੇ ਹੋ, ਉਨ੍ਹਾਂ ਤੋਂ ਸੂਚਨਾ ਪੜ੍ਹਦੇ ਹੋ ਜਾਂ ਡਾਊਨਲੋਡ ਕਰਦੇ ਹੋ, ਅਤੇ ਉਨ੍ਹਾਂ 'ਤੇ ਸੂਚਨਾ ਲਿਖਦੇ ਹੋ ਜਾਂ ਅਪਲੋਡ ਕਰਦੇ ਹੋ। ਇਸਤੋਂ ਇਲਾਵਾ, ਡਾ. ਸੰਘੇੜਾ ਨੇ 'ਨੋਵੈਲ' ਕੰਪਨੀ ਵਿੱਚ ਕੰਮ ਕਰਦੇ ਹੋਏ ਦੁਨੀਆ ਦੇ ਪਹਿਲੇ ਕੰਪਿਊਟਰ ਨੈਟਵਰਕ ਮੈਨੇਜਮੈਂਟ ਸਿਸਟਮ, ਐੱਨ.ਡੀ.ਐੱਸ., ਦੀ ਉਸਾਰੀ ਤੇ ਉਹਨੂੰ ਵੈੱਬ/ਇੰਟਰਨੈਟ ਨਾਲ ਜੋੜਨ ਵਿੱਚ ਹਿੱਸਾ ਪਾਇਆ। ਹੋਰ, ਸੁਖਪਾਲ ਨੇ 'ਵੈੱਬ ਆਰਡਰ' ਕੰਪਨੀ ਲਈ ਕੰਮ ਕਰਦੇ ਹੋਏ ਇੱਕ ਹੋਰ ਇੰਜੀਨੀਅਰ ਨਾਲ ਰਲ ਕੇ ਦੁਨੀਆ ਵਿੱਚ ਪਹਿਲੀ ਜਾਂ ਪਹਿਲੀਆਂ ਵਿੱਚੋਂ ਇੱਕ 'ਵੈੱਬ ਸਟੋਰ ਫਰੰਟ' ਤਕਨਾਲੋਜੀ ਦੀ ਉਸਾਰੀ ਕੀਤੀ, ਜਿਹਨੂੰ ਵਰਤ ਕੇ ਕੋਈ ਵੀ ਵੈੱਬ/ਇੰਟਰਨੈਟ ਉੱਪਰ ਚੀਜ਼ਾਂ ਵੇਚਣ ਦੀ ਦੁਕਾਨ ਖ਼ੋਹਲ ਸਕਦਾ ਸੀ।

ਡਾ. ਸੁਖਪਾਲ ਸੰਘੇੜਾ ਵਾਇਲੀ, ਮਕਗਰਾਅ ਹਿੱਲ, ਸੇਨਗੇਜ ਲਰਨਿੰਗ ਵਰਗੇ ਜਗਤ ਪ੍ਰਸਿਧ ਨਾਮਵਰ ਪ੍ਰਕਾਸ਼ਕਾਂ ਵਲੋਂ ਵਿਗਿਆਨ, ਟੈਕਨਾਲੋਜੀ, ਤੇ ਪਰੌਜੈਕਟ ਮੈਨੇਜਮੈਂਟ ਦੇ ਵਿਸ਼ਿਆਂ ਉੱਪਰ Paul Sanghera ਦੇ ਨਾਮ ਥੱਲੇ ਅੰਗਰੇਜ਼ੀ ਵਿੱਚ ਪ੍ਰਕਾਸ਼ਤ ਕੀਤੀਆਂ ਕਰੀਬ ਦੋ ਦਰਜਨ ਕਿਤਾਬਾਂ ਦਾ ਲੇਖਕ ਹੈ। ਸੁਖਪਾਲ ਕਾਵਿ ਰੂਪ ਵਿੱਚ 'ਕਿੱਸਿਆਂ ਦੇ ਕੈਦੀ', 'ਟੱਕਰ', 'ਭੂਤ ਨਗਰੀ', 'ਗ਼ੋਦ ਲਏ ਗੀਤ', ਤੇ 'ਲੋਕ ਕਚਹਿਰੀ', ਅਤੇ ਨਾਵਲ ਦੇ ਖ਼ੇਤਰ ਵਿੱਚ 'ਢੱਠਾ ਖੂਹ', ਤੇ "ਇੱਕ 'ਦਹਿਸ਼ਤ ਪਸੰਦ' ਦੀ ਡਾਇਰੀ", ਵਰਗੀਆਂ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਿਆ ਹੈ। ਉਹਦੀਆਂ ਰਚਨਾਵਾਂ

ਲੋਅ ਤੋਂ ਲੈ ਕੇ ਆਰਸੀ ਤੇ ਸਿਰਜਣਾ ਤੱਕ ਭਿੰਨ ਭਿੰਨ ਪੰਜਾਬੀ ਸਾਹਿਤਕ ਰਸਾਲਿਆਂ, ਅਤੇ ਅਕਾਲੀ ਪਤ੍ਰਿਕਾ ਤੇ ਪੰਜਾਬ ਟਾਈਮਜ਼ ਤੋਂ ਲੈਕੇ ਪੰਜਾਬੀ ਟ੍ਰਿਬਿਊਨ ਅਖਬਾਰਾਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ।

ਅੱਜਕੱਲ ਡਾ. ਸੁਖਪਾਲ ਸੰਘੇੜਾ ਅਮਰੀਕਾ ਵਿੱਚ ਫਿਜ਼ਿਕਸ ਤੇ ਕੰਪਿਊਟਰ ਸਾਇੰਸ ਦਾ ਪ੍ਰੋਫ਼ੈਸਰ ਹੈ। ਅਧਿਆਪਣ ਤੇ ਖ਼ੋਜ ਤੋਂ ਇਲਾਵਾ ਉਹਦੇ ਜੀਵਨ ਲਖਸ਼ਾਂ ਵਿੱਚੋਂ ਇੱਕ ਹੈਃ ਦੁਨੀਆ ਵਿੱਚ ਵਿਗਿਆਨ, ਵਿਗਿਆਨਕ ਸੋਚ, ਤੇ ਤਰਕਸ਼ੀਲਤਾ ਦੀ ਲੋਅ ਨੂੰ ਵੱਧੋ ਵੱਧ ਮਨੁੱਖੀ ਸਿਰਾਂ ਤੱਕ ਪਹੁੰਚਾਉਣਾ।

ਜੇ ਕਿਹਾ ਤਾਂ:

**ਇੰਟਰਫ਼ੇਸਾਂ 'ਤੇ ਚੱਲਦਿਆਂ**
**ਇੰਟਰਫ਼ੇਸਾਂ ਨਾਲ ਲੜਦਿਆਂ**

ਇੰਟਰਫ਼ੇਸ ਇੱਕ ਬਿੰਦੂ ਜਾਂ ਜਗ੍ਹਾ ਹੈ ਜਿੱਥੇ ਦੋ ਚੀਜ਼ਾਂ ਜਾਂ ਸਿਸਟਮ ਮਿਲਦੇ, ਜੁਦਾ ਹੁੰਦੇ, ਜਾਂ ਪਰਸਪਰ ਕਿਰਿਆ ਕਰਦੇ ਨੇ। ਮਿਸਾਲ ਵਜੋਂ, ਹਰੇਕ ਗਿਆਨ ਖ਼ੇਤਰ ਦੁਆਲੇ ਇੱਕ ਘੇਰਾ, ਯਾਨੀ ਇੰਟਰਫ਼ੇਸ ਹੁੰਦਾ ਹੈ, ਜੋ ਉਸ ਨੂੰ ਗੁਆਂਢੀ ਗਿਆਨ ਖ਼ੇਤਰਾਂ ਤੋਂ ਜੁਦਾ ਕਰਦਾ ਹੈ; ਜਿਵੇਂ ਫਿਜ਼ਿਕਸ ਤੇ ਕੈਮਿਸਟਰੀ ਵਿਚਕਾਰਲਾ ਇੰਟਰਫ਼ੇਸ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਵੱਖ ਵੱਖ ਗਿਆਨ ਖ਼ੇਤਰ ਤੇ ਏਨ੍ਹਾਂ ਵਿਚਕਾਰ ਖਿੱਚੀਆਂ ਹੱਦਾਂ, ਯਾਨੀ ਇੰਟਰਫ਼ੇਸ, ਕੁਦਰਤ ਨੇ ਨਹੀਂ, ਬੰਦੇ ਨੇ ਬਣਾਏ ਨੇ, ਕੁਦਰਤ ਨੂੰ ਸਮਝਣ ਲਈ। ਇਹ ਇੰਟਰਫ਼ੇਸ ਬੰਦੇ ਵਲੋਂ ਕੁਦਰਤ ਬਾਰੇ ਜਾਣਨ ਦੀਆਂ ਤੇ ਜਾਣਨ ਢੰਗਾਂ ਦੀਆਂ ਸੀਮਾਵਾਂ ਤੇ ਕਮਜ਼ੋਰੀਆਂ ਦੀ ਹੀ ਤਰਜ਼ਮਾਨੀ ਨੇ।

ਪ੍ਰਾਚੀਨ ਕਾਲ ਵਿੱਚ ਸਾਰਾ ਗਿਆਨ ਹੀ, ਘੱਟੋ ਘੱਟ ਪੱਛਮ ਵਿੱਚ, ਫ਼ਲਸਫ਼ੇ ਦੇ ਨਾਂ ਥੱਲੇ ਪ੍ਰਾਪਤ ਤੇ ਇਕੱਤਰ ਕੀਤਾ ਜਾਂਦਾ ਸੀ। ਫ਼ਲਸਫ਼ੇ ਦੇ ਅਧਿਅਨ ਖ਼ੇਤਰ ਵਿੱਚ ਸਾਰੇ ਬੌਧਿਕ ਪ੍ਰਯਤਨ ਤੇ ਗਿਆਨ-ਵਿਸ਼ੇ ਸ਼ਾਮਲ ਸਨ, ਜਿਵੇਂ ਕਿ ਹੋਂਦ, ਮਨ, ਧਰਮ ਤੇ ਧਰਮ ਸ਼ਾਸਤਰ, ਤਰਕ, ਕੁਦਰਤ, ਬ੍ਰਹਿਮੰਡ ਸਣੇ ਭੌਤਿਕ ਵਿਗਿਆਨ, ਜੀਵ ਵਿਗਿਆਨ, ਆਦਿ। ਬੁਨਿਆਦੀ ਸੁਆਲ ਪੁੱਛੇ ਜਾਂਦੇ, ਅਤੇ ਜੁਆਬ ਲੱਭਣ ਵਿੱਚ ਦਰਪੇਸ਼ ਸਮੱਸਿਆਵਾਂ ਨੂੰ ਪ੍ਰਭਾਸ਼ਿਤ ਕਰਕੇ ਉਨ੍ਹਾਂ ਦਾ ਹੱਲ ਕੱਢਿਆ ਜਾਂਦਾ। ਉਦਾਹਰਣ ਦੇ ਤੌਰ 'ਤੇ ਫ਼ਿਲਾਸਫ਼ਰ ਅਰਸਤੂ (384-322 ਈਸਾ ਪੂਰਵ) ਦੁਨੀਆਂ ਦਾ ਪਹਿਲਾ ਭੌਤਿਕ ਵਿਗਿਆਨੀ ਵੀ ਮੰਨਿਆ ਜਾਂਦਾ ਹੈ। ਵਿਗਿਆਨ ਤੇ ਵਿਗਿਆਨੀ ਦੇ ਸੰਕਲਪ ਤਾਂ ਉੱਨੀਵੀਂ ਸਦੀ ਦੀ ਪੈਦਾਵਾਰ ਹਨ; ਪਹਿਲਾਂ ਸਦੀਆਂ ਤੀਕ ਵਿਗਿਆਨ ਨੂੰ ਕੁਦਰਤੀ ਫ਼ਲਸਫ਼ਾ ਕਿਹਾ ਜਾਂਦਾ ਸੀ ਤੇ ਵਿਗਿਆਨੀਆਂ ਨੂੰ ਕੁਦਰਤੀ ਫ਼ਿਲਾਸਫ਼ਰ। ਜਿਵੇਂ ਜਿਵੇਂ ਗਿਆਨ ਦਾ ਵਿਕਾਸ ਹੁੰਦਾ ਗਿਆ, ਗਿਆਨ ਦੇ ਵਿਸ਼ਿਆਂ ਤੇ ਹੱਲ ਕਰਨ ਵਾਲੀਆਂ ਸਮੱਸਿਆਵਾਂ ਦੀ ਗਿਣਤੀ ਵੱਧਦੀ ਗਈ, ਤੇ ਵੱਖ ਵੱਖ ਵਿਸ਼ਿਆਂ 'ਤੇ ਗਿਆਨ ਪ੍ਰਾਪਤੀ ਦੇ ਵੱਖ ਵੱਖ ਢੰਗ ਵਿਕਸਤ ਹੁੰਦੇ ਗਏ, ਤਿਵੇਂ ਤਿਵੇਂ ਹੀ ਬੰਦਾ ਲੋੜ ਮੁਤਾਬਕ ਗਿਆਨ ਨੂੰ ਵੱਖ ਵੱਖ ਖੇਤਰਾਂ ਵਿੱਚ ਵੰਡਦਾ ਗਿਆ।

ਪਤਾ ਨਹੀਂ, ਇਹ ਵਰ ਜਾਂ ਸਰਾਪ, ਜਾਂ ਸ਼ਾਇਦ ਦੋਨੋਂ ਹੀ, ਕਿ ਗਿਆਨ ਖ਼ੇਤਰਾਂ ਵਿਚਕਾਰਲੇ ਇੰਟਰਫ਼ੇਸਾਂ ਨੂੰ ਸਮਝਦਿਆਂ ਹੋਇਆ ਵੀ, ਮੈਨੂੰ ਇਨ੍ਹਾਂ ਦੀ ਭੋਰਾ ਭਰ ਵੀ ਰਸਮੀ ਕਦਰ ਨਹੀਂ ਰਹੀ ਹੈ। ਜਿਸ ਤਰ੍ਹਾਂ ਪੁਰਾਣੇ ਜ਼ਮਾਨੇ ਵਿੱਚ ਚੱਲਣ ਵਾਲੇ ਲੋਕ ਫ਼ਸਲਾਂ ਵਿੱਚੋਂ ਵੀ ਪਗਡੰਡੀਆ ਕੱਢ ਲੈਂਦੇ ਸਨ, ਗਿਆਨ ਦੇ ਰਸਤੇ 'ਤੇ ਚੱਲਦਿਆਂ, ਵਾਹ ਲੱਗਦੀ ਨੂੰ, ਮੇਰੇ ਰਾਹ 'ਚ ਆ ਗਏ ਇੰਟਰਫ਼ੇਸਾਂ ਉੱਪਰ ਚਲਦਿਆਂ, ਉਨ੍ਹਾਂ ਨੂੰ ਫ਼ਰੋਲਦਿਆਂ, ਤੇ ਉਨ੍ਹਾਂ ਨਾਲ ਦੋ-ਹੱਥ ਹੁੰਦਿਆਂ, ਮੈਂ ਅਕਸਰ ਧੁੱਸ ਦਿੰਦਾ ਜਾਂਦਾ ਹਾਂ। ਮੇਰੀਆਂ ਇਨ੍ਹਾਂ ਹਰਕਤਾਂ ਤੇ ਮਨੋਬਿਰਤੀ ਨੇ ਜਿੱਥੇ ਮੈਨੂੰ ਫਿਜ਼ਿਕਸ, ਕੈਮਿਸਟਰੀ, ਹਿਸਾਬ, ਜੀਵ-ਵਿਗਿਆਨ, ਤੇ ਕੰਪਿਊਟਰ ਸਾਇੰਸ ਵਿੱਚ ਡਿਗਰੀਆਂ ਕਮਾ ਦਿੱਤੀਆਂ ਨੇ; ਉਥੇ ਗੁਰੂ ਗਰੰਥ ਸਾਹਿਬ

ਦੇ ਨਾਲ ਨਾਲ ਗੀਤਾ, ਵੇਦ, ਬਾਈਬਲ, ਤੇ ਕੁਰਾਨ ਵੀ ਫ਼ਰੋਲਣ ਲਾ ਦਿੱਤਾ; ਤੇ ਗੁਰਧਾਮ ਯਾਤਰਾ ਦੇ ਨਾਲ ਨਾਲ ਤੀਰਥ ਯਾਤਰਾ ਵੀ ਕਰਾ ਦਿੱਤੀ, 'ਪਾਪ ਧੋਣ ਜਾਂ ਰੱਬ ਪਾਉਣ' ਦੀਆਂ ਭਾਵਨਾਵਾਂ ਨਾਲ ਨਹੀਂ, ਬਲਕਿ ਅਨੁਭੂਤੀ ਤੇ ਸਿੱਖਣ ਦੇ ਇਰਾਦੇ ਸੰਗ। ਇਸ ਮਨੋਬਿਰਤੀ ਸਦਕਾ, ਮੈਂ ਵੱਖ ਵੱਖ ਸਮੇਂ ਤੇ ਜਗ੍ਹਾ ਅਨੁਸਾਰ ਗੁਰਦੁਆਰਿਆਂ ਤੋਂ ਇਲਾਵਾ ਮੰਦਰਾਂ ਤੇ ਚਰਚਾਂ ਵਿੱਚ ਵੀ ਆਉਂਦਾ-ਜਾਂਦਾ ਰਿਹਾ ਹਾਂ; ਮਾਰਕਸ ਦੇ ਨਾਲ ਆਦਮ ਸਮਿੱਥ ਨੂੰ ਵੀ ਪੜ੍ਹਿਆ ਹੈ; ਤੇ ਮੇਰੀ ਸੋਚ ਨੇ ਜੇ ਗਰੀਕ ਫ਼ਲਸਫ਼ੇ ਦੀ ਧਾਰਾ ਵਿੱਚੋਂ ਘੁੱਟ ਭਰੇ ਨੇ, ਤਾਂ ਇਹਨੇ ਦੋ ਕਦਮ ਬੁੱਧ-ਫ਼ਲਸਫ਼ੇ ਸੰਗ ਵੀ ਪੁੱਟੇ ਨੇ। ਬੰਦਾ ਜਿੱਥੋਂ ਮਰਜ਼ੀ ਸ਼ੁਰੂ ਕਰੇ, ਉਹ ਅਵੇਰੇ-ਸਵੇਰੇ ਸੱਚ 'ਤੇ ਅੱਪੜ ਜਾਂਦਾ ਹੈ, ਜੇ ਚੱਲਣ ਦੀ ਦਿਸ਼ਾ ਠੀਕ ਹੋਵੇ ਤੇ ਇੰਟਰਫ਼ੇਸਾਂ ਨੂੰ ਪਛਾਣਿਆ ਉਨ੍ਹਾਂ ਸੰਗ ਦੋ-ਹੱਥ ਹੋਣ ਦਾ ਜੇਰਾ ਵੀ। ਇੰਟਰਫ਼ੇਸਾਂ ਸੰਗ ਦੋ-ਹੱਥ ਹੋਣ ਦੀ ਇੱਕ ਮੁੱਢਲੀ ਪ੍ਰਾਪਤੀ ਹੁੰਦੀ ਹੈ: ਇਸ ਗੱਲ ਦੀ ਅਨੁਭੂਤੀ ਕਿ ਬੰਦਾ ਜਿਤਨਾ ਜ਼ਿਆਦਾ ਗਿਆਨ ਪ੍ਰਾਪਤ ਕਰਦਾ ਹੈ, ਉਤਨਾਂ ਹੀ ਜ਼ਿਆਦਾ ਉਹਨੂੰ ਪਤਾ ਲੱਗਦਾ ਹੈ ਕਿ ਉਹ ਕਿਤਨਾ ਕੁਝ ਨਹੀਂ ਜਾਣਦਾ; ਯਾਨਿ ਕਿ ਗਿਆਨ ਦਾ ਰਸਤਾ ਆਪਣੇ ਅੰਦਰਲੇ ਅਗਿਆਨੀ ਨੂੰ ਖ਼ੋਜਣ ਦਾ ਵੀ ਰਸਤਾ ਹੈ। ਤਾਂਹੀਓ, ਗਿਆਨ ਦੇ ਰਸਤੇ ਵਾਲੇ ਨਿਮਰਤਾ ਵਿੱਚ ਹੀ ਗੌਰਵ ਲੱਭਦੇ ਨੇ: "ਨਿਵੇਂ ਸੋ ਗੌਰਾ ਹੋਏ"।

ਇੰਟਰਫ਼ੇਸਾਂ ਦਾ ਕੈਦੀ ਬੰਦਾ, ਇਸ ਕੈਦ ਦੇ ਅਹਿਸਾਸ ਦੀ ਗ਼ੈਰ-ਮੌਜੂਦਗੀ ਵਿੱਚ ਅਕਸਰ ਆਪਣੇ ਗਿਆਨ ਖ਼ੇਤਰ ਦੇ ਖ਼ੂਹ ਦਾ ਡੱਡੂ ਹੋ ਨਿਬੜਦਾ ਹੈ। ਇੱਕ ਖ਼ੂਹ ਦੇ ਡੱਡੂ ਬਣਕੇ ਜ਼ਿੰਦਗੀ ਕੱਟਣ ਦੇ ਲਾਭ ਵੀ ਹਨ ਤੇ ਨੁਕਸਾਨ ਵੀ। ਪਸੰਦ ਆਪੋ ਆਪਣੀ; ਮੈਨੂੰ ਇੱਕ ਹੀ ਖ਼ੂਹ ਵਿੱਚ ਰਹਿਣਾ ਕਦੀ ਪ੍ਰਵਾਨ ਨਹੀਂ ਹੋਇਆ; ਖ਼ੂਹ ਖ਼ੂਹ ਦਾ ਪਾਣੀ ਪੀਣਾ, ਤੇ ਇੰਟਰਫ਼ੇਸਾਂ ਨਾਲ ਦੋ ਹੱਥ ਹੋਣਾ ਚੰਗਾ ਲੱਗਦਾ ਹੈ। ਨਾਲੇ, ਇੰਟਰਫ਼ੇਸਾਂ ਵਿੱਚ ਅਕਸਰ ਕੁਦਰਤ ਦੇ ਬੜੇ ਰੌਚਕ, ਅਕਸਮਾਤ(unexpected), ਦੁਰਲੱਭ, ਤੇ ਕਿਤੇ ਕਿਤੇ ਕਰਾਮਾਤੀ ਸੱਚ ਜਾਂ ਭੇਤ ਬੰਦ ਹੁੰਦੇ ਨੇ, ਜੋ ਇੰਟਰਫ਼ੇਸਾਂ ਨੂੰ ਪੂਜਦਿਆਂ ਨਹੀਂ, ਬਲਕਿ ਉਨ੍ਹਾਂ ਉੱਪਰ ਚੱਲਦਿਆਂ, ਉਨ੍ਹਾਂ ਨੂੰ ਫ਼ਰੋਲਦਿਆਂ, ਤੇ ਉਨ੍ਹਾਂ ਵਿੱਚੋਂ ਦੀ ਲੰਘਦਿਆਂ ਹੀ ਖ਼ੁੱਲ੍ਹਦੇ ਨੇ।

ਉਂਝ ਮੈਂ ਇਹ ਕਿਸੇ ਅਗਾਊਂ ਬਣਾਈਂ ਯੋਜਨਾ ਤਹਿਤ ਨਹੀਂ ਕੀਤਾ, ਪਰ ਹੁਣ ਵੇਖੀਏ ਤਾਂ, ਇਸ ਕਿਤਾਬ ਦੀ ਸਮੱਗਰੀ ਵੀ ਲਗਾਤਾਰ ਇੰਟਰਫ਼ੇਸਾਂ ਨਾਲ ਦੋ-ਹੱਥ ਹੁੰਦੀ ਹੈ। ਮਿਸਾਲ ਵਜੋਂ, ਇਸ ਕਿਤਾਬ ਦੇ ਅਧਿਆਏ 4 ਦੀ ਸਮੱਗਰੀ ਅਧਿਆਤਮਵਾਦ ਤੇ ਵਿਗਿਆਨ ਵਿਚਕਾਰਲੇ ਇੰਟਰਫ਼ੇਸ ਦੇ ਆਰ-ਪਾਰ ਨਿੱਕਲ ਜਾਂਦੀ ਹੈ, ਅਤੇ ਅਧਿਆਤਮਵਾਦ ਤੇ ਵਿਗਿਆਨ ਹੱਥ ਮਿਲਾਉਂਦੇ ਜਾਪਦੇ ਨੇ। ਇੱਥੋਂ ਤੱਕ ਕਿ ਇਸ ਕਿਤਾਬ ਦਾ ਵਿਸ਼ਾ ਹੀ ਇੰਟਰਫ਼ੇਸਾਂ 'ਤੇ ਆਧਾਰਿਤ ਹੈ: ਪੰਜਾਬ ਜਾਗਰਤੀ ਲਹਿਰ ਵਿਚਲੀਆਂ ਤਿੰਨ ਲਹਿਰਾਂ (ਸਿੱਖ ਲਹਿਰ, ਭਗਤੀ ਲਹਿਰ, ਤੇ ਸੂਫੀ ਲਹਿਰ) ਦੇ ਵਿਚਕਾਰਲੇ ਇੰਟਰਫ਼ੇਸ, ਅਤੇ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਜਾਗਰਿਤੀ ਲਹਿਰ ਦੇ ਵਿਚਕਾਰਲਾ ਇੰਟਰਫ਼ੇਸ।

ਨੌਂ ਅਧਿਆਵਾਂ ਵਾਲੀ ਇਸ ਕਿਤਾਬ ਵਿੱਚ ਮੱਧਕਾਲੀ ਯੁੱਗ ਵਿੱਚ ਚੱਲੀ ਪੰਜਾਬ ਜਾਗਰਤੀ ਲਹਿਰ ਦੀ ਉਸੇ ਸਮੇਂ ਯੂਰਪ ਵਿੱਚ ਚੱਲੀ ਰੇਨਾਸਾਂਸ ਜਾਗਰਤੀ ਲਹਿਰ ਨਾਲ ਗੰਭੀਰਤਾ ਸਹਿਤ ਤੁਲਨਾ ਕੀਤੀ ਗਈ; ਪੰਜਾਬ ਦੇ ਇਤਿਹਾਸ ਵਿੱਚੋਂ ਇਸ ਭਾਗ ਨੂੰ ਵਿਸ਼ਵ ਪ੍ਰਸੰਗ ਵਿੱਚ ਰੱਖ ਕੇ, ਇਹਤੋਂ ਸਬਕ ਸਿੱਖਣ ਲਈ। ਪੰਜਾਬ ਜਾਗਰਤੀ ਲਹਿਰ ਤੇ ਇਸ ਤੁਲਨਾ ਦੀ ਰੌਸ਼ਨੀ ਵਿੱਚ ਇਸ ਲਹਿਰ ਦੇ ਬਾਅਦ, ਹੁਣ ਤੱਕ, ਪੰਜਾਬ ਦੇ ਹਾਲਾਤਾਂ ਦੇ ਕੁਝ ਪੱਖਾਂ ਨੂੰ ਵੀ ਵਿਚਾਰਿਆ ਗਿਆ ਹੈ। ਇਸ ਤੁਲਨਾਤਮਿਕ ਅਧਿਅਨ ਤੇ ਵਿਸਲੇਸ਼ਣ ਦੇ ਘੇਰੇ ਵਿੱਚ ਵੀ ਪੱਛਮ ਦੇ ਆਧੁਨਿਕ ਯੁੱਗ ਤੇ ਪੰਜਾਬ ਦੇ ਹੁਣ ਦੇ ਯੁੱਗ ਵਿੱਚੋਂ ਵਾਜਬ ਅੰਸ਼ ਵੀ ਆ ਜਾਂਦੇ ਹਨ। ਜਿਵੇਂ ਅਸੀਂ ਦੇਖਾਂਗੇ, ਇਹ ਵਿਸਲੇਸ਼ਣ ਸਪੱਸ਼ਟ ਤੌਰ 'ਤੇ ਦਿਖਾਉਦਾ ਹੈ ਕਿ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਜਾਗਰਿਤੀ ਲਹਿਰ ਮੂਲ ਰੂਪ ਵਿੱਚ ਸਾਂਝੇ ਉਦੇਸ਼ਾਂ ਵਾਲੀਆਂ ਦੋ ਮਾਨਵਵਾਦੀ ਲਹਿਰਾਂ ਸਨ। ਇਸ ਤਰ੍ਹਾਂ, ਇਸ ਪੁਸਤਕ ਦਾ ਵਿਸ਼ਾ ਬੜੀ ਦਿਲਚਸਪ ਪਰਿਸਥਿਤੀ ਪੇਸ਼ ਕਰਦਾ ਹੈ: ਇੱਕੋ ਜਿਹੇ ਚੱਜਾਂ, ਤੱਤਾਂ/ ਅੰਸ਼ਾਂ, ਕੰਮਾਂ, ਤੇ ਉਦੇਸ਼ਾਂ ਵਾਲੀਆਂ ਦੋ ਸਮਕਾਲੀ ਲਹਿਰਾਂ ਚੱਲੀਆਂ; ਇੱਕ, ਯਾਨੀ ਯੂਰਪੀਅਨ ਰੇਨਾਸਾਂਸ ਲਹਿਰ, ਯੂਰਪ ਨੂੰ ਮਨੁੱਖੀ ਇਤਿਹਾਸ ਦੇ ਰਾਹ ਉੱਪਰ ਅੱਗੇ ਵਧਾਉਣ ਵਿੱਚ ਕਾਮਯਾਬ ਹੋ ਜਾਂਦੀ ਹੈ, ਅਤੇ ਦੂਸਰੀ, ਜਾਨਿ ਪੰਜਾਬ ਜਾਗਰਤੀ ਲਹਿਰ, ਪੰਜਾਬ ਨੂੰ ਉਸ ਤਰ੍ਹਾਂ ਹੀ ਅੱਗੇ ਵਧਾਉਣ ਵਿੱਚ ਬੁਰੀ ਤਰ੍ਹਾਂ ਫ਼ੇਲ੍ਹ। ਉਦਾਹਰਣ ਵਜੋਂ, ਰੇਨਾਸਾਂਸ ਲਹਿਰ ਨੇ ਯੂਰਪ ਨੂੰ ਮੱਧਕਾਲੀਨ ਯੁੱਗ ਵਿੱਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ, ਪਰ ਪੰਜਾਬ ਵਿੱਚ ਇਸ ਵਰਗਾ ਕੁਝ ਨਾ ਹੋਇਆ। ਐਸਾ ਕਿਉਂ? ਜੇ ਗੁਰੂ ਨਾਨਕ ਦੇ ਜਨਮ ਤੋਂ ਸਾਢੇ ਪੰਜ ਸਦੀਆਂ ਬਾਅਦ ਵੀ ਅਸੀਂ ਜੇ ਡਾਂਗ ਵਾਂਗ ਖੜ੍ਹਾ ਇਹ ਪ੍ਰਸ਼ਨ ਨਹੀਂ ਪੁੱਛਦੇ, ਤਾਂ ਆਉਣ ਵਾਲੀਆਂ ਪੀੜ੍ਹੀਆਂ ਲਾਹਣਤਾਂ ਪਾਉਣ ਵਰਗਾ ਕਿੰਤੂ ਕਰਨਗੀਆਂ ਕਿ ਅਸੀਂ ਅਜੇਹੇ ਵਾਜਬ ਪ੍ਰਸ਼ਨ ਕਿਉਂ ਨਾ ਪੁੱਛੇ। ਉਪਰੋਤਕ ਕੇਂਦਰੀ ਸੁਆਲ ਦੇ ਜੁਆਬ ਦੀ ਖੋਜ ਵਿੱਚ ਤਰਕਸ਼ੀਲ ਢੰਗ ਸੋਚਦਿਆਂ ਕਈ ਉਪ-ਸੁਆਲ ਖੜ੍ਹੇ ਹੋਣ ਲੱਗਦੇ ਨੇ। ਉਦਾਹਰਣ ਵਜੋਂ: ਰੇਨਾਂਸਾਂਸ ਦੇ ਵਾਰਿਸ, ਅਮਰੀਕੀ ਫ਼ੌਜ ਦੇ ਕਮਾਂਡਰ, ਜੌਰਜ ਵਾਸ਼ਿੰਗਟਨ, ਨੇ ਇੰਗਲੈਂਡ ਖ਼ਿਲਾਫ ਆਜ਼ਾਦੀ ਦਾ ਯੁੱਧ ਜਿੱਤਣ ਬਾਅਦ ਆਪਣੇ ਆਪ ਨੂੰ ਬਾਦਸ਼ਾਹ ਐਲਾਨਣ ਦੀ ਬਜਾਏ ਅਮਰੀਕਾ ਵਿੱਚ ਜਮਹੂਰੀਅਤ ਲਾਗੂ ਕਰਨ ਦਾ ਐਲਾਨ ਕਰ ਦਿੱਤਾ, ਪਰ ਉਸ ਤੋਂ ਕਰੀਬ ਦਹਾਕਾ ਬਾਅਦ ਵੀ ਪੰਜਾਬ ਜਾਗਰਤੀ ਲਹਿਰ ਦਾ ਵਾਰਿਸ ਰਣਜੀਤ ਸਿੰਘ ਮੌਕਾ ਮਿਲਣ 'ਤੇ ਜਮਹੂਰੀਅਤ ਲਾਗੂ ਕਰਨ ਦਾ ਐਲਾਨ ਕਰਨ ਦੀ ਬਜਾਏ ਆਪਣੇ ਸਿਰ 'ਤੇ ਮੱਧਯੁੱਗੀ ਕਲਗੀ ਸਜਾ ਕੇ ਮਿਸਲਦਾਰ ਰਣਜੀਤ ਸਿੰਘ ਤੋਂ ਮਹਾਂਰਾਜਾ ਰਣਜੀਤ ਸਿੰਘ ਬਣ ਗਿਆ। ਐਸਾ ਕਿਉਂ? ਕਿਉਂ ਅਜੋਕੇ ਪੰਜਾਬ ਵਿੱਚ ਥਾਂ ਥਾਂ ਗੁਰਦਵਾਰੇ ਹੋਣ ਦੇ ਬਾਵਜੂਦ ਵੀ ਪੰਜਾਬ ਦੀ ਹਾਲਤ ਕਈ ਪੱਖਾਂ ਤੋਂ ਗੁਰੂ ਨਾਨਕ ਦੇ ਪਹਿਲਾਂ ਵਾਲੇ ਮੱਧਯੁੱਗੀ ਪੰਜਾਬ ਵਰਗੀ ਹੀ ਹੈ? ਮਿਸਾਲ ਵਜੋਂ, ਜਿਹਨਾਂ ਬ੍ਰਾਹਮਣਵਾਦੀ ਕੁਰੀਤੀਆਂ ਤੇ ਪਾਖ਼ੰਡਾਂ ਦਾ ਗੁਰੂਆਂ ਸਣੇ ਪੰਜਾਬ ਜਾਗਰਤੀ ਲਹਿਰ ਦੇ ਸੰਚਾਲਕਾਂ ਨੇ ਵਿਰੋਧ ਕੀਤਾ, ਉਹ ਜਿਉਂ ਦੀ ਤਿਉਂ ਹੀ ਜਾਂ ਕੁਛ ਕੁਛ ਬਦਲੇ ਰੂਪਾਂ ਵਿੱਚ ਅੱਜ ਵੀ

ਬਰਕਰਾਰ ਨੇ। ਇਨ੍ਹਾਂ ਸੁਆਲਾਂ ਸਮੇਤ ਹੋਰ ਬਥੇਰੇ ਸੁਆਲ ਪੁੱਛੇ 'ਤੇ ਜੁਆਬ ਖ਼ੋਜੇ ਗਏ ਹਨ, ਇਸ ਕਿਤਾਬ ਵਿੱਚ।

ਅਧਿਆਏ 1 ਵਿੱਚ ਤੁਹਾਡਾ ਪਰਿਚੈ ਮੱਧਯੁੱਗ ਵਿੱਚ ਚੱਲੀਆਂ ਦੋ ਸਮਕਾਲੀ ਲਹਿਰਾਂ ਨਾਲ ਕਰਵਾਇਆ ਗਿਆ ਹੈ: 1) ਪੰਜਾਬ ਦੀ ਜਾਗਰਤੀ ਲਹਿਰ, ਜਿਸ ਵਿੱਚ ਸਿੱਖ ਗੁਰੂਆਂ ਦੀ ਲਹਿਰ, ਭਗਤੀ ਲਹਿਰ, ਤੇ ਸੂਫ਼ੀ ਲਹਿਰ ਸ਼ਾਮਲ ਸਨ, ਅਤੇ 2) ਯੂਰਪ ਵਿੱਚ ਰੇਨਾਸਾਂਸ ਦੌਰਾਨ ਚੱਲੀ ਮਾਨਵਵਾਦੀ ਲਹਿਰ। ਅਸੀਂ ਪੰਜਾਬ ਜਾਗਰਤੀ ਲਹਿਰ ਵਿੱਚ ਸ਼ਰੀਕ ਉਪ-ਲਹਿਰਾਂ ਵਿੱਚਕਾਰ ਅਤੇ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਮਾਨਵਵਾਦ ਲਹਿਰ ਵਿੱਚਕਾਰ ਮੁੱਖ ਸਾਂਝੇ ਲੱਛਣਾਂ ਨੂੰ ਪਹਿਚਾਣਦੇ ਤੇ ਵਿਚਾਰਦੇ ਹਾਂ। ਇਸ ਅਧਿਅਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਿਵੇਂ ਪੰਜਾਬ ਜਾਗਰਤੀ ਲਹਿਰ ਇੱਕ ਮਾਨਵਵਾਦ ਲਹਿਰ ਸੀ। ਇਨ੍ਹਾਂ ਲਹਿਰਾਂ ਵਿੱਚ ਇਸੇ ਸਾਂਝ ਦੇ ਹਵਾਲੇ ਨਾਲ ਇੱਕ ਵਾਜਬ ਸੁਆਲ ਉਠਾਇਆ ਗਿਆ ਹੈ: ਜਿਸ ਤਰ੍ਹਾਂ ਯੂਰਪੀਅਨ ਰੇਨਾਸਾਂਸ ਲਹਿਰ ਦੌਰਾਨ 'ਰੇਨਾਸਾਂਸ ਮੈਨ' ਪੈਦਾ ਹੋਇਆ ਜੋ ਯੂਰਪ ਨੂੰ ਆਧੁਨਿਕ ਯੁੱਗ ਵੱਲ ਲੈ ਲਿਆ, ਕੀ ਉਸੇ ਤਰ੍ਹਾਂ ਪੰਜਾਬ ਜਾਗਰਤੀ ਲਹਿਰ ਦੌਰਾਨ ਪੰਜਾਬ ਵਿੱਚ 'ਰੇਨਾਸਾਂਸ ਮੈਨ' ਪੈਦਾ ਹੋਇਆ ਜੋ ਪੰਜਾਬ ਨੂੰ ਆਧੁਨਿਕ ਯੁੱਗ ਵੱਲ ਲਿਜਾ ਸਕਦਾ? ਕਈ ਅਧਿਆਵਾਂ ਵਿੱਚ ਅਸੀਂ ਇਸ ਸੁਆਲ ਤੇ ਇਹਤੋਂ ਉਪਜੇ ਉਪ-ਸੁਆਲਾਂ ਨਾਲ ਨਜਿੱਠਦੇ ਹਾਂ।

ਯੂਰਪ ਦੇ ਮੱਧਯੁੱਗ ਵਿੱਚੋਂ ਨਿਕਲ ਕੇ ਆਧੁਨਿਕ ਯੁੱਗ ਵਿੱਚ ਪੈਣ ਨਾਲ ਨਾਲ ਹੀ ਰੇਨਾਸਾਂਸ ਮਾਨਵਵਾਦ ਲਹਿਰ ਹੌਲੀ ਹੌਲੀ ਆਧੁਨਿਕ ਮਾਨਵਵਾਦ ਲਹਿਰ ਵਿੱਚ ਵਿਕਸਤ ਹੋ ਗਈ। ਅਧਿਆਏ 2 ਮੱਧਕਾਲੀ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਮਾਨਵਵਾਦ ਲਹਿਰ ਨੂੰ ਆਧੁਨਿਕ ਮਾਨਵਵਾਦ ਦੇ ਪ੍ਰਸੰਗ ਵਿੱਚ ਵਿਚਾਰਦਾ ਹੈ। ਵਿਚਾਰੇ ਗਏ ਤੱਤਾਂ ਵਿੱਚ ਸ਼ਾਮਲ ਨੇ: 'ਮਨੁੱਖੀ ਬਰਾਬਰੀ' ਵਿੱਚ 'ਮਰਦ-ਔਰਤ ਬਰਾਬਰੀ' ਦੀ ਸ਼ਮੂਲੀਅਤ', ਔਰਤ ਦਾ ਦਰ੍ਹਾਂਡਾ, ਜਾਤ-ਪਾਤ, ਤੇ ਧਾਰਮਿਕ ਕੁਰੀਤੀਆਂ ਅਤੇ ਪਾਖੰਡ। ਇਹ ਦਿਖਾਉਂਦੇ ਹੋਏ ਕਿ ਇਨ੍ਹਾਂ ਵਿੱਚੋ ਕੁਛ ਮਸਲਿਆਂ ਨੂੰ ਹੱਥ ਪਾਉਣ ਵਿੱਚ 'ਪੰਜਾਬ ਜਾਗਰਤੀ ਲਹਿਰ' ਯੂਰਪ ਵਿਚਲੀ ਸਮਕਾਲੀ 'ਰੇਨਾਸਾਂਸ' ਲਹਿਰ ਤੋਂ ਦੋ ਕਦਮ ਅੱਗੇ ਸੀ, ਇਹ ਵਾਜਬ ਸੁਆਲ ਉਠਾਇਆ ਗਿਆ ਹੈ: ਕਿਉਂ ਰੇਨਾਸਾਂਸ ਤੋਂ ਬਾਅਦ ਯੂਰਪ ਅੱਗੇ ਵਧਦਾ ਗਿਆ, ਪਰ ਆਪਣੀ ਜਾਗਰਤੀ ਲਹਿਰ ਤੋਂ ਬਾਅਦ ਪੰਜਾਬ ਯੂ-ਟਰਨ (ਕੂਹਣੀ-ਮੋੜ) ਮਾਰ ਗਿਆ? ਇਸ ਸੁਆਲ ਦਾ ਜੁਆਬ ਅਗਲੇ ਅਧਿਆਵਾਂ ਵਿੱਚ ਹੌਲੀ ਹੌਲੀ ਲੱਭਿਆ ਜਾਂਦਾ ਹੈ।

ਆਧੁਨਿਕ ਯੁੱਗ ਦੇ ਮੁੱਖ ਲੱਛਣਾਂ ਤੇ ਕਦਰਾਂ ਕੀਮਤਾਂ ਨੂੰ ਆਧੁਨਿਕਤਾ ਕਿਹਾ ਜਾਂਦਾ ਹੈ। ਆਧੁਨਿਕ ਮਾਨਵਵਾਦ ਤੇ ਆਧੁਨਿਕਤਾ ਦੋ ਆਪਸੀ-ਸਬੰਧਿਤ ਸੰਕਲਪ ਹਨ, ਪਰ ਸਮਾਨ (identical) ਨਹੀਂ। ਅਧਿਆਏ 3 ਵਿੱਚ, ਅਸੀਂ ਪੰਜਾਬ ਜਾਗਰਤੀ ਲਹਿਰ ਨੂੰ ਵਿਸ਼ਵ ਆਧੁਨਿਕਤਾ ਦੇ ਪ੍ਰਸੰਗ ਵਿੱਚ ਵਿਚਾਰਦੇ ਹਾਂ। ਅਸੀਂ ਸੰਖੇਪ ਵਿੱਚ ਦਿਖਾਉਂਦੇ ਹਾਂ ਕਿ ਕਿੰਝ ਯੂਰਪ ਵਿੱਚ ਰੇਨਾਸਾਂਸ ਤੋਂ ਬਾਅਦ ਯੂਰਪ ਤੇ ਅਮਰੀਕਾ ਵਿੱਚ ਆਧੁਨਿਕ ਯੁੱਗ ਸ਼ੁਰੂ ਹੋਇਆ ਤੇ ਵਿਸ਼ਵ ਆਧੁਨਿਕਤਾ ਤੇ ਇਹਦੀਆਂ ਕਦਰਾਂ ਕੀਮਤਾਂ

ਵਿਕਸਤ ਹੋਣ ਲੱਗੀਆਂ। ਫਿਰ, ਇਸ ਚਰਚਾ ਵਿੱਚ ਦਿਖਾਇਆ ਗਿਆ ਹੈ ਕਿ ਕਿੰਝ ਮੱਧਕਾਲੀ ਯੁੱਗ ਵਿੱਚ ਚੱਲੀ ਪੰਜਾਬ ਜਾਗਰਤੀ ਲਹਿਰ ਨੇ ਕਈ ਉਨ੍ਹਾਂ ਕਦਰਾਂ-ਕੀਮਤਾਂ ਦੀ ਡਟ ਕੇ ਹਿਮਾਇਤ, ਪ੍ਰੋੜਤਾ, ਤੇ ਰਾਖੀ ਕੀਤੀ, ਜੋ ਬਾਅਦ ਵਿੱਚ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਬਣ ਗਈਆਂ। ਇਨ੍ਹਾਂ ਵਿੱਚੋਂ ਕੁਝ ਹਨ: ਆਰਥਿਕ ਗ਼ਰੀਬੀ/ਅਮੀਰੀ ਆਦਿ ਦੇ ਆਧਾਰ ਦਰ੍ਹਾਂਡੇ ਦਾ ਵਿਰੋਧ; ਰਾਜਿਆਂ ਤੇ ਧਾਰਮਿਕ ਆਗੂਆਂ ਵਲੋਂ ਲੋਕਾਂ ਉੱਪਰ ਢਾਏ ਜ਼ੁਲਮ ਤੇ ਉਨ੍ਹਾਂ ਦੀ ਲੁੱਟ-ਖਸੁੱਟ ਦਾ ਵਿਰੋਧ, ਤੇ ਇੰਝ ਮਨੁੱਖੀ ਆਤਮ-ਸਨਮਾਨ ਤੇ ਨਿਆਂ ਉੱਤੇ ਪਹਿਰਾ; ਜਨਤੰਤਰ (ਜਮਹੂਰੀਅਤ) ਦੀ ਵਕਾਲਤ; ਗ਼ੁਲਾਮੀ ਦਾ ਵਿਰੋਧ, ਆਦਿ।

ਅਗਲੇ ਅਧਿਆਵਾਂ ਵਾਂਗ, ਪਹਿਲੇ ਤਿੰਨ ਅਧਿਆਵਾਂ ਦੀ ਸਮੱਗਰੀ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਜਾਗਰਿਤੀ ਲਹਿਰ ਦੇ ਵਿਚਕਾਰਲੇ ਇੰਟਰਫ਼ੇਸ ਦੇ ਆਰ-ਪਾਰ ਲੰਘਦੀ ਹੈ। ਅਧਿਆਏ 2 ਇਹ ਵੀ ਦਿਖਾਉਂਦਾ ਹੈ ਕਿ ਅਧਿਆਤਮਵਾਦ ਤੇ ਵਿਗਿਆਨ ਦੇ ਇੰਟਰਫ਼ੇਸ ਨਾਲ ਰੇਨਾਸਾਂਸ ਮਾਨਵਵਾਦ ਲਹਿਰ ਕਿੰਝ ਨਜਿੱਠਦੀ ਹੈ। ਅਧਿਆਤਮਵਾਦ ਤੇ ਵਿਗਿਆਨ ਦੇ ਇੰਟਰਫ਼ੇਸ 'ਤੇ ਸਰਗਰਮੀ ਅਧਿਆਏ 4 ਵਿੱਚ ਚਰਮ ਸੀਮਾ 'ਤੇ ਪਹੁੰਚ ਜਾਂਦੀ ਹੈ, ਜਦੋਂ ਗੁਰਬਾਣੀ ਦੇ ਮੂਲ ਮੰਤਰ ਦੀ ਤੁਲਨਾ ਵਿਗਿਆਨ ਦੇ ਇੱਕ ਕੇਂਦਰੀ ਮੂਲ ਸਿਧਾਂਤ ਨਾਲ ਕੀਤੀ ਜਾਂਦੀ ਹੈ। ਗੁਰਬਾਣੀ ਦੇ ਮੂਲ ਮੰਤਰ ਇਲਾਵਾ, ਅਸੀਂ ਪੰਜਾਬ ਜਾਗਰਤੀ ਲਹਿਰ ਦੇ ਤਰਕ, ਵਿਗਿਆਨ, ਤੇ ਵਿਗਿਆਨਕ ਸੋਚ ਨਾਲ ਰਿਸ਼ਤੇ ਦੀ ਵਿਸਤਾਰਤ ਜਾਂਚ ਕਰਦੇ ਹਾਂ, ਅਧਿਆਏ 5 ਵਿੱਚ, ਜਿੱਥੇ ਅਸੀਂ ਗੁਰਬਾਣੀ ਦਾ ਵਿਗਿਆਨਕ ਕੋਡ ਸ਼ਬਦ ਤੇ ਕੋਡ-ਕੁੰਜੀ ਪੇਸ਼ ਕਰਦੇ ਹਾਂ, ਜਿਨ੍ਹਾਂ ਦੇ ਲਾਗੂ ਕੀਤਿਆਂ ਗੁਰਬਾਣੀ ਵਿੱਚ ਅਨੇਕਾਂ ਅਧਿਆਤਮਵਾਦ ਦੇ ਘੇਰੇ ਵਿੱਚਲੀਆਂ ਤੁਕਾਂ ਤੇ ਖ਼ਿਆਲ ਵੀ ਸ਼ੁੱਧ ਵਿਗਿਆਨਕ ਤੁਕਾਂ ਤੇ ਵਿਗਿਆਨਕ ਖ਼ਿਆਲਾਂ ਵਿੱਚ ਵਟ ਜਾਂਦੇ ਹਨ। ਅਧਿਆਏ 4 ਤੇ ਅਧਿਆਏ 5 ਇਹ ਦਿਖਾਉਂਦੇ ਨੇ ਕਿ ਅਧਿਆਤਮਵਾਦ ਦੇ ਘੇਰੇ ਵਿੱਚ ਵੀ ਵਿਗਿਆਨਕ ਸੋਚ ਗੁਰੂ ਨਾਨਕ ਦੀ ਸਮੁੱਚੀ ਵਿਚਾਰਧਾਰਾ ਦਾ ਹਿੱਸਾ ਸੀ।

ਗੁਰੂ ਨਾਨਕ ਦੇ 550ਵੇਂ ਜਨਮ ਦਿਵਸ ਦੇ ਸਾਲ, ਅਨੇਕਾਂ ਪੰਜਾਬੀ ਚਿੰਤਕਾਂ ਨੇ ਫ਼ਲਸਫ਼ੇ ਤੇ ਵਿਗਿਆਨ ਦੇ ਕੁਝ ਸੰਕਲਪਾਂ ਨੂੰ ਰਲਗੱਡ ਕਰਦੇ ਹੋਏ ਬੜੇ ਅਜੀਬ ਦਾਅਵੇ ਕੀਤੇ ਨੇ, ਜਿਵੇਂ ਗੁਰਬਾਣੀ ਵਿਗਿਆਨ ਹੈ ਤੇ ਗੁਰੂ ਵਿਗਿਆਨੀ। ਭਾਵੇਂ ਇਹ ਵਿਸ਼ਾ ਮੁੱਦੇ ਦੇ ਤੌਰ ਇਸ ਕਿਤਾਬ ਦੇ ਘੇਰੇ ਵਿੱਚ ਨਹੀਂ ਆਉਂਦਾ, ਪਰ ਯੂਰਪ ਦੀ ਰੇਨਾਸਾਂਸ ਲਹਿਰ ਤੇ ਇਹਦੇ ਨਾਲ ਲੱਗਵੀਂ ਪ੍ਰਬੋਧਨ (enlightment) ਲਹਿਰ ਇਸ ਕਿਤਾਬ ਦੇ ਘੇਰੇ ਵਿੱਚ ਆਉਂਦੀਆਂ ਨੇ, ਤੇ ਇਨ੍ਹਾਂ ਲਹਿਰਾਂ ਵਿੱਚ ਫ਼ਲਸਫ਼ੇ ਦੇ ਨਾਲ ਨਾਲ ਵਿਗਿਆਨ ਨੇ ਵੀ ਮਹੱਤਵਪੂਰਨ ਰੋਲ ਨਿਭਾਇਆ। ਸੋ, ਉਕਤ ਚਿੰਤਕਾਂ ਪੈਦਾ ਕੀਤੇ ਇਸ ਰਲਗੱਡ ਮਾਹੌਲ ਵਿੱਚ ਫ਼ਲਸਫ਼ੇ ਤੇ ਵਿਗਿਆਨ ਦੇ ਕੁਝ ਸੰਕਲਪਾਂ ਨੂੰ ਸਪਸ਼ਟ ਕਰਨਾ ਜ਼ਰੂਰੀ ਹੈ। ਇਸ ਲਈ, ਅਸੀਂ ਅਧਿਆਏ 6 ਵਿੱਚ ਫ਼ਲਸਫ਼ੇ, ਅਧਿਆਤਮਵਾਦੀ/ਆਦਰਸ਼ਵਾਦੀ ਫ਼ਲਸਫ਼ੇ, ਵਿਗਿਆਨ, ਵਿਗਿਆਨਕ ਵਿਧੀ, ਵਿਗਿਆਨਕ ਸੋਚ, ਆਦਿ ਸੰਕਲਪਾਂ ਦੀ ਵਿਆਖਿਆ

ਕਰਦੇ ਹੋਏ ਇਨ੍ਹਾਂ ਆਪਸੀ ਸਬੰਧਿਤ ਪਰ ਅਲੱਗ ਸੰਕਲਪਾਂ ਜਾਂ ਵਿਸ਼ਿਆਂ ਵਿਚਕਾਰ ਸਪਸ਼ਟ ਨਿਖ਼ੇੜਾ ਪੇਸ਼ ਕਰਦੇ ਹਾਂ।

ਕਿਉਂਕਿ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਲਹਿਰ ਇੱਕੋ ਜਿਹੇ ਢੱਜਾਂ, ਤੱਤਾਂ/ਅੰਸ਼ਾਂ, ਕੰਮਾਂ, ਤੇ ਉਦੇਸ਼ਾਂ ਵਾਲੀਆਂ ਦੋ ਸਮਕਾਲੀ ਲਹਿਰਾਂ ਸਨ, ਇਸ ਲਈ ਪੰਜਾਬ ਤੇ ਯੂਰਪ ਦੀ ਮੌਜੂਦਾ ਅਵਸਥਾ ਤੋਂ ਸ਼ੁਰੂ ਕਰਕੇ, 'ਪੁੱਠੀ ਇੰਜੀਨੀਅਰਿੰਗ' ਤਕਨੀਕ ਦੀ ਮਦਦ ਨਾਲ ਤੁਲਨਾਤਮਕ ਵਿਸਲੇਸ਼ਣ ਕਰਦੇ ਹੋਏ, ਇਨ੍ਹਾਂ ਦੋ ਲਹਿਰਾਂ ਦੀਆਂ ਜਿੱਤਾਂ ਜਾਂ ਹਾਰਾਂ ਦੇ ਮੁੱਖ ਲੱਛਣਾਂ ਦੀ ਪਹਿਚਾਣ ਤੇ ਜਾਂਚ-ਪੜਤਾਲ ਕੀਤੀ ਜਾ ਸਕਦੀ ਹੈ। ਅਧਿਆਏ 7 ਵਿੱਚ ਇਹ ਸੱਭ ਕੀਤਾ ਗਿਆ ਹੈ। ਏਸ ਵਿਸਲੇਸ਼ਣ ਦਾ ਬੜਾ ਦਿਲਚਸਪ ਤੇ ਹੈਰਾਨ-ਭਰਿਆ ਨਤੀਜਾ ਨਿੱਕਲਦਾ ਹੈ: ਇੱਕੋ ਜਿਹੇ ਢੱਜਾਂ, ਤੱਤਾਂ/ਅੰਸ਼ਾਂ, ਕੰਮਾਂ, ਤੇ ਉਦੇਸ਼ਾਂ ਵਾਲੀਆਂ ਦੋ ਸਮਕਾਲੀ ਲਹਿਰਾਂ ਚੱਲੀਆਂ; ਇੱਕ, ਯਾਨੀ ਰੇਨਾਸਾਂਸ ਲਹਿਰ, ਕਾਮਯਾਬ ਹੋ ਜਾਂਦੀ ਹੈ, ਅਤੇ ਦੂਸਰੀ, ਜਾਨਿ ਪੰਜਾਬ ਜਾਗਰਤੀ ਲਹਿਰ, ਬੁਰੀ ਤਰ੍ਹਾਂ ਫ਼ੇਲ੍ਹ।

ਅਧਿਆਏ 8 ਵਿੱਚ ਅਸੀਂ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਲਹਿਰ ਦੀਆਂ ਜਿੱਤਾਂ ਹਾਰਾਂ ਦੇ ਮੂਲ ਕਾਰਨਾਂ ਨੂੰ ਪਹਿਚਾਣ ਕੇ ਉਨ੍ਹਾਂ ਦੀ ਜਾਂਚ ਕਰਦੇ ਹਾਂ। ਏਸ ਪ੍ਰੋਸੈਸ ਦੌਰਾਨ ਇਸ ਕੇਂਦਰੀ ਸਵਾਲ ਦਾ ਜਵਾਬ ਤਲਾਸ਼ਿਆ ਗਿਆ ਹੈ ਕਿ ਕਿਵੇਂ ਸੰਗਠਿਤ (ਇਸਾਈ) ਧਰਮ ਦੇ ਘੇਰੇ ਵਿੱਚ ਪੈਦਾ ਹੋ ਕੇ ਵੀ, ਰੇਨਾਸਾਂਸ ਮਾਨਵਵਾਦੀ ਲਹਿਰ ਅਧਿਆਤਮਵਾਦ ਦਾ ਘੇਰਾ ਤੋੜ ਕੇ ਵਿਸ਼ਾਲ ਲਹਿਰ ਬਣ ਨਿੱਕਲੀ, ਜਿਸ ਨੇ ਮਨੁੱਖੀ ਜ਼ਿੰਦਗੀ ਦੇ ਹਰ ਖ਼ੇਤਰ ਨੂੰ ਪ੍ਰਭਾਵਿਤ ਕਰਦਿਆਂ ਹੌਲੀ ਹੌਲੀ ਯੂਰਪ ਨੂੰ ਮੱਧਕਾਲੀਨ ਯੁੱਗ ਵਿੱਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ; ਜਦ ਕਿ ਗੁਰੂਆਂ ਵਲੋਂ ਸੰਸਥਾਗਤ ਧਰਮਾਂ ਤੋਂ ਉਪਰ ਉੱਠ ਕੇ ਚਲਾਈ ਮਾਨਵਵਾਦੀ ਲਹਿਰ, ਗੁਰੂਆਂ ਦੇ ਬਾਅਦ, ਮਾਨਵਵਾਦੀ ਲਹਿਰ ਤੋਂ ਸੰਸਥਾਗਤ ਧਰਮ ਵਟ ਗਈ, ਜਿਹਦੇ ਨਾਂ 'ਤੇ ਅੱਜ ਵੀ ਅਨੇਕਾਂ ਓਹੀ ਕੁਰੀਤੀਆਂ ਨਿਭਾਈਆਂ ਤੇ ਪਾਖ਼ੰਡ ਰਚਾਏ ਜਾ ਰਹੇ ਨੇ ਜਿਨ੍ਹਾਂ ਦਾ ਗੁਰੂਆਂ ਸਮੇਤ ਸਮੁੱਚੀ ਪੰਜਾਬ ਜਾਗਰਤੀ ਲਹਿਰ ਨੇ ਵਿਰੋਧ ਕੀਤਾ ਸੀ। ਇਹ ਜਵਾਬ ਤੇ ਜਿੱਤਾਂ ਹਾਰਾਂ ਦੇ ਮੂਲ ਕਾਰਨ ਲੱਭਣ ਲਈ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਲਹਿਰ ਅਤੇ ਪੰਜਾਬ ਤੇ ਪੱਛਮੀ ਦੇਸ਼ਾਂ ਵਿਚਕਾਰਲੇ ਇੰਟਰਫ਼ੇਸ ਦੇ ਆਰ-ਪਾਰ ਨਿੱਕਲ ਕੇ ਦੇਖਿਆ ਗਿਆ ਹੈ।

ਅਧਿਆਏ 9 ਵਿੱਚ, ਅਸੀਂ ਭਗਤਾਂ ਤੇ ਸੂਫ਼ੀਆਂ ਦੇ ਨਾਲ ਨਾਲ ਗੁਰੂਆਂ ਵਲੋਂ ਚਲਾਈ ਗਈ ਪੰਜਾਬ ਜਾਗਰਤੀ ਲਹਿਰ ਦੀ ਰੌਸ਼ਨੀ ਵਿੱਚ ਵੇਖਦੇ ਹਾਂ ਕਿ ਅੱਜ ਪੰਜਾਬ ਕੀ ਕਰ ਰਿਹਾ ਹੈ, ਤੇ ਕੀ ਕਰਨਾ ਬਣਦਾ ਹੈ। ਇਸ ਕਾਰਜ ਹਿੱਤ ਇੱਕ ਅਖਾਣ "ਪੰਜਾਬ ਵਸਦਾ ਗੁਰਾਂ ਦੇ ਨਾਮ ਉੱਤੇ" ਵਿੱਚਲੇ ਸੱਚ ਨੂੰ ਉਧੇੜਦਿਆਂ ਨਿਭਾਇਆ ਗਿਆ ਹੈ। ਇੱਥੇ ਇਹ ਕਹਿਣਾ ਵੀ ਬਣਦਾ ਹੈ ਕਿ ਇਸ ਕਿਤਾਬ ਵਿੱਚ ਸਾਖ਼ੀਆਂ ਆਦਿ ਦੀ ਬਜਾਏ ਗੁਰਬਾਣੀ ਜਾਂ ਗੁਰੂ ਗਰੰਥ ਸਾਹਿਬ, ਦੂਜੇ ਸ਼ਬਦਾਂ ਵਿੱਚ ਗੁਰੂਆਂ, ਭਗਤ ਜਨਾਂ, ਤੇ ਸੂਫ਼ੀਆਂ ਦੇ ਕਾਵਿ, ਨੂੰ ਪੰਜਾਬ ਜਾਗਰਿਤੀ ਲਹਿਰ ਦੇ ਮੁੱਖ ਬੁਲਾਰੇ ਵਜੋਂ ਵਰਤਿਆ ਗਿਆ ਹੈ। ਏਹ ਏਸ ਲਈ ਕਿਉਂਕਿ ਕਾਵਿ-ਰੂਪ ਦਾ ਇਹ ਫ਼ਲਸਫ਼ਾ ਸਿੱਧਾ ਉਨ੍ਹਾਂ ਵਲੋਂ ਆਉਂਦਾ

ਹੈ, ਨਾ ਕਿ ਕਿਸੇ ਹੋਰ ਵਲੋਂ ਦੱਸੀ ਗਈ ਕਹਾਣੀ ਵਿੱਚੋਂ।

ਜਿਵੇਂ ਉੱਪਰ ਦੱਸਿਆ ਗਿਆ ਹੈ, ਇਸ ਕਿਤਾਬ ਦਾ ਇੱਕ ਕੇਂਦਰੀ ਮੁੱਦਾ ਹੈ ਕਿ ਇੱਕੋ ਜਿਹੇ ਚੱਜਾਂ, ਤੱਤਾਂ/ਅੰਸ਼ਾਂ, ਕੰਮਾਂ, ਤੇ ਉਦੇਸ਼ਾਂ ਵਾਲੀਆਂ ਦੋ ਸਮਕਾਲੀ ਲਹਿਰਾਂ ਵਿੱਚੋਂ ਇੱਕ, ਯਾਨੀ ਰੇਨਾਸਾਂਸ ਲਹਿਰ, ਕਾਮਯਾਬ ਅਤੇ ਦੂਸਰੀ, ਜਾਨਿ ਪੰਜਾਬ ਜਾਗਰਤੀ ਲਹਿਰ, ਬੁਰੀ ਤਰ੍ਹਾਂ ਫ਼ੇਲ੍ਹ ਕਿਉਂ ਹੋਈ? ਇਨ੍ਹਾਂ ਲਹਿਰਾਂ ਵਿਚਕਾਰ ਉਕਤ ਸਾਂਝ ਦਾ ਲਾਭ ਉਠਾਉਂਦੇ ਹੋਏ, ਅਸੀਂ ਇਨ੍ਹਾਂ ਲਹਿਰਾਂ ਦਾ ਤੁਲਨਾਤਮਕ ਵਿਸਲੇਸ਼ਣ ਕਰਦੇ ਹਾਂ; ਇਨ੍ਹਾਂ ਲਹਿਰਾਂ ਦੀ ਕਾਮਯਾਬੀ ਜਾਂ ਨਾਕਾਮਯਾਬੀ ਦੇ ਮੁੱਖ ਲੱਛਣਾਂ ਤੇ ਮੂਲ ਕਾਰਨਾਂ ਨੂੰ ਪਹਿਚਾਣ ਤੇ ਜਾਂਚਣ ਪੜਤਾਲਣ ਲਈ। ਅਜੇਹੀ ਸਥਿਤੀ ਵਿੱਚ ਜਿੱਥੇ ਇੱਕੋ ਜਿਹੀਆਂ ਲਹਿਰਾਂ ਵਿੱਚੋਂ, ਇੱਕ ਜਿੱਤ ਜਾਵੇ ਤੇ ਦੂਜੀ ਹਾਰ ਜਾਵੇ, ਤਾਂ ਅਜੇਹੇ ਤੁਲਨਾਤਮਕ ਵਿਸਲੇਸ਼ਣ ਦਾ ਇੱਕ ਫ਼ਾਇਦਾ ਇਹ ਕਿ ਜਿੱਤ/ਹਾਰ ਦੇ ਉਹ ਸੰਭਵ ਕਾਰਣ ਜਾਂ ਕਾਰਕ ਜੋ ਦੋਨ੍ਹਾਂ ਲਹਿਰਾਂ ਵਿੱਚ ਇੱਕੋ ਜਿਹੇ ਹੋਣ, ਉਹ ਇੱਕ ਦੂਜੇ ਨੂੰ ਕੈਂਸਲ ਕਰ ਜਾਂਦੇ ਨੇ। ਮਿਸਾਲ ਵਜੋਂ, ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਲਹਿਰ ਦੋਵੇਂ ਮੱਧਯੁੱਗ ਵਿੱਚ ਚੱਲੀਆਂ, ਜਦੋਂ ਸਮਾਜਿਕ ਆਰਥਿਕਤਾ ਤੇ ਰਿਸ਼ਤੇ ਜਾਗੀਰੂ ਪੈਦਾਵਾਰੀ ਸਾਧਨਾਂ ਦੁਆਰਾ ਪ੍ਰਭਾਸ਼ਿਤ ਕੀਤੇ ਜਾਂਦੇ ਸਨ, ਤੇ ਰਾਜਨੀਤਕ ਹਾਲਤਾਂ ਰਾਜਿਆਂ ਤੇ ਧਰਮਾਂ ਦੀ ਤਾਨਾਸ਼ਾਹੀ ਦੁਆਰਾ। ਇੰਝ, ਕਿਉਂਕਿ ਦੋਵੇਂ ਲਹਿਰਾਂ, ਉੱਚੀ ਪੱਧਰ ਤੋਂ ਵੇਖਦਿਆਂ, ਇੱਕੋ ਜਿਹੀਆਂ ਸਮਾਜਿਕ ਆਰਥਿਕ ਤੇ ਰਾਜਨੀਤਕ ਹਾਲਤਾਂ ਵਿੱਚ ਚੱਲੀਆਂ; ਇਸ ਲਈ, ਬੜੀ ਘੱਟ ਸੰਭਾਵਨਾ ਹੈ ਕਿ ਇਹ ਹਾਲਤਾਂ ਮੁੱਢਲੇ ਰੂਪ ਇੱਕ ਲਹਿਰ ਦੀ ਜਿੱਤ ਤੇ ਦੂਜੀ ਦੀ ਹਾਰ ਦਾ ਮੂਲ ਕਾਰਣ ਹੋ ਸਕਦੀਆਂ ਨੇ। ਹਾਂ, ਇਨ੍ਹਾਂ ਹਾਲਤਾਂ ਦੀਆਂ ਕੁਛ ਸਥਾਨਿਕ ਬਾਰੀਕੀਆਂ ਵਿਚਕਾਰ ਫ਼ਰਕ ਇਸ ਜਿੱਤ ਹਾਰ 'ਤੇ ਦੂਸਰੇ ਦਰਜੇ (second order) ਦਾ, ਭਾਵ ਮੁਕਾਬਲਤਨ ਬਹੁਤ ਥੋੜ੍ਹਾ, ਪ੍ਰਭਾਵ ਜ਼ਰੂਰ ਪਾ ਸਕਦੇ ਹਨ। ਇਸ ਪ੍ਰਭਾਵ ਦੇ ਅਧਿਅਨ ਦੇ ਨਾਲ ਨਾਲ ਹੀ ਇਸ ਕਿਤਾਬ ਵਿੱਚ ਪੇਸ਼ ਕੀਤੇ ਕੁਛ ਨੁਕਤਿਆਂ, ਮੁੱਦਿਆਂ, ਅਤੇ ਪੱਖਾਂ ਦੇ ਡੂੰਘੇਰੇ ਅਧਿਅਨ ਦੇ ਕਾਰਜ ਇਸ ਪਰੋਜੈਕਟ ਦੇ ਅਗਲੇ ਕੰਮਾਂ ਵਿੱਚ ਗਿਣੇ ਜਾ ਸਕਦੇ ਹਨ, ਜੋ ਇਸ ਕਿਤਾਬ ਦੇ ਇਸ ਸੰਸਕਰਣ ਦੇ ਘੇਰੇ ਤੋਂ ਬਾਹਰ ਹਨ।

ਕੁਝ ਪਾਠਕਾਂ ਨੂੰ ਚੰਦ ਕੁ ਨੁਕਤਿਆਂ ਦਾ ਵੱਖ ਵੱਖ ਅਧਿਆਵਾਂ ਵਿੱਚ ਦੁਹਰਾਅ ਰੜਕ ਸਕਦਾ ਹੈ, ਪਰ ਇੰਝ ਮੁੱਖ ਤੌਰ 'ਤੇ ਹਰੇਕ ਅਧਿਆਏ ਦੀ ਸਵੈ-ਨਿਰਭਰਤਾ ਅਤੇ ਇੱਕ ਦੂਜੇ ਤੋਂ ਲੋੜੀਂਦੀ ਸਵਤੰਤਰਤਾ ਕਾਇਮ ਰੱਖਣ ਲਈ ਹੋਣ ਦਿੱਤਾ ਗਿਆ ਹੈ। ਦੁਹਰਾਅ ਹੋਣ ਵਾਲੇ ਲੱਗਭੱਗ ਸਾਰੇ ਨੁਕਤੇ ਇਸ ਕਿਤਾਬ ਦੇ ਮੁੱਖ ਨੁਕਤਿਆਂ ਵਿੱਚੋਂ ਨੇ। ਮੁੱਖ ਨੁਕਤਿਆਂ ਦਾ ਵੱਖ ਵੱਖ ਪ੍ਰਸੰਗਾਂ ਵਿੱਚ ਪੁਨਰ-ਪ੍ਰਗਟਾਵਾ ਕਿਤਾਬ ਵਿੱਚਲੀ ਸਮੱਗਰੀ ਦੀ ਗਿਰੀ ਤੱਕ ਪਹੁੰਚਣ ਵਿੱਚ ਪਾਠਕਾਂ ਦੀ ਮੱਦਦ ਹੀ ਕਰ ਸਕਦਾ ਹੈ।

ਪਾਠਕਾਂ ਵਲੋਂ ਹੁੰਗਾਰੇ ਦੀ ਉਮੀਦ ਵਿੱਚ,

**—-ਸੁਖਪਾਲ**

(ਡਾ. ਸੁਖਪਾਲ ਸੰਘੇੜਾ)

ਅਪਰੈਲ, 2020

# ਅਧਿਆਏ 1

## ਮੱਧਯੁੱਗੀ ਪੰਜਾਬ ਦੀ ਜਾਗਰਤੀ ਲਹਿਰ: ਯੂਰਪੀਅਨ ਰੇਨਾਸਾਂਸ ਮਾਨਵਵਾਦ ਦੇ ਸੰਦਰਭ ਵਿੱਚ



*ਬਾਬਾ ਨਾਨਕ ਜੀ (1469-1539) (ਬਾਲੇ ਤੇ ਮਰਦਾਨੇ ਨਾਲ): ਪੰਜਾਬ ਦੇ ਮਹਾਨ ਫ਼ਿਲਾਸਫ਼ਰ ਜਿਨ੍ਹਾਂ ਨੇ ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ ਦੌਰਾਨ ਪੰਜਾਬ ਵਿੱਚ ਜਾਗਰਤੀ ਲਹਿਰ ਸ਼ੁਰੂ ਕੀਤੀ।*

ਗੁਰੂ ਨਾਨਕ ਦੇਵ ਜੀ ਵਲੋਂ ਪੰਜਾਬ ਦੀ ਧਰਤੀ 'ਤੇ ਸ਼ੁਰੂ ਕੀਤੀ ਸਿੱਖ ਲਹਿਰ 15ਵੀਂ ਤੋਂ 18ਵੀਂ ਸਦੀ ਦੇ ਸ਼ੁਰੂ ਤੱਕ ਚੱਲੀ। ਪੰਜਾਬ ਵਿਚ ਚੱਲੀਆਂ ਸੂਫੀ ਲਹਿਰ ਤੇ ਭਗਤੀ

ਲਹਿਰ ਦਾ ਵੱਡਾ ਵਕਤ-ਹਿੱਸਾ ਵੀ ਏਸੇ ਸਮੇਂ ਵਿੱਚ ਆਉਂਦਾ ਹੈ। ਇਸ ਕਿਤਾਬ ਵਿੱਚ ਅਸੀਂ ਇਨ੍ਹਾਂ ਤਿੰਨ ਲਹਿਰਾਂ ਨੂੰ ਅਸੀਂ ਇਕੱਠੇ ਰੂਪ ਵਿੱਚ 'ਪੰਜਾਬ ਜਾਗਰਤੀ ਲਹਿਰ' ਕਵ੍ਹਾਂਗੇ। ਪੰਜਾਬ ਦੀ ਇਹ ਲਹਿਰ ਤੇ ਯੂਰਪ ਵਿੱਚ 'ਰੇਨਾਸਾਂਸ' ਨਾਮ ਦੀ ਜਾਗਰਿਤੀ ਲਹਿਰ (14ਵੀਂ ਸਦੀ ਤੋਂ 17ਵੀਂ ਸਦੀ ਤੱਕ) ਇੱਕੋ ਸਮੇਂ ਤੇ ਇੱਕੋ ਯੁੱਗ ਵਿੱਚ ਚੱਲੀਆਂ; ਉਦੋਂ ਪੰਜਾਬ ਸਣੇ ਭਾਰਤ ਤੇ ਯੂਰਪ ਦੋਵੇਂ ਮੱਧਕਾਲੀ ਯੁੱਗ ਵਿੱਚੋਂ ਗੁਜ਼ਰ ਰਹੇ ਸਨ। ਭਾਵੇਂ ਸਮਾਂ ਤੇ ਯੁੱਗ ਇੱਕ ਹੀ ਸਨ, ਪਰ ਸਥਾਨਕ ਹਾਲਾਤ ਵਿੱਚ ਬਿਨਾਂ-ਸ਼ੱਕ ਵੱਖਰੇਵਾਂ ਵੀ ਸੀ। ਅਜੇਹੇ 'ਇੱਕੋ ਪਰ ਵੱਖ' ਵਾਤਾਵਰਨ ਵਿੱਚ ਚੱਲੀਆਂ ਦੋ ਲਹਿਰਾਂ ਦੇ ਤੁਲਨਾਤਮਿਕ ਅਧਿਅਨ 'ਚੋਂ ਬੜੇ ਦਿਲਚਸਪ ਸਿੱਟੇ ਨਿੱਕਲ ਸਕਦੇ ਨੇ ਜਿਨ੍ਹਾਂ ਤੋਂ ਸੰਭਾਵਿਤ ਤੌਰ 'ਤੇ ਬਹੁਤ ਕੁਛ ਸਿੱਖਿਆ ਜਾ ਸਕਦਾ ਹੈ। ਇਹ ਇਸ ਅਧਿਆਏ ਸਮੇਤ ਇਸ ਕਿਤਾਬ ਵਿੱਚ ਪੇਸ਼ ਕੀਤੇ ਕੰਮ ਲਈ ਮੁੱਖ ਪ੍ਰੇਰਣਾ ਹੈ। ਇਸ ਅਧਿਆਏ ਵਿੱਚ ਅਸੀਂ ਪੰਜਾਬ ਜਾਗਰਤੀ ਲਹਿਰ ਦੀਆਂ ਤਿੰਨ ਉੱਪ ਲਹਿਰਾਂ ਸਿੱਖ ਗੁਰੂਆਂ ਦੀ ਲਹਿਰ, ਭਗਤੀ ਲਹਿਰ, ਤੇ ਸੂਫ਼ੀ ਲਹਿਰ ਵਿਚਕਾਰ ਸਾਂਝੇ ਮੁੱਖ ਲੱਛਣਾਂ ਦੀ ਪਹਿਚਾਣ ਕਰਦੇ ਹੋਏ ਉਨ੍ਹਾਂ ਦੀ ਰੇਨਾਸਾਂਸ ਜਾਗਰਤੀ ਲਹਿਰ ਦੇ ਮੁੱਖ ਲੱਛਣਾਂ ਨਾਲ ਤੁਲਨਾ ਕਰਦੇ ਹਾਂ। ਇਨ੍ਹਾਂ ਲੱਛਣਾਂ ਤੇ ਉਨ੍ਹਾਂ ਦੇ ਪ੍ਰਭਾਵਾਂ ਦੀ ਤੁਲਨਾਤਮਿਕ ਚਰਚਾ ਵੀ ਪੇਸ਼ ਕੀਤੀ ਗਈ ਹੈ।



*ਲਿਓਨਾਰਡੋ ਡਾ ਵਿੰਸੀ (1452-1519): ਬਹੁ-ਵਿਸ਼ਿਆਂ ਦਾ ਮਾਹਿਰ ਤੇ ਬਹੁ-ਹੁਨਰੀ ਆਦਰਸ਼ 'ਰੇਨਾਸਾਂਸ ਮੇਨ', ਜਿਹਦੀਆਂ ਮੋਨਾ ਲੀਸਾ, ਲਾਸਟ ਸਪਰ (ਆਖ਼ਰੀ ਭੋਜਨ), ਤੇ ਹੋਰ ਕਿੰਨੀਆਂ ਕ੍ਰਿਤਾਂ ਅੱਜ ਵੀ ਹਰਮਨ ਪਿਆਰੀਆਂ ਨੇ।*

**ਪੰਜਾਬ ਜਾਗਰਤੀ ਲਹਿਰ :** ਸਿੱਖ ਲਹਿਰ ਦੇ ਬਾਨੀ ਗੁਰੂ ਨਾਨਕ ਦੇਵ ਅਸਲੋਂ ਇੱਕ ਮਹਾਨ ਫ਼ਿਲਾਸਫ਼ਰ ਸਨ। ਗੱਲ ਅੱਗੇ ਵਧਾਉਣ ਤੋਂ ਪਹਿਲਾਂ, ਇੱਥੇ ਇੱਕ ਮਹਤਵਪੂਰਣ

ਨੁਕਤਾ ਉਭਾਰਨਾ ਬਣਦਾ ਹੈ; ਉਨ੍ਹਾਂ ਲਈ ਵੀ ਜੋ ਤਰਕ ਨੂੰ ਕਵਿਤਾ ਦੀ 'ਨਾਜ਼ਕ ਰੂਹ' ਉੱਪਰ ਹਮਲਾ ਸਮਝਦੇ ਹਨ। ਸਾਨੂੰ ਇਹ ਤੱਥ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਨਾਨਕ ਦੇਵ ਜੀ ਨੇ ਆਪਣਾ ਫ਼ਲਸਫ਼ਾ ਗੁਰਬਾਣੀ ਵਿੱਚ ਕਾਵਿ-ਰੂਪ ਦੇ ਜ਼ਰੀਏ ਪ੍ਰਗਟ ਕੀਤਾ; ਤੇ ਤਰਕ ਫ਼ਲਸਫ਼ੇ ਦੀ ਰੂਹ ਹੁੰਦਾ ਹੈ। ਉਨ੍ਹਾਂ ਤੋਂ ਸ਼ੁਰੂ ਹੁੰਦੀ ਗੁਰਬਾਣੀ ਕੋਈ ਵਿੱਕੋਲਿਤਰੀ ਉਦਾਹਰਣ ਨਹੀਂ, ਬਲਕਿ ਪੰਜਾਬੀ ਵਿੱਚ ਸਾਹਿਤ ਦੇ ਆਦਿ ਨਾਥਾਂ, ਜੋਗੀਆਂ (9ਵੀਂ - 10ਵੀਂ ਸਦੀ) ਤੇ ਸ਼ੇਖ਼ ਫ਼ਰੀਦ (12ਵੀਂ ਦੀ), ਦੇ ਜ਼ਮਾਨਿਆਂ ਤੋਂ ਹੀ ਕਵਿਤਾ ਚਿੰਤਨ ਦਾ ਮਾਧਿਅਮ ਰਹੀ ਹੈ। ਭਾਵੇਂ ਮੱਧਕਾਲੀ ਸਮਿਆਂ ਵਿਚੋਂ ਕੁਛ ਪੰਜਾਬੀ ਵਾਰਤਕ ਜਨਮ ਸਾਖੀਆਂ, ਸੂਫ਼ੀਆਂ ਦੀਆਂ ਗੋਸ਼ਟੀਆਂ, ਤੇ ਨਿਰਮਲਿਆਂ ਦੀਆਂ ਪਰਚੀਆਂ ਆਦਿ ਦੇ ਰੂਪ ਵਿਚ ਮਿਲਦੀ ਹੈ, ਪਰ ਵਾਰਤਕ ਗੰਭੀਰ ਚਿੰਤਨ ਦਾ ਮਾਧਿਅਮ ਬਣਨੀ ਵੀਹਵੀਂ ਸਦੀ ਵਿੱਚ ਹੀ ਆਰੰਭ ਹੋਈ।

ਦੋਵੇਂ, ਸਿੱਖ ਲਹਿਰ ਤੇ ਭਗਤੀ ਲਹਿਰ, ਸਮਾਜਿਕ ਨਾਬਰਾਬਰੀ ਅਤੇ ਨਫ਼ਰਤ ਨੂੰ ਖ਼ਤਮ ਤੇ ਮਨੁੱਖੀ ਸਾਂਝੀਵਾਲਤਾ ਕਾਇਮ ਕਰਨ ਦਾ ਹੋਕਾ ਦਿੰਦੀਆਂ ਸਨ। ਇਹ ਤਿੰਨੋਂ (ਸਿੱਖ, ਭਗਤੀ, ਤੇ ਸੂਫ਼ੀ) ਲਹਿਰਾਂ ਕਈ ਤਰ੍ਹਾਂ ਨਾਲ ਧਾਰਮਿਕ ਕੱਟੜਤਾ ਤੇ ਕੁਰੀਤੀਆਂ ਦੇ ਵਿਰੁੱਧ ਜਾਗਰਤੀ ਲਹਿਰਾਂ ਵਜੋਂ ਸ਼ੁਰੂ ਹੋਈਆਂ; ਸਿੱਖ ਲਹਿਰ ਤੇ ਭਗਤੀ ਲਹਿਰਾਂ ਬ੍ਰਾਹਮਣਵਾਦ ਦੇ ਕੱਟੜ ਹਿੰਦੂ ਫਲਸਫੇ ਤੇ ਅਮਲ ਖ਼ਿਲਾਫ, ਤੇ ਸੂਫ਼ੀ ਲਹਿਰ ਕੱਟੜ ਇਸਲਾਮੀ ਫਲਸਫੇ ਤੇ ਅਮਲ ਖ਼ਿਲਾਫ। ਤਿੰਨੋਂ ਲਹਿਰਾਂ ਦੇ ਪ੍ਰਚਾਰਕਾਂ ਨੇ ਖੁਸ਼ੀਆਂ ਪ੍ਰਾਪਤ ਕਰਨ ਦੇ ਤੇ ਹੋਰ ਅਧਿਆਤਮਕ ਉਪਦੇਸ਼ਾਂ ਨੂੰ ਲੋਕਾਂ ਦੀ ਭਾਸ਼ਾ ਵਿੱਚ ਲੋਕਾਂ ਤੱਕ ਪਹੁੰਚਾਇਆ; ਅਤੇ ਇਨ੍ਹਾਂ ਤਿੰਨਾਂ ਵਿੱਚ ਇੱਕ ਬਹੁਤ ਮਹੱਤਵਪੂਰਨ ਸਾਂਝਾ ਤੱਤ ਸੀ: ਮਾਨਵਵਾਦ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨਾਂ ਦੇ ਨਾਲ ਨਾਲ ਭਗਤ ਜਨਾਂ ਤੇ ਸੂਫ਼ੀ-ਫ਼ਕੀਰਾਂ ਦੇ ਕਾਵਿ ਦੀ ਸ਼ਮੂਲੀਅਤ ਇਨ੍ਹਾਂ ਤਿੰਨ ਲਹਿਰਾਂ ਦੀ ਸਾਂਝ ਦੀ ਸ਼ਾਹਦੀ ਭਰਦੀ ਹੈ। ਸੋ, ਇਨ੍ਹਾਂ ਤਿੰਨ ਲਹਿਰਾਂ ਇਕੱਠੇ ਰੂਪ ਵਿੱਚ 'ਪੰਜਾਬ ਜਾਗਰਤੀ ਲਹਿਰ' ਕਹਿਣਾ ਵਾਜਬ ਹੈ।

**ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ** - ਇਹ ਦੋਵੇਂ ਲਹਿਰਾਂ ਬੁੱਧੀਜੀਵੀਆਂ ਵੱਲੋਂ ਸ਼ੁਰੂ ਕੀਤੀਆਂ ਗਈਆਂ ਸਨ। ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਜਾਗਰਿਤੀ ਲਹਿਰ ਵਿੱਚ ਇੱਕ ਬਹੁਤ ਮਹੱਤਵਪੂਰਨ ਉਚਪੱਧਰੀ ਸਾਂਝਾ ਤੱਤ ਸੀ: ਮਾਨਵਵਾਦ। ਸ਼ਬਦ ਮਾਨਵਵਾਦ, ਯਾਨੀ ਹਿਊਮਾਨਿਜ਼ਮ, ਮੁਢਲੇ ਰੂਪ ਵਿੱਚ ਲਾਤੀਨ ਦੇ ਸੰਕਲਪ ਹਿਊਮਾਨਿਤਾਸ 'ਚੋਂ ਕੱਢਿਆ ਗਿਆ ਹੈ ਜਿਸ ਦਾ ਸੰਖੇਪਤ ਭਾਵ ਹੈ ਮਨੁੱਖੀ ਸੁਭਾਅ, ਮਨੁੱਖੀ ਦਇਆ, ਤੇ ਮਨੁੱਖੀ ਸੱਭਿਅਤਾ। ਭਾਵੇਂ ਅੰਗਰੇਜ਼ੀ ਭਾਸ਼ਾ ਵਿੱਚ ਹਿਊਮਾਨਿਜ਼ਮ ਸ਼ਬਦ ਤੇ ਸੰਕਲਪ 19ਵੀਂ ਸਦੀ ਵਿੱਚ ਹੀ ਦਾਖ਼ਲ ਹੋਇਆ, ਪਰ ਤੱਤ ਰੂਪ ਵਿੱਚ ਰੇਨਾਸਾਂਸ ਮਾਨਵਵਾਦ ਦੀਆਂ ਜੜ੍ਹਾਂ 13ਵੀਂ ਸਦੀ ਨੂੰ ਜਾਂਦੀਆਂ ਨੇ ਜਦੋਂ ਯੂਰਪ ਵਿੱਚ ਤਿੰਨ ਬੜੀਆਂ ਦਿਲਚਸਪ ਗੱਲਾਂ ਹੋਈਆਂ: 1) ਪੁਰਾਣੀਆਂ ਕਲਾਸੀਕਲ ਕਿਤਾਬਾਂ ਕ੍ਰਿਤਾਂ, ਜਿਵੇਂ ਗਰੀਕ ਫ਼ਲਸਫ਼ੇ ਦੀਆਂ ਕਿਤਾਬਾਂ, ਦੇ ਅਧਿਅਨ ਦੀ ਭੁੱਖ, 2) ਉਨ੍ਹਾਂ ਦੇ

ਲੇਖਕਾਂ ਦੇ ਸਟਾਈਲ ਦੀ ਨਕਲ ਉਤਾਰਨ ਦੇ ਸ਼ੌਂਕ 3) ਅਤੇ ਇਸ ਭੁੱਖ ਤੇ ਸ਼ੌਂਕ ਦਾ ਸੁਮੇਲ। ਇਸ ਸੁਮੇਲ ਦੇ ਨਤੀਜੇ ਵਜੋਂ ਰੇਨਾਸਾਂਸ ਮਾਨਵਵਾਦੀਆਂ ਨੇ ਉਨ੍ਹਾਂ ਦੇ 'ਅੱਜ' ਦੇ ਗਿਆਨ, ਇਤਿਹਾਸਕ ਗਿਆਨ, ਤੇ ਪ੍ਰੇਮ ਭਾਵਨਾ ਨੂੰ ਵਰਤ ਕੇ 'ਅੱਜ ਦੇ ਦੌਰ' ਬਾਰੇ ਆਪਣੇ ਤੇ ਹੋਰਨਾਂ ਦੇ ਦ੍ਰਿਸ਼ਟੀਕੋਨਾਂ ਤੇ ਸੋਚ ਨੂੰ ਬਦਲਣਾ ਸ਼ੁਰੂ ਕਰ ਦਿੱਤਾ। ਇਹ ਇਸ ਤਰ੍ਹਾਂ ਹੈ ਕਿ 'ਅਸੀਂ ਕਿੱਥੋਂ ਆਏ ਹਾਂ' ਦਾ ਗਿਆਨ ਇਹ ਜਾਣਨ ਵਿੱਚ ਮੱਦਦ ਕਰਦਾ ਹੈ ਕਿ ਅਸੀਂ ਅੱਜ ਸੱਚਮੁੱਚ ਹੀ ਕਿੱਥੇ ਹਾਂ; ਫਿਰ, ਅਸੀਂ ਪ੍ਰਭਾਵਸ਼ਾਲੀ ਢੰਗ ਨਾਲ ਫ਼ੈਸਲਾ ਲੈ ਸਕਦੇ ਹਾਂ ਕਿ ਕਿੱਥੇ ਤੇ ਕਿਸ ਰਸਤਿਓਂ ਜਾਣਾ ਹੈ। ਇਸ ਸੱਭ ਕਾਸੇ ਦਾ ਨਤੀਜਾ ਇਹ ਨਿੱਕਲਿਆ ਕਿ ਰੇਨਾਸਾਂਸ ਮਾਨਵਵਾਦੀਆਂ ਨੇ ਮੱਧਯੁੱਗੀ ਰੂੜ੍ਹੀਵਾਦੀ ਸਿੱਖਿਆ ਪ੍ਰਨਾਲੀ, ਜੋ ਵੱਖ ਵੱਖ ਲੇਖਕਾਂ ਵਿਚਕਾਰ ਮੱਤਭੇਦ ਤੇ ਵਿਰੋਧਾਭਾਸ ਸਪਸ਼ਟ ਕਰਨ ਉੱਪਰ ਕੇਂਦਰਿਤ ਸੀ, ਦੇ ਮੁਕਾਬਲੇ ਵਿੱਚ ਨਵੇਂ ਅਧਿਐਨ ਢੰਗ ਨੂੰ ਅਪਣਾਇਆ। ਇਸ ਅਧਿਐਨ ਢੰਗ ਅਨੁਸਾਰ ਮਾਨਵਵਾਦੀਆਂ ਨੇ ਪ੍ਰਾਚੀਨ ਲਿਖਤਾਂ ਨੂੰ ਤਰਕ ਤੇ ਪ੍ਰਮਾਣ ਦੀ ਕਸਵੱਟੀ 'ਤੇ ਚਾੜ੍ਹਦੇ ਹੋਏ ਉਨ੍ਹਾਂ ਦਾ ਮੁਲਅੰਕਣ ਸ਼ੁਰੂ ਕਰ ਦਿੱਤਾ।

ਸੋ, ਰੇਨਾਸਾਂਸ ਵਿੱਚ ਮਾਨਵਵਾਦ, ਪੰਜਾਬ ਦੀ ਜਾਗਰਤੀ ਲਹਿਰ ਵਾਂਗ ਹੀ, ਬੌਧਿਕ ਲਹਿਰ ਦੇ ਤੌਰ 'ਤੇ ਸ਼ੁਰੂ ਹੋਇਆ। ਮਾਨਵਵਾਦੀਆਂ ਨੇ ਐਸੇ ਨਾਗਰਿਕਾਂ ਦਾ ਸੁਪਨਾ ਵੇਖਿਆ ਜੋ ਬੜੀ ਅੱਛੀ ਤਰ੍ਹਾਂ ਪੜ੍ਹ-ਲਿਖ ਸਕਣ ਤੇ ਬੜੀ ਸਪਸ਼ਟਤਾ ਨਾਲ ਆਪਣੇ ਵਿਚਾਰ ਪੇਸ਼ ਕਰ ਸਕਣ; ਐਸੇ ਨਾਗਰਿਕ ਆਪੋ ਆਪਣੇ ਭਾਈਚਾਰਿਆਂ (communities) ਵਿੱਚ ਸਰਗਰਮ ਹੋ ਕੇ ਲੋਕਾਂ ਨੂੰ ਭਲੇ, ਤਰਕਸ਼ੀਲ, ਤੇ ਅਕਲਮੰਦ ਕੰਮ ਕਰਨ ਲਈ ਪ੍ਰੇਰਣ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਇਕ ਵਿੱਦਿਅਕ ਖ਼ੇਤਰ ਸ਼ੁਰੂ ਕੀਤਾ ਗਿਆ, ਜਿਹਨੂੰ ਅੱਜਕਲ ਹਿਊਮੈਨਿਟੀਜ਼ ਕਿਹਾ ਜਾਂਦਾ ਹੈ, ਜਿਸਦੇ ਵਿੱਚ ਉਦੋਂ ਵਿਸ਼ੇ ਪੜ੍ਹਾਏ ਗਏ: ਵਿਆਕਰਨ, ਕਵਿਤਾ, ਧੜੱਲੇਦਾਰ ਲਿਖਤ ਤੇ ਭਾਸ਼ਨ (rhetoric), ਇਤਿਹਾਸ, ਨੈਤਿਕ ਫ਼ਲਸਫ਼ਾ (ਨੋਟ ਕਰੋ ਕਿ ਨੈਤਿਕਤਾ ਸਿਰਫ਼ ਧਾਰਮਿਕ ਹੀ ਨਹੀਂ ਹੁੰਦੀ, ਗ਼ੈਰ-ਧਾਰਮਿਕ ਬੰਦਾ ਵੀ ਨੈਤਿਕ ਹੋ ਸਕਦਾ ਹੈ)। ਗਿਆਨ ਦੇ ਪ੍ਰਸਾਰ ਲਈ ਮਾਨਵਵਾਦੀਆਂ ਨੇ ਪਬਲਿਕ ਲਾਇਬਰੇਰੀਆਂ ਖੋਲ੍ਹਣ 'ਤੇ ਵੀ ਜ਼ੋਰ ਦਿੱਤਾ। ਯੂਰਪੀਅਨ ਰੇਨਾਂਸਾਂਸ ਦੀ ਮਾਨਵਵਾਦੀ ਲਹਿਰ ਦੌਰਾਨ ਪਹਿਲੀ ਪਬਲਿਕ ਲਾਈਬਰੇਰੀ ਪਿਆਜ਼ਾ ਸੇਨ ਮਾਰਕੋ (ਫਲੋਰੈਂਸ), ਇਟਲੀ, ਵਿੱਚ ਉਸਾਰੀ ਗਈ, ਜੋ ਸੰਨ 1444 ਵਿੱਚ ਖੁੱਲ੍ਹੀ। ਪਬਲਿਕ ਲਾਇਬਰੇਰੀਆਂ ਦੀ ਪ੍ਰਥਾ ਉਦੋਂ ਹੀ ਸ਼ੁਰੂ ਹੋਈ; ਹੁਣ ਪੱਛਮ ਦੇ ਬਾਹਲੇ ਦੇਸ਼ਾਂ ਅੰਦਰ ਹਰ ਸ਼ਹਿਰ ਤੇ ਕਸਬੇ ਵਿੱਚ ਪਬਲਿਕ ਲਾਇਬਰੇਰੀਆਂ ਹਨ।

ਵਿੱਦਿਆ ਤੇ ਗਿਆਨ ਦੇ ਖ਼ੇਤਰ ਵਿੱਚ ਸਿੱਖ ਗੁਰੂਆਂ, ਭਗਤਾਂ/ਸੰਤਾਂ, ਤੇ ਸੂਫ਼ੀ-ਫ਼ਕੀਰਾਂ ਨੇ, ਪੰਜਾਬ ਦੇ ਯੂਰਪ ਤੋਂ ਵੱਖਰੇ ਸਥਾਨਕ ਹਾਲਾਤਾਂ ਦੇ ਅਨੁਸਾਰ, ਮੂਲ ਰੂਪ ਵਿੱਚ ਅਜੇਹੇ ਲੱਛਣਾਂ ਵਾਲੇ ਕਾਰਜ ਕੀਤੇ, ਜੋ ਯੂਰਪ ਵਿੱਚ ਰੇਨਾਸਾਂਸ ਮਾਨਵਵਾਦੀਆਂ ਨੇ ਕੀਤੇ। ਉਸ ਸਮੇਂ ਦੇ ਇਕ ਕੇਂਦਰੀ ਗਿਆਨ ਸੰਕਲਨ, ਗੁਰੂ ਗ੍ਰੰਥ ਸਾਹਿਬ, ਵਿੱਚ 6 ਗੁਰੂ ਸਾਹਿਬਾਨਾਂ, ਪੰਦਰਾਂ ਸੰਤਾਂ/ਭਗਤਾਂ, ਗਿਆਰਾਂ ਭੱਟਾਂ ਤੇ ਗੁਰੂ ਸਾਹਿਬਾਨ ਦੇ ਚਾਰ ਸੇਵਕਾਂ,

ਆਦਿ ਦੀ ਬਾਣੀ ਪੇਸ਼ ਕੀਤੀ ਗਈ ਹੈ। ਮਹਾਨ ਅਧਿਆਤਮਕ ਕਦਰਾਂ ਕੀਮਤਾਂ ਦੇ ਨਾਲ ਨਾਲ ਸਿੱਖ ਗੁਰੂਆਂ ਨੇ ਗੁਰਮੁਖੀ ਲਿਪੀ ਦੇ ਵਿਕਾਸ ਵਿੱਚ ਵੀ ਮਹਾਨ ਯੋਗਦਾਨ ਪਾਇਆ। ਅਸਲ ਵਿੱਚ, ਆਪਣੇ ਵੇਲੇ ਦੀ ਪ੍ਰਚਲਿਤ ਲਿਪੀ ਨੂੰ ਗੁਰੂ ਸਾਹਿਬਾਨਾਂ ਸੁਧਾਰ ਕੇ ਉਹਨੂੰ ਲਿਖਣ ਯੋਗ ਬਣਾਇਆ; ਉੱਥੋਂ ਹੀ ਇਹਦਾ ਨਾਮ ਗੁਰਮੁਖੀ ਲਿਪੀ ਪਿਆ। ਇਸ ਤਰ੍ਹਾਂ ਤੇ ਹੋਰ ਸਾਧਨਾਂ ਜ਼ਰੀਏ ਸਿੱਖ ਗੁਰੂਆਂ, ਭਗਤਾਂ/ਸੰਤਾਂ, ਤੇ ਸੂਫ਼ੀਆਂ ਨੇ ਆਪਣੇ ਉਪਦੇਸ਼ਾਂ ਨੂੰ ਲੋਕ ਦੀ ਭਾਸ਼ਾ ਵਿੱਚ ਲੋਕਾਂ ਤੱਕ ਪਹੁੰਚਾਇਆ। ਇੱਥੇ ਗਿਆਨ ਬ੍ਰਾਹਮਣਵਾਦ ਜਾਂ ਹੋਰ ਕਿਸੇ ਵੀ ਫਲਸਫੇ ਵਿੱਚ ਕੈਦ ਨਹੀਂ ਸੀ, ਸਗੋਂ ਇਹਦੇ ਪ੍ਰਚਾਰਕ ਗਿਆਨ ਨੂੰ ਖ਼ੁਦ ਜਨ-ਸਮੂਹ ਤੱਕ ਲੈ ਕੇ ਗਏ, ਸਰਗਰਮ ਰੇਨਾਸਾਂਸ ਮਾਨਵਵਾਦੀਆਂ ਦੀ ਤਰ੍ਹਾਂ।

ਨੋਟ ਕਰਨਾ ਬਣਦਾ ਹੈ ਕਿ ਰੇਨਾਸਾਂਸ ਮਾਨਵਵਾਦ ਵੀ ਅਧਿਆਤਮਵਾਦ ਨਾਲੋਂ ਨਿਖਿੜਿਆ ਨਹੀਂ ਸੀ। ਮਿਸਾਲ ਵਲੋਂ ਰੇਨਾਸਾਂਸ ਮਾਨਵਵਾਦੀਆਂ ਨੇ ਇਸਾਈ ਧਰਮ ਨੂੰ ਨਕਾਰਿਆ ਨਹੀਂ ਸੀ; ਬਲਕਿ ਰੇਨਾਸਾਂਸ ਦੀਆਂ ਮਹਾਨ ਆਰਟ ਰਚਨਾਵਾਂ ਇਹਦੇ ਘੇਰੇ ਵਿੱਚ ਹੀ ਆਉਂਦੀਆਂ ਨੇ, ਜਿਨ੍ਹਾਂ ਦੀ ਚਰਚ ਨੇ ਵੀ ਸਰਪ੍ਰਸਤੀ ਕੀਤੀ। ਚਰਚ ਨੇ ਲਾਇਬਰੇਰੀਆਂ ਉਸਾਰ ਕੇ ਵੀ ਉਸ ਸਮੇਂ ਦੀ ਮਾਨਵਵਾਦੀ ਬੁੱਧੀਜੀਵੀ ਲਹਿਰ ਵਿੱਚ ਸ਼ਮੂਲੀਅਤ ਕੀਤੀ। ਐਪਰ, ਆਪਣੀਆਂ ਰਚਨਾਵਾਂ ਤੇ ਅਮਲੀ ਸੱਭਿਆਚਾਰਕ ਜੀਵਨ ਵਿੱਚ ਮਾਨਵਵਾਦੀਆਂ ਦੀ ਧਰਮ ਪ੍ਰਤੀ ਸੂਖਮ ਤੇ ਜਟਿਲ ਪਹੁੰਚ ਰਵਾਇਤੀ ਪਹੁੰਚ ਤੋਂ ਬਹੁਤ ਹਟਵੀਂ ਸੀ। ਬਾਹਲੇ ਮਾਨਵਵਾਦੀ ਬੁੱਧੀਜੀਵੀ ਭਾਵੇਂ ਧਾਰਮਿਕ ਸਨ, ਲੇਕਿਨ ਚਰਚ ਦੀਆਂ ਕੁਰੀਤੀਆਂ, ਦੁਰਉਪਯੋਗ, ਤੇ ਦੁਰਵਿਵਹਾਰ ਵਿਰੁੱਧ ਤਰਕ ਦਾ ਹੱਲਾ ਬੋਲ ਰਹੇ ਸਨ।

ਇਸੇ ਤਰ੍ਹਾਂ, ਪੰਜਾਬ ਵਿੱਚ ਵੀ ਤਿੰਨੋਂ ਜਾਗਰਿਤੀ ਲਹਿਰਾਂ ਧਾਰਮਿਕ ਕੱਟੜਤਾ, ਕੁਰੀਤੀਆਂ, ਅਰਥਹੀਣ ਰਸਮਾਂ, ਤੇ ਪਾਖ਼ੰਡਾਂ ਦਾ ਤਾਰਕਿਕ ਖ਼ੰਡਨ ਕਰਦੇ ਹੋਏ ਮਨੁੱਖੀ ਬਰਾਬਰੀ, ਮਨੁੱਖੀ ਪਿਆਰ, ਤੇ ਰੱਬੀ ਪਿਆਰ ਦਾ ਸੰਦੇਸ਼ ਦੇ ਰਹੀਆਂ ਸਨ। ਬਹੁਤੇ ਲੋਕ ਅਤੇ ਵਿਦਵਾਨ ਇਸ ਸਚਾਈ ਨਾਲ ਸਹਿਮਤ ਹੋਣਗੇ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਤੇ ਬਾਣੀ ਰਾਹੀਂ ਕੋਈ ਧਾਰਮਿਕ ਸੰਸਥਾ ਜਾਂ ਸੰਗਠਿਤ ਧਰਮ ਵਿਸ਼ੇਸ਼ ਸ਼ੁਰੂ ਨਹੀਂ ਸੀ ਕੀਤਾ, ਬਲਕਿ ਉਪਰੋਤਕ ਗਿਣੇ ਤੇ ਹੋਰ ਧਾਰਮਿਕ, ਸਮਾਜਿਕ, ਤੇ ਰਾਜਨੀਤਕ ਮੁੱਦਿਆਂ ਬਾਰੇ ਸਮਾਜ ਵਿੱਚ ਜਾਗ੍ਰਿਤੀ ਪੈਦਾ ਕੀਤੀ ਸੀ। ਰੇਨਾਸਾਂਸ ਮਾਨਵਵਾਦੀਆਂ ਦੀ ਤਰ੍ਹਾਂ ਹੀ, ਕੁੱਲ ਮਿਲਾ ਕੇ, ਗੁਰੂਆਂ, ਭਗਤਾਂ/ਸੰਤਾਂ, ਤੇ ਸੂਫ਼ੀਆਂ ਦਾ ਕਾਵਿ ਅਧਿਆਤਮਵਾਦੀ ਫ਼ਲਸਫ਼ੇ ਦੇ ਘੇਰੇ ਵਿੱਚ ਹੀ ਆਉਂਦਾ ਹੈ।

**ਸਿੱਖ ਬਨਾਮ ਰੇਨਾਸਾਂਸ ਮੈਨ** : ਰੇਨਾਸਾਂਸ ਮਾਨਵਵਾਦ ਦੇ ਮੁੱਖ ਲੱਛਣ ਇਨ੍ਹਾਂ ਨੇਮਾਂ ਵਿੱਚ ਅੰਕਿਤ ਕੀਤੇ ਜਾ ਸਕਦੇ ਹਨ: 1) ਜ਼ਿੰਦਗੀ ਦੇ ਜਸ਼ਨ ਮਨਾਓ: ਜ਼ਿੰਦਗੀ ਬੰਦੇ ਲਈ ਮੌਕਾ ਹੈ, ਆਪਣੀਆਂ ਪੂਰੀਆਂ ਸੰਭਾਵਨਾਵਾਂ ਤੇ ਸਮਰੱਥਾ ਵਰਤਣ ਦਾ 2) ਮਨੁੱਖੀ ਕਦਰਾਂ-ਕੀਮਤਾਂ ਤੇ ਨੈਤਿਕਤਾ ਲਾਗੂ ਕਰੋ; 3) ਸਵਤੰਤਰ ਚਿੰਤਕ ਬਣੋ; ਅੰਧ-ਵਿਸ਼ਵਾਸੀ ਤੇ ਲਾਈਲੱਗ ਮੱਤ ਬਣੋ, ਖ਼ੁਦ ਸੋਚੋ; 4) ਅੰਧ-ਵਿਸ਼ਵਾਸ ਦੇ ਨੁਕਸਾਨਾਂ ਨੂੰ ਜਾਣਦੇ ਹੋਏ

ਤਰਕਸ਼ੀਲ ਬਣੋ; 5) ਆਪਣੇ ਸਿੱਖਿਆ-ਘੇਰੇ ਨੂੰ ਵਿਸ਼ਾਲ ਕਰੋ: ਮਾਨਵਵਾਦੀ ਪੁਰਾਣੀਆਂ ਸੱਭਿਆਤਾਵਾਂ, ਸਾਹਿਤ, ਭਾਸ਼ਾ, ਗਣਿਤ, ਤੇ ਵਿਗਿਆਨ ਆਦਿ ਦੇ ਕਈ ਵਿਸ਼ਿਆਂ ਵਿੱਚ ਗਿਆਨ ਪ੍ਰਾਪਤ ਕਰਦੇ ਸਨ; 6) ਕਈ ਹੁਨਰਾਂ ਦੇ ਕਾਰੀਗਰ ਬਣੋ; 7) ਪ੍ਰਸਿੱਧੀ ਖੱਟੋ, ਆਪਣੇ ਹੁਨਰ ਜਾਂ ਕਿੱਤੇ ਦੇ ਉੱਤਮ ਕਾਰੀਗਰ ਬਣ ਕੇ।

ਜੋ ਐਸੇ ਮਾਨਵਵਾਦੀ ਗੁਣਾਂ ਦਾ ਮਾਲਕ ਹੋਵੇ, ਭਾਵ ਬਹੁ-ਵਿਸ਼ਿਆਂ ਦਾ ਮਾਹਿਰ, ਬਹੁ-ਹੁਨਰੀ, ਅੰਧ-ਵਿਸ਼ਵਾਸਾਂ ਤੋਂ ਆਜ਼ਾਦ, ਤੇ ਤਰਕਸ਼ੀਲ ਸਵਤੰਤਰ ਚਿੰਤਕ ਹੋਵੇ, ਉਸਨੂੰ 'ਰੇਨਾਸਾਂਸ ਮੈਨ' ਕਿਹਾ ਜਾਂਦਾ ਸੀ। ਉਸ ਸਮੇਂ ਦੇ ਆਦਰਸ਼ ਰੇਨਾਸਾਂਸ ਮੈਨਾਂ ਵਿੱਚੋਂ ਇੱਕ ਪ੍ਰਸਿੱਧ ਸੀ ਇਟਲੀ ਦਾ ਲਿਓਨਾਰਡੋ ਡਾ ਵਿੰਸੀ (1452 1519), ਜਿਸਨੇ ਲੇਖਨ, ਆਰਟ, ਸੰਗੀਤ, ਵਿਗਿਆਨ, ਕਾਢ, ਬੁੱਤ ਘੜਤਾ, ਨਿਰਮਾਨ ਕਲਾ, ਆਦਿ ਖੇਤਰਾਂ ਵਿੱਚ ਜੌਹਰ ਦਿਖਲਾਏ। ਇਹ ਉਹੀਓ ਲਿਓਨਾਰਡੋ ਹੈ ਜਿਹਦੀਆਂ ਮੋਨਾ ਲੀਸਾ, ਲਾਸਟ ਸਪਰ (ਆਖ਼ਰੀ ਭੋਜਨ), ਤੇ ਹੋਰ ਕਿੰਨੀਆ ਕ੍ਰਿਤਾਂ ਅੱਜ ਵੀ ਹਰਮਨ ਪਿਆਰੀਆਂ ਨੇ। ਮਾਨਵਵਾਦੀਆਂ ਦਾ ਇੱਕ ਉਦੇਸ਼ ਸੀ ਵੱਡੇ-ਛੋਟੇ 'ਰੇਨਾਸਾਂਸ ਮੈਨ' ਪੈਦਾ ਕਰਨਾ।

ਰੇਨਾਸਾਂਸ ਮਾਨਵਵਾਦੀਆਂ ਵਾਂਗ ਉਸ ਸਮੇਂ ਦੇ ਪੰਜਾਬ ਵਿੱਚ ਵੀ ਗੁਰੂ ਨਾਨਕ ਦੇਵ ਜੀ ਵਲੋਂ ਆਰੰਭੇ ਅਨੇਕਾਂ ਪ੍ਰਯੋਜਨਾਂ ਵਿੱਚੋਂ ਇੱਕ ਸੀ: ਨਵੇਂ ਮਨੁੱਖ ਦੀ ਉਤਪਤੀ ਜੋ ਅੰਧ-ਵਿਸ਼ਵਾਸਾਂ ਤੋਂ ਆਜ਼ਾਦ ਹੋ ਤਰਕ ਨਾਲ ਸੋਚੇ; ਵਹਿਮਾਂ-ਭਰਮਾਂ 'ਚ ਯਕੀਨ ਨਾ ਕਰੇ; ਧਾਰਮਿਕ ਪਾਖੰਡਾਂ ਨੂੰ ਪਛਾਣਦੇ ਹੋਏ ਉਨ੍ਹਾਂ ਦਾ ਵਿਰੋਧ ਕਰੇ; ਆਪਣੇ ਤੇ ਹੋਰਾਂ ਦੇ ਹੱਕਾਂ ਦੀ ਕਦਰ ਕਰੇ; ਭਾਈਚਾਰੇ ਵਿੱਚ ਡਾਂਗ ਦੀ ਥਾਂ ਦਲੀਲ ਵਾਹਵੇ; ਤੇ ਜਾਤ-ਪਾਤ ਮਨੋਂ ਮੇਟ ਕੇ ਮਨੁੱਖਤਾ ਤੇ ਮਨੁੱਖੀ ਬਰਾਬਰੀ, ਮਨੁੱਖੀ ਵਕਾਰ, ਮਨੁੱਖੀ ਸਾਂਝੀਵਾਲਤਾ, ਭਲਾਈ, ਆਦਿ ਮਨੁੱਖੀ ਕਦਰਾਂ-ਕੀਮਤਾਂ ਵਿੱਚ ਵਿਸ਼ਵਾਸ ਰੱਖੇ। ਗੁਰੂ ਨਾਨਕ ਦੇਵ ਜੀ ਵਲੋਂ ਆਰੰਭਿਆ ਇਹ ਪ੍ਰਯੋਜਨ ਅਗਲੇ ਗੁਰੂਆਂ ਨੇ ਜਾਰੀ ਰੱਖਿਆ। ਇਸ ਨਵੇਂ ਮਨੁੱਖ ਦਾ ਨਾਮ ਸੀ: ਸਿੱਖ, ਪੰਜਾਬ ਦਾ ਰੇਨਾਸਾਂਸ ਮੈਨ (ਤੇ ਵੋਮੈਨ)। ਜਿਸ ਤਰ੍ਹਾਂ ਯੂਰਪ ਨੂੰ 'ਰੇਨਾਸਾਂਸ ਮੈਨ' ਆਧੁਨਿਕ ਯੁੱਗ ਵੱਲ ਲੈ ਲਿਆ, ਉਸੇ ਤਰ੍ਹਾਂ ਪੰਜਾਬ ਨੂੰ 'ਸਿੱਖ' ਨੇ ਪੰਜਾਬ ਨੂੰ ਆਧੁਨਿਕ ਯੁੱਗ ਵੱਲ ਲੈ ਜਾਣਾ ਸੀ (ਪਰ ਹੋਇਆ ਕੀ, ਇਹ ਆਉਂਦੇ ਅਧਿਆਵਾਂ ਵਿੱਚ ਵਿਚਾਰਿਆ ਜਾਵੇਗਾ)। ਜਿੱਥੋਂ ਤੱਕ ਵਿੱਦਿਆ ਦੇ ਮਾਨਵਵਾਦੀ ਉਦੇਸ਼ ਦਾ ਸਬੰਧ ਹੈ, 'ਸਿੱਖ' ਦਾ ਤਾਂ ਅਰਥ ਹੀ ਹੈ ਸਿੱਖਣ ਵਾਲਾ, ਭਾਵ ਵਿਦਿਆਰਥੀ।

**ਤਰਕ, ਗੋਸ਼ਟੀ ਤੇ ਗਿਆਨ** ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਤਰਕ ਰੇਨਾਸਾਂਸ ਮਾਨਵਵਾਦ ਦਾ ਇੱਕ ਮਹੱਤਵਪੂਰਣ ਹਿੱਸਾ ਸੀ; ਇਹ ਤੱਥ ਸਿੱਖ ਲਹਿਰ ਬਾਰੇ ਵੀ ਸੱਚ ਹੈ। ਪਰ, ਜੇ ਤਰਕ ਇੱਕੋ ਮੱਤ ਦੇ ਘੇਰੇ ਤੱਕ ਸੀਮਿਤ ਰਹੇ, ਤਾਂ ਉਹਦੇ ਚੱਕਰੀ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ; ਜਿਵੇਂ ਇਹ ਕਥਨ "ਇਸ ਸੱਚ ਹੈ ਕਿ ਈਸਾ ਕਬਰਾਂ ਵਿੱਚੋਂ ਉੱਠ ਖੜ੍ਹਾ ਹੋਇਆ ਸੀ ਕਿਉਂਕਿ ਬਾਈਬਲ ਕਹਿੰਦੀ ਹੈ।" ਅਜੇਹਾ ਤਰਕ ਵਿਸ਼ਵਾਸ 'ਤੇ ਖੜ੍ਹਾ ਹੁੰਦਾ ਹੈ; ਇਹਦੇ ਆਪਣੇ ਪੈਰ ਨਹੀਂ ਹੁੰਦੇ। ਇੱਕ ਸਥਿਤੀ, ਜਿੱਥੇ ਤਰਕ ਦੀ ਮਜ਼ਬੂਤੀ ਪਰਖੀ ਜਾਂਦੀ ਹੈ, ਉਦੋਂ ਪੈਦਾ ਹੁੰਦੀ ਹੈ ਜਦੋਂ ਤਰਕਾਂ/ਦਲੀਲਾਂ ਨੂੰ ਵੱਖ ਵੱਖ ਮੱਤਾਂ

ਵਿਚਕਾਰ ਵਿਚਾਰਾਂ ਵਟਾਂਦਰੇ ਜਾਂ ਸੰਵਾਦ ਦੌਰਾਨ ਵਰਤਿਆ ਜਾਵੇ। ਅਜੇਹੇ ਸੰਵਾਦ ਦਾ ਇੱਕ ਰੂਪ ਹੈ: ਗੋਸ਼ਟੀ। ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਾਣੀ ਦੋਵਾਂ ਵਿੱਚ ਤਰਕ ਤੇ ਗੋਸ਼ਟੀ ਦਾ ਵਿਸ਼ੇਸ਼ ਸਥਾਨ ਰਿਹਾ। ਮਿਸਾਲ ਤੌਰ 'ਤੇ, ਸ਼ਿਵਰਾਤਰੀ ਮੇਲੇ ਦੌਰਾਨ ਅੱਚਲ ਵਟਾਲੇ ਵਿਖੇ ਹੋਏ ਗੁਰੂ ਨਾਨਕ ਜੀ ਦੇ ਸਿੱਧਾਂ ਨਾਲ ਸੰਵਾਦ ਦਾ ਰਿਕਾਰਡ ਗੁਰੂ ਗ੍ਰੰਥ ਸਾਹਿਬ ਵਿਚ 'ਸਿਧ ਗੋਸਟ' ਹਿੱਸੇ ਵਜੋਂ ਦਰਜ ਹੈ। ਪ੍ਰਾਚੀਨ ਭਾਰਤੀ ਅਤੇ ਯੂਰਪੀਅਨ ਫ਼ਲਸਫਿਆਂ ਵਿੱਚ ਵੀ ਗੋਸ਼ਟੀ ਦੀ ਪ੍ਰਥਾ ਕਾਇਮ ਸੀ। ਯੂਰਪ ਵਿੱਚ ਗਰੀਕ ਫ਼ਿਲਾਸਫ਼ਰਾਂ ਦੀਆਂ ਕਈ ਕਿਤਾਬਾਂ ਗੋਸਿਟ-ਦਲੀਲਾਂ ਦੇ ਰੂਪ ਵਿੱਚ ਨੇ, ਉਦਾਹਰਣ ਵਜੋਂ ਪਲੈਟੋ ਦੀ 'ਰਿਪਬਲਿਕ'। ਭਾਰਤ ਵਿੱਚ ਹਿੰਦੂ ਫ਼ਲਸਫ਼ਾ ਪੇਸ਼ ਕਰਦੇ ਰਿਗਵੇਦ, ਸਾਮਵੇਦ, ਅਥਰਵਵੇਦ ਅਤੇ ਯਜੁਰਵੇਦ ਵਿਚ ਵੀ ਗੋਸਟਿ/ਸੰਵਾਦ ਦਾ ਢੰਗ ਵਰਤਿਆ ਗਿਆ। ਮਹਾਤਮਾ ਬੁੱਧ ਤੇ ਮਹਾਵੀਰ ਜੈਨ ਨੇ ਵੀ ਇਹ ਢੰਗ ਅਪਣਾਇਆ।

ਇੱਥੇ ਇਹ ਕਹਿਣਾ ਵੀ ਲਾਜ਼ਮੀ ਹੈ ਕਿ ਪ੍ਰਾਚੀਨ ਭਾਰਤੀ ਫ਼ਲਸਫ਼ੇ 'ਤੇ ਭਾਰੂ ਕੱਟੜ ਹਿੰਦੂਵਾਦ ਦੇ ਚੌਖਟੇ ਵਿੱਚ ਬਹੁਤ ਥਾਂਵਾਂ 'ਤੇ ਤਰਕ ਸ਼ਾਸਤਰ ਜਾਂ ਤਰਕ ਵਿਧਾਨ ਅਕਸਰ, ਸਚਾਈ ਲੱਭਣ ਦੇ ਮਨੋਰਥ ਨਾਲ, ਤਰਕ ਦੇ ਖ਼ਰੇ ਜਾਂ ਖ਼ੋਟੇ ਹੋਣ ਉੱਪਰ ਘੱਟ ਆਧਾਰਿਤ ਹੈ ਅਤੇ ਜਿੱਤਣ ਦੀ ਨੀਅਤ ਤੇ ਚਲਾਕੀ ਉੱਪਰ ਵੱਧ। ਮਿਸਾਲ ਦੇ ਤੌਰ 'ਤੇ, ਹਿੰਦੂ ਧਰਮ ਦੇ ਘੇਰੇ ਵਿੱਚ ਵਿਦਵਾਨ/ਬ੍ਰਾਹਮਣ 'ਸ਼ਾਸਤਾਰਥ' ਕਰਿਆ ਕਰਦੇ ਸਨ, ਜਿਸ ਦੌਰਾਨ ਸੰਵਾਦ/ਬਹਿਸ ਦਾ ਉਦੇਸ਼ ਸੱਚ ਦੀ ਖ਼ੋਜ ਦੀ ਥਾਂ ਖ਼ੁਦ ਜਿੱਤਣਾ ਤੇ ਵਿਰੋਧੀ ਦੀ ਪਿੱਠ ਲਗਵਾਉਣਾ ਹੁੰਦਾ ਸੀ। ਇਸ ਪਿੱਠਭੂਮੀ ਵਿੱਚ, ਗੁਰੂ ਨਾਨਕ ਦੇਵ ਜੀ ਦੀਆਂ ਤਰਕ ਤੇ ਗੋਸ਼ਟੀ ਦੇ ਖ਼ੇਤਰ ਵਿੱਚ ਦੋ ਵਿਸ਼ੇਸ਼ ਦੇਣਾਂ ਹਨ: 1) ਗੁਰੂ ਜੀ ਤਰਕ ਤੇ ਗੋਸ਼ਟੀ ਨੂੰ ਬ੍ਰਾਹਮਣਵਾਦ ਦੀ ਚੁੰਗਲ ਵਿੱਚੋਂ ਕੱਢ ਕੇ ਜਨ-ਸਮੂਹ ਵਿੱਚ ਲੈ ਆਏ, ਲੋਕਾਂ ਦੀ ਭਾਸ਼ਾ ਵਿੱਚ, ਤੇ 2) ਤਰਕ ਤੇ ਗੋਸ਼ਟੀ ਵਿੱਚ ਦਿਆਨਤਦਾਰੀ ਫ਼ੂਕੀ। ਉਹ ਗੋਸ਼ਟੀਆਂ ਤੋਂ ਸਾਰਥਕ, ਭਲੇ, ਤੇ ਉਸਾਰੂ ਸਿੱਟੇ ਕੱਢਣ ਹਿੱਤ ਤਰਕ ਤੇ ਗੋਸ਼ਟੀ ਦਾ ਅਜੇਹਾ ਮਾਡਲ ਪੇਸ਼ ਕਰਦੇ ਹਨ ਜਿਸ ਲਈ ਇਹ ਗੁਣ ਜ਼ਰੂਰੀ ਨੇ: ਨੈਤਿਕਤਾ, ਨਿਮਰਤਾ, ਸੰਜਮ, ਸਹਿਣਸ਼ੀਲਤਾ, ਨੀਵੀਂ ਸੁਰ, ਵਿਵੇਕ ਬੁੱਧੀ ਨੂੰ ਸੰਵਾਦ ਦਾ ਆਧਾਰ ਬਣਾਉਣਾ, ਤੇ ਦੂਸਰੀ ਧਿਰ ਨੂੰ ਬਣਦੀ ਮਾਨਤਾ ਦੇਣੀ। ਇਹ ਸਾਰੇ ਗੁਣ, ਬਹੁਤੇ ਰੇਨਾਸਾਂਸ ਬੁੱਧੀਜੀਵੀ ਵੀ ਸੰਵਾਦ ਰਚਨਾਓਣ ਵਿੱਚ ਵਰਤਦੇ ਸਨ। ਇਨ੍ਹਾਂ ਗੁਣਾਂ ਸਦਕਾ ਗੁਰੂ ਜੀ ਮੱਧਯੁੱਗ ਵਿੱਚ ਮਾੜੇ ਤੇ ਥੋੜ੍ਹੇ ਗਿਆਨ-ਸੰਚਾਰ ਦੇ ਬਾਵਜੂਦ ਵੀ ਉਸ ਸਮੇਂ ਦੇ ਕਈ ਵਿਸ਼ਿਆਂ ਵਿੱਚ ਗਿਆਨ ਪ੍ਰਾਪਤ ਕਰਨ, ਗਿਆਨ ਸਿਰਜਣ, ਤੇ ਲੋਕਤਾ ਵਿੱਚ ਗਿਆਨ ਦਾ ਚਾਨਣ ਫ਼ੈਲਾਉਣ ਵਿੱਚ ਕਾਮਯਾਬ ਹੋਏ। ਤਰਕ ਦੇ ਨਾਲ ਨਾਲ ਗੁਰਬਾਣੀ ਵਿੱਚ ਗਿਆਨ ਨੂੰ ਵੀ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਗੁਰਬਾਣੀ ਅਨੰਤ ਕੁਦਰਤ ਬਾਰੇ ਗਿਆਨ ਪ੍ਰਾਪਤੀ, ਨਾ ਕਿ ਪੂਜਾ, ਨੂੰ ਆਨੰਦ ਦਾ ਸ੍ਰੋਤ ਮੰਨਦੀ ਹੈ। ਮਿਸਾਲ ਵਜੋਂ, ਜਪੁਜੀ ਸਾਹਿਬ ਵਿੱਚ ਗਿਆਨ ਖੰਡ ਬਾਰੇ ਚਰਚਾ 'ਚੋਂ ਕੁਝ ਤੁਕਾਂ ਪੇਸ਼ ਨੇ:

**"ਗਿਆਨ ਖੰਡ ਕਾ ਆਖਹੁ ਕਰਮੁ ॥**

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥
ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ ॥"

*(ਪੰਨਾ ੭)*

**ਭਾਵ:** ਕੁਦਰਤ ਵਿੱਚ ਜਾਣਨ ਲਈ ਬਹੁਤ ਕੁਛ ਹੈ: ਕਈ ਹਵਾਵਾਂ, ਪਾਣੀ, ਅੱਗਾਂ, ਧਰਤੀਆਂ, ਚੰਨ, ਸੂਰਜ ਨੇ; ਤੇ ਉਨ੍ਹਾਂ ਨੂੰ ਚਲਾਉਣ ਵਾਲੀਆਂ ਸ਼ਕਤੀਆਂ, ਜਿਵੇਂ ਕਿੰਨੇ ਹੀ ਬ੍ਰਹਮਾ, ਸ਼ਿਵਾ, ਇੰਦਰ, ਦੇਵਤੇ, ਤੇ ਸ਼ੈਤਾਨ, ਜੋ ਸੱਭ ਕੁਦਰਤ ਦਾ ਅੰਗ ਹਨ; ਇਸੇ ਤਰ੍ਹਾਂ ਕਿੰਨੇ ਹੀ ਬੁੱਧ, ਸਿੱਧ, ਤੇ ਜੋਗੀ। ਇਸ ਕੁਦਰਤ ਦਾ ਗਿਆਨ ਪ੍ਰਾਪਤ ਕਰਕੇ ਹੀ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਜਦੋਂ ਗੁਰੂ ਨਾਨਕ ਜੀ ਨੇ ਧਰਮਾਂ ਦੇ ਨੁਮਾਇੰਦਿਆਂ ਅਤੇ ਪੈਰੋਕਾਰਾਂ ਨਾਲ ਸੰਵਾਦ ਰਚਾਇਆ, ਤਾਂ ਇਹ ਕਾਰਜ ਕਿਸੇ ਧਰਮ, ਫ਼ਿਰਕੇ, ਜਾਂ ਖ਼ਿੱਤੇ ਦੇ ਪੱਖ ਨਹੀਂ, ਸਗੋ ਸਾਰੀ ਮਨੁੱਖਤਾ ਦੇ ਪੱਖ ਤੋਂ ਕੀਤਾ। ਉਹ ਧਰਮਾਂ, ਫ਼ਿਰਕਿਆਂ, ਖ਼ਿੱਤਿਆਂ ਤੋਂ ਉੱਪਰ ਦੀ ਹੋ ਕੇ ਮਨੁੱਖਤਾ ਦੇ ਪੱਧਰ ਤੋਂ ਵਿਚਾਰ-ਵਟਾਂਦਰੇ ਦੀ ਸਿਫ਼ਾਰਸ਼ ਕਰਦੇ ਹਨ:

**"ਜਬਿ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥"**

(ਮਹਲਾ ੧, ਪੰਨਾ ੬੬੦)

**ਸਾਂਝੀਵਾਲਤਾ** : ਜਿਵੇਂ ਮੈਂ ਉੱਪਰ ਚਰਚਾ ਕੀਤੀ ਹੈ ਕਿ ਰੇਨਾਸਾਂਸ ਮਾਨਵਵਾਦੀਆਂ ਦਾ ਇੱਕ ਉਦੇਸ਼ ਸੀ: ਐਸੇ ਨਾਗਰਿਕ ਤਿਆਰ ਕਰਨਾ ਜੋ ਲੋਕਾਂ ਨੂੰ ਭਲੇ, ਤਰਕਸ਼ੀਲ, ਤੇ ਅਕਲਮੰਦ ਕੰਮ ਕਰਨ ਲਈ ਪ੍ਰੇਰਣ। ਇਸ ਦੀ ਪੂਰਤੀ ਹਿੱਤ ਪਬਲਿਕ ਲਾਇਬਰੇਰੀਆਂ ਖੋਲ੍ਹੀਆਂ, ਹਿਊਮੈਨਿਟੀਜ਼ ਆਦਿ ਦਾ ਨਵਾਂ ਵਿੱਦਿਅਕ ਖ਼ੇਤਰ ਸ਼ੁਰੂ ਕੀਤਾ ਗਿਆ। ਇਸ ਤਰ੍ਹਾਂ, ਇਸ ਮਾਨਵਵਾਦੀ ਲਹਿਰ ਵਿੱਚ ਮਨੁੱਖੀ ਸਾਂਝੀਵਾਲਤਾ ਦਾ ਅੰਸ਼ ਸੀ। ਉਸ ਵੇਲੇ ਦੇ ਪੰਜਾਬ ਦੇ ਵੱਖਰੇ ਸਥਾਨਕ ਹਾਲਾਤ ਦੇ ਹਿਸਾਬ ਨਾਲ, ਪੰਜਾਬੀ ਜਾਗਰਤੀ ਲਹਿਰ ਦੌਰਾਨ ਮਨੁੱਖੀ ਸਾਂਝੀਵਾਲਤਾ ਜ਼ਰਾ ਵੱਖ ਰੂਪਾਂ ਵਿੱਚ ਪ੍ਰਗਟ ਹੋਈ, ਜਿਵੇਂ ਕਿ ਸਿੱਖ ਲਹਿਰ ਵਿੱਚ ਲੰਗਰ ਪ੍ਰਥਾ, ਭੇਦ-ਭਾਵ ਤੋਂ ਬਿਨ੍ਹਾਂ ਮੁਫ਼ਤ ਲੰਗਰ ਛਕਾਇਆ ਜਾਣਾ। ਸਿੱਖ ਲਹਿਰ ਦਾ ਗੁਰੂ ਦਾ ਲੰਗਰ ਤੇ ਰੇਨਾਸਾਂਸ ਮਾਨਵਵਾਦੀਆਂ ਦੀਆਂ ਲੋਕਾਂ ਨੂੰ ਗਿਆਨ ਦੇ ਲੰਗਰ ਵਰਤਾਉਂਦੀਆਂ ਪਬਲਿਕ ਲਾਇਬਰੇਰੀਆਂ, ਵੱਖ ਵੱਖ ਸਥਾਨਕ ਹਾਲਤਾਂ ਅਧੀਨ, ਮਨੁੱਖੀ ਸਾਂਝੀਵਾਲਤਾ ਦੇ ਦੋ ਵੱਖਰੇ ਰੂਪ ਹਨ। ਬਾਕੀ, ਗੁਰੂਆਂ, ਭਗਤਾਂ, ਸੂਫ਼ੀ-ਫ਼ਕੀਰਾਂ, ਆਦਿ

ਨੇ ਗਿਆਨ ਤਾਂ ਰੋਜ ਵਰਤਾਇਆ। ਬਾਅਦ 'ਚ, ਸਿੱਖ ਲਹਿਰ ਵਿੱਚ ਪ੍ਰਚਾਰ ਕੇਂਦਰ ਵੀ ਖੁੱਲ੍ਹੇ।

ਭਾਰਤੀ ਸਮਾਜ ਅੰਦਰ ਹਿੰਦੂ ਧਰਮ ਵਲੋਂ ਲਾਗੂ ਹਿੰਦੂ ਫ਼ਲਸਫ਼ੇ ਵਿੱਚਲੇ ਜਾਤ-ਪਾਤ ਦੇ ਮੱਤ ਦਾ ਖ਼ੰਡਨ ਮਨੁੱਖੀ ਸਾਂਝੀਵਾਲਤਾ ਦਾ ਇਕ ਹੋਰ ਰੂਪ ਸੀ ਜੋ ਪੰਜਾਬ ਦੀ ਜਾਗਰਤੀ ਲਹਿਰ ਨੇ ਅਪਣਾਇਆ। ਉਸ ਸਮੇਂ ਦੌਰਾਨ ਸੰਕਲਿਤ ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੇ ਆਪ ਵਿੱਚ ਹੀ ਮਨੁਖੀ ਏਕਤਾ ਤੇ ਸਾਂਝੀਵਾਲਤਾ ਦਾ ਪ੍ਰਤੀਕ ਸਨ, ਜਿਸ ਵਿੱਚ ਗੁਰੂ ਸਾਹਿਬਾਨਾਂ ਨਾਲ ਅਨੇਕਾਂ ਜਾਤਾਂ, ਵੰਸ਼ਾਂ, ਤੇ ਧਾਰਮਿਕ ਪਿੱਠਭੂਮੀਆਂ ਤੋਂ ਲੇਖਕ ਸ਼ਾਮਲ ਕੀਤੇ ਗਏ, ਜਿਵੇਂ ਜੱਟ, ਚਮਾਰ, ਬ੍ਰਾਹਮਣ, ਖੱਤਰੀ, ਸੂਫ਼ੀ, ਮਰਾਸੀ, ਜੁਲਾਹਾ, ਕਸਾਈ, ਛੀਂਬੇ, ਵੈਸ਼, ਨਾਈ ਆਦਿ; ਜਿਵੇਂ ਇਸ ਵਿੱਚ ਸ਼ਾਮਲ ਗੁਰੂ ਨਾਨਕ ਤੇ ਕਈ ਭਗਤ ਜਨਾਂ ਦੀ ਪਰਵਾਰਿਕ ਪਿੱਠਭੂਮੀ ਹਿੰਦੂ ਧਰਮ ਸੀ, ਇਵੇਂ ਵੀ ਸੂਫ਼ੀਆਂ ਦੀ ਪਿੱਠਭੂਮੀ ਇਸਲਾਮ ਧਰਮ ਸੀ। ਇਸ ਲਈ, ਗੁਰਮਤ, ਜੋ ਗੁਰੂ ਗ੍ਰੰਥ ਸਾਹਿਬ ਦਾ ਮੱਤ ਹੈ, ਕਿਸੇ ਜਾਤ, ਵੰਸ਼, ਜਾਂ ਧਰਮ ਵਿਸ਼ੇਸ਼ 'ਤੇ ਨਹੀਂ, ਬਲਕਿ ਮਨੁੱਖਤਾ 'ਤੇ ਆਧਾਰਿਤ, ਅਧਿਆਤਮਿਕ ਘੇਰੇ ਵਿੱਚ ਸਿਰਜਿਆ ਮੱਤ ਹੈ, ਜੋ ਪੰਜਾਬ ਜਾਗਰਤੀ ਲਹਿਰ ਦਾ ਵੀ ਕੇਂਦਰੀ ਮੱਤ ਸੀ।

ਜਿਸ ਤਰ੍ਹਾਂ ਰੇਨਾਸਾਂਸ ਮਾਨਵਵਾਦੀ ਲਹਿਰ ਮੁੱਖ ਰੂਪ ਵਿੱਚ ਬੌਧਿਕ ਲਹਿਰ ਸੀ, ਪੰਜਾਬ ਜਾਗਰਤੀ ਲਹਿਰ ਦਾ ਇੱਕ ਬੌਧਿਕ ਬੁਲਾਰਾ ਗੁਰੂ ਗ੍ਰੰਥ ਸਾਹਿਬ ਸੀ, ਜਿਸ ਵਿੱਚ ਹੋਰ ਮਾਨਵਵਾਦੀ ਅੰਸ਼ਾਂ ਦੇ ਨਾਲ ਨਾਲ ਮਨੁੱਖੀ ਸਾਂਝੀਵਾਲਤਾ ਉੱਪਰ ਕਾਫੀ ਵਚਨ ਨੇ, ਜਿਵੇਂ ਮਨੁੱਖੀ ਸਾਂਝੀਵਾਲਤਾ ਦੇ ਹੱਕ ਵਿੱਚ ਅਤੇ ਜਾਤ-ਪਾਤ, ਨਸਲਵਾਦ, ਧਰਮਾਂ, ਤੇ ਸਥਾਨਾਂ ਦੇ ਵਿਤਕਰਿਆਂ ਵਿਰੁੱਧ ਇਹ ਐਲਾਨਨਾਂਮਾ:

**"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"**

(ਭਗਤ ਕਬੀਰ, ਪੰਨਾ ੧੩੪੯)

ਇਸੇ ਤਰ੍ਹਾਂ, ਗੁਰੂ ਨਾਨਕ ਜੀ ਫ਼ਰਮਾਉਂਦੇ ਕਿ ਉੱਚ ਜਾਤ ਜਨਮ ਤੋਂ ਮੱਤ ਪਹਿਚਾਣੋ, ਕਿ ਕੋਈ ਕਿਸ ਘਰਾਣੇ ਪੈਦਾ ਹੋਇਆ; ਸਗੋਂ ਉਸ ਦੀ ਉੱਚੀ ਜਾਂ ਨੀਵੀਂ ਜਾਤ ਦਾ ਨਿਰਣਾ ਉਹਦੇ ਕੰਮ ਹੀ ਕਰਦੇ ਹਨ:

**"ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥**
**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥"**

(ਪੰਨਾ ੧੩੩੦)

ਤੇ ਸਾਂਝੀਵਾਲਤਾ ਦਾ ਸੰਦੇਸ਼ਾਂ ਦਿੰਦੇ ਨੇ:

**"ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥'**

(ਪੰਨਾ ੯੭)

**'ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥"**

(ਪੰਨਾ ੭੨)

ਇਸ ਤਰ੍ਹਾਂ ਹੀ ਗੋਬਿੰਦ ਸਿੰਘ ਜੀ ਵੀ ਮਨੁੱਖੀ ਸਾਂਝੀਵਾਲਤਾ ਦਾ ਉਪਦੇਸ਼ ਦਿੰਦੇ ਹਨ:

**"ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥ ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥"**

ਗੁਰੂ ਗ੍ਰੰਥ ਸਾਹਿਬ ਅਨੁਸਾਰ ਕਰਮਕਾਂਡੀ ਬ੍ਰਾਹਮਣ ਨਹੀਂ, ਬਲਕਿ ਸਭ ਦਾ ਭਲਾ ਕਰ ਮੋਕਸ਼ ਪ੍ਰਾਪਤ ਵਾਲਾ ਅਸਲੀ ਬ੍ਰਾਹਮਣ, ਭਾਵ ਵਿਦਵਾਨ, ਹੈ:

**"ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥"**

(ਪੰਨਾ ੬੬੨)

ਗੁਰੂ ਨਾਨਕ ਜੀ ਨੇ ਆਪਣੀ ਬਾਣੀ ਵਿੱਚ ਨੀਚ ਸਮਝੇ ਜਾਣ ਵਾਲੇ ਲੋਕਾਂ ਲਈ ਆਪਣਾ ਪਿਆਰ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਹੈ:

**"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥"**

ਸੂਫ਼ੀ ਲਹਿਰ ਵਲੋਂ ਵੀ ਮਨੁੱਖੀ ਕਦਰਾਂ-ਕੀਮਤਾਂ ਤੇ ਸਾਂਝੀਵਾਲਤਾ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਗਈ ਜੋ ਸੂਫ਼ੀ ਕਵੀ ਮੀਆਂ ਮੁਹੰਮਦ ਬਖ਼ਸ਼ ਨੇ ਇਨ੍ਹਾਂ ਲਾਇਨਾਂ ਵਿੱਚ ਬੜੀ ਖ਼ੂਬਸੂਰਤੀ ਨਾਲ ਪਕੜੀ ਹੈ:

**"ਮੰਦਰ ਢਾਹ ਦੇ, ਮਸਜਿਦ ਢਾਹ ਦੇ,
ਢਾਹ ਦੇ ਜੋ ਕੁਝ ਢਹਿੰਦਾ।
ਇੱਕ ਬੰਦੇ ਦਾ ਦਿਲ ਨਾ ਢਾਵੀਂ,
ਰੱਬ ਦਿਲਾਂ ਵਿਚ ਰਹਿੰਦਾ।"**

**ਸਿੱਟੇ** : ਮੁੱਕਦੀ ਗੱਲ, ਮੱਧਯੁੱਗੀ ਯੂਰਪ ਵਿੱਚ ਰੇਨਾਸਾਂਸ ਦੌਰਾਨ ਚੱਲੀ ਮਾਨਵਵਾਦੀ ਲਹਿਰ ਦੇ ਕਰੀਬ ਸਾਰੇ ਮੁੱਖ ਲੱਛਣ ਮੂਲ ਰੂਪ ਵਿੱਚ ਉਸੇ ਸਮੇਂ ਹੀ ਪੰਜਾਬ ਵਿੱਚ ਚੱਲ ਰਹੀ ਜਾਗਰਤੀ ਲਹਿਰ ਨਾਲ ਸਾਂਝੇ ਸਨ। ਇਹਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਿਵੇਂ ਪੰਜਾਬ ਜਾਗਰਤੀ ਲਹਿਰ ਵੀ ਇੱਕ ਮਾਨਵਵਾਦ ਲਹਿਰ ਸੀ। ਇਹ ਦੋਵੇਂ ਲਹਿਰਾਂ ਬੁੱਧੀਜੀਵੀਆਂ ਵਲੋਂ ਅਧਿਆਤਮਵਾਦ ਦੇ ਘੇਰੇ ਵਿਚ ਸ਼ੁਰੂ ਕੀਤੀਆਂ ਗਈਆਂ ਮਾਨਵਵਾਦੀ ਲਹਿਰਾਂ ਸਨ। ਕਿਉਂਕਿ ਗੁਰੂ ਸਾਹਿਬਾਨਾਂ, ਭਗਤ ਜਨਾਂ, ਤੇ ਸੂਫ਼ੀਆਂ ਸਮੇਤ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕਾਂ ਜਾਤਾਂ, ਵੰਸ਼ਾਂ, ਤੇ ਧਾਰਮਿਕ ਪਿੱਠਭੂਮੀਆਂ ਤੋਂ ਲੇਖਕ ਸ਼ਾਮਲ ਹਨ, ਗੁਰਮਤ, ਜੋ ਗੁਰੂ ਗ੍ਰੰਥ ਸਾਹਿਬ ਦਾ ਮੱਤ ਹੈ, ਕਿਸੇ ਜਾਤ, ਵੰਸ਼, ਜਾਂ ਧਰਮ ਵਿਸ਼ੇਸ਼ 'ਤੇ ਨਹੀਂ, ਬਲਕਿ ਮਨੁੱਖਤਾ 'ਤੇ ਆਧਾਰਿਤ, ਅਧਿਆਤਮਿਕ ਘੇਰੇ ਵਿੱਚ ਸਿਰਜਿਆ, ਮੱਤ ਹੈ, ਜਿਹਦਾ ਇੱਕ ਮੁੱਖ ਅੰਸ਼ ਹੈ ਮਾਨਵਵਾਦ। ਇਹ ਪੰਜਾਬ ਜਾਗਰਤੀ ਲਹਿਰ ਦਾ ਵੀ ਕੇਂਦਰੀ ਮੱਤ ਸੀ।

ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਮਾਨਵਵਾਦੀ ਲਹਿਰ ਵਿੱਚਕਾਰ ਸਾਂਝੇ ਲੱਛਣ ਸਨ: ਮਨੁੱਖੀ ਕਦਰਾਂ-ਕੀਮਤਾਂ, ਮਨੁੱਖੀ ਨੈਤਿਕਤਾ, ਮਨੁੱਖੀ ਆਤਮ-ਸਨਮਾਨ, ਤੇ

ਮਨੁੱਖੀ ਸਾਂਝੀਵਾਲਤਾ ਨੂੰ ਮਾਨਤਾ; ਗਿਆਨ ਸੰਚਾਰ, ਲੋਕ ਭਲਾਈ ਲਈ ਸਰਗਰਮੀਆਂ; ਧਰਮ ਦੀਆਂ ਕੁਰੀਤੀਆਂ ਦਾ ਵਿਰੋਧ; ਅੰਧ-ਵਿਸ਼ਵਾਸਾਂ ਦਾ ਖੰਡਨ ਤੇ ਤਰਕ ਦੀ ਵਰਤੋਂ। ਜਿਸ ਤਰ੍ਹਾਂ ਯੂਰਪ ਨੂੰ 'ਰੇਨਾਸਾਂਸ ਮੈਨ' ਆਧੁਨਿਕ ਯੁੱਗ ਵੱਲ ਲੈ ਲਿਆ, ਉਸੇ ਤਰ੍ਹਾਂ ਪੰਜਾਬ ਨੂੰ 'ਸਿੱਖ' ਨੇ ਆਧੁਨਿਕ ਯੁੱਗ ਵੱਲ ਲੈ ਜਾਣਾ ਸੀ। ਪਰ ਹੋਇਆ ਕੀ, ਇਹ ਆਉਂਦੇ ਅਧਿਆਵਾਂ ਵਿੱਚ ਵਿਚਾਰਿਆ ਜਾਵੇਗਾ। ਇਹ ਵਿਚਾਰਦੇ ਹੋਏ ਕਿ ਪੰਜਾਬ ਸਣੇ ਭਾਰਤ ਯੂਰਪੀਅਨ ਦੇਸ਼ਾਂ ਤੋਂ ਕਿੰਨਾ ਪਛੜਿਆ ਹੋਇਆ ਸੀ, ਮਿਸਾਲੀ ਸੱਚ ਹੈ ਕਿ ਉਸ ਸਮੇਂ ਦੇ ਪੰਜਾਬ ਵਿੱਚ ਗੁਰੂ ਨਾਨਕ ਦੇਵ ਜੀ ਨੇ ਐਸੀ ਮਾਨਵਵਾਦੀ ਲਹਿਰ ਸ਼ੁਰੂ ਕੀਤੀ ਜਿਸ ਵਿੱਚ ਸਿਰਫ਼ ਰੇਨਾਸਾਂਸ ਮਾਨਵਵਾਦ ਦੇ ਹੀ ਨਹੀਂ, ਸ਼ਗੋਂ ਆਧੁਨਿਕ ਮਾਨਵਵਾਦ ਦੇ ਵੀ ਅੰਸ਼ ਸਨ; ਜਿਵੇਂ ਅਸੀਂ ਅਗਲੇ ਅਧਿਆਇ ਵਿੱਚ ਵੇਖਾਂਗੇ।

# ਅਧਿਆਏ 2

## ਮੱਧਕਾਲੀ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਮਾਨਵਵਾਦ ਲਹਿਰ: ਆਧੁਨਿਕ ਮਾਨਵਵਾਦ ਦੇ ਸੰਦਰਭ ਵਿੱਚ



*ਬੁੱਲ੍ਹੇ ਸ਼ਾਹ (1680-1758) ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ ਦੌਰਾਨ ਸੂਫ਼ੀ ਲਹਿਰ ਦੇ ਇਕ ਨਾਇਕ ਅਤੇ ਕਵੀ*


ਜਿਵੇਂ ਪਿਛਲੇ ਅਧਿਆਏ ਤੋਂ ਅਸੀਂ ਤੋਂ ਜਾਣਦੇ ਹਾਂ ਕਿ ਗੁਰੂਆਂ ਦੀ ਸਿੱਖ ਲਹਿਰ 15ਵੀਂ ਸਦੀ ਦੇ ਅੰਤ ਤੋਂ 18ਵੀਂ ਸਦੀ ਸ਼ੁਰੂ ਤੱਕ ਚੱਲੀ। ਪੰਜਾਬ ਜਾਗਰਤੀ ਲਹਿਰ ਦੀਆਂ ਦੂਜੀਆਂ ਉਪ-ਲਹਿਰਾਂ ਦੇ ਕਾਲ ਬਾਰੇ ਵੀ ਦੋ ਸ਼ਬਦ ਕਹਿਣੇ ਬਣਦੇ ਹਨ। ਭਗਤੀ ਲਹਿਰ ਦਾ ਉੱਤਰੀ ਭਾਰਤ ਵਿੱਚ ਆਰੰਭ ਭਗਤ ਨਾਮਦੇਵ ਜੀ (1270-1350) ਨਾਲ ਹੋਇਆ, ਜੋ ਬਹੁਤ ਸਮਾਂ ਪੰਜਾਬ ਵਿੱਚ ਰਹੇ। ਇਸ ਲਹਿਰ ਦਾ ਜੋਰ 12ਵੀ ਸਦੀ ਤੋਂ 16ਵੀਂ ਸਦੀ ਰਿਹਾ, ਜੋ ਸ਼ੁਰੂ ਹੋਣ ਬਾਅਦ ਹੌਲੀ ਹੌਲੀ ਪੰਜਾਬ ਸਣੇ ਸਾਰੇ ਭਾਰਤ ਵਿੱਚ ਫ਼ੈਲ ਗਈ ਸੀ। ਪੰਜਾਬ ਦੀ ਭਗਤੀ ਲਹਿਰ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਹਿੱਸਾ ਪਾਉਣ ਵਾਲੇ ਭਗਤ ਜਨ ਪੰਜਾਬ ਤੋਂ ਤੇ ਪੰਜਾਬ ਤੋਂ ਬਾਹਰੋਂ ਵੀ ਸਨ। 12ਵੀਂ ਸਦੀ ਦੇ ਬਾਬਾ ਫ਼ਰੀਦ ਜੀ ਤੋਂ ਪੰਜਾਬੀ ਸੂਫ਼ੀ ਕਾਵਿ ਸ਼ੁਰੂ ਹੋਇਆ; ਸੂਫ਼ੀ ਲਹਿਰ ਪੰਜਾਬ ਵਿੱਚ ਸਿੱਖ ਲਹਿਰ ਦੇ ਸਾਥ ਸਾਥ ਵੀ ਚੱਲਦੀ ਰਹੀ।

ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਮਾਨਵਵਾਦ ਲਹਿਰ ਦਾ ਉੱਚ-ਪੱਧਰੀ ਤੁਲਨਾਤਮਿਕ ਅਧਿਅਨ ਪੇਸ਼ ਕਰਦੇ ਹੋਏ, ਅਧਿਆਏ 1 ਵਿੱਚ ਅਸੀ ਇਹਨਾਂ ਦੋ ਮਾਨਵਵਾਦੀ ਲਹਿਰਾਂ ਦੇ ਇਹ ਸਾਂਝੇ ਲੱਛਣ ਪਛਾਣੇ ਹਨ: ਮਨੁੱਖੀ ਕਦਰਾਂ-ਕੀਮਤਾਂ, ਮਨੁੱਖੀ ਨੇਤਿਕਤਾ, ਮਨੁੱਖੀ ਆਤਮ-ਸਨਮਾਨ, ਤੇ ਮਨੁੱਖੀ ਸਾਂਝੀਵਾਲਤਾ ਨੂੰ ਮਾਨਤਾ; ਲੋਕ ਭਲਾਈ ਲਈ ਸਰਗਰਮੀਆਂ; ਧਰਮ ਦੀਆਂ ਕੁਰੀਤੀਆਂ ਦਾ ਵਿਰੋਧ; ਅਤੇ ਅੰਧ-

ਵਿਸ਼ਵਾਸਾਂ ਦਾ ਖੰਡਨ ਤੇ ਤਰਕ ਦੀ ਵਰਤੋਂ। ਇਸ ਅਧਿਆਏ ਵਿੱਚ, ਅਸੀਂ ਵੇਖਾਂਗੇ ਕਿ ਕਿਵੇਂ ਰੇਨਾਸਾਂਸ ਮਾਨਵਵਾਦੀ ਲਹਿਰ ਆਧੁਨਿਕ ਮਾਨਵਵਾਦੀ ਲਹਿਰ ਵਿੱਚ ਵਿਕਸਿਤ ਹੋਈ ਅਤੇ ਕਿੰਝ ਪੰਜਾਬ ਜਾਗਰਤੀ ਲਹਿਰ ਦੇ ਕੁਝ ਤੱਤ ਆਧੁਨਿਕ ਮਾਨਵਵਾਦੀ ਲਹਿਰ ਤੱਤਾਂ ਦੇ ਹਾਣ ਦੇ ਸਨ। ਮੱਧਯੁੱਗੀ ਰੇਨਾਸਾਂਸ ਮਾਨਵਵਾਦੀ ਲਹਿਰ ਨੂੰ ਆਧੁਨਿਕ ਮਾਨਵਵਾਦੀ ਲਹਿਰ ਵਿੱਚ ਬਦਲਣ ਲਈ ਨਿਸ਼ਚੇ ਹੀ ਮੱਧਯੁੱਗ ਵੀ ਆਧੁਨਿਕ ਯੁੱਗ ਵਿੱਚ ਬਦਲਿਆ ਹੋਵੇਗਾ। ਇਨ੍ਹਾਂ ਦੋਹਾਂ ਬਦਲੀਆਂ ਦੀ ਵਾਜਬ ਕਦਰ ਪਾਉਣ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਯੁੱਗ ਕਿਵੇਂ ਬਦਲੇ ਜਾਂਦੇ ਨੇ।



*ਗੁਰੂ ਅਮਰ ਦਾਸ ਜੀ (1479-1574), ਜਿਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਔਰਤ ਸੰਗ ਹੁੰਦੇ ਧਾਰਮਿਕ ਤੇ ਸਮਾਜਿਕ ਦਰ੍ਹਾਂਡੇ ਵਿਰੁੱਧ ਅਤੇ ਔਰਤ ਹੱਕਾਂ ਲਈ ਆਵਾਜ਼ ਉਠਾਈ, ਤੇ ਸਿੱਖ ਲਹਿਰ ਦੇ ਸੰਚਾਲਕੀ*



*ਗਲੇਲਿਓ ਗਲੇਲੀ (1564-1642) : ਮਹਾਨ ਵਿਗਿਆਨੀ ਜਿਨ੍ਹਾਂ ਨੂੰ ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ ਦੌਰਾਨ ਚਰਚ ਲੀਡਰਾਂ ਵਲੋਂ ਸਜ਼ਾ ਦਿੱਤੀ ਗਈ, ਖੋਜਿਆ ਵਿਗਿਆਨਕ ਸੱਚ ਬਿਆਨਣ ਲਈ ਕਿ 'ਧਰਤੀ ਸੂਰਜ ਦੁਆਲੇ ਘੁੰਮਦੀ ਹੈ; ਕਿਉਂਕਿ ਇਹ ਸੱਚ ਬਾਈਬਲ ਦੇ ਸੂਤ ਨਹੀਂ ਬਹਿੰਦਾ ਸੀ।'*

ਯੁੱਗ ਕਿਵੇਂ ਬਦਲਦੇ ਨੇ? ਯੁੱਗ ਰਾਤੋ-ਰਾਤ ਨਹੀਂ ਪਲਟਦੇ, ਇਨ੍ਹਾਂ ਨੂੰ ਅਕਸਰ ਠੀਕ ਵਕਤ 'ਤੇ ਉਚਿੱਤ ਲਹਿਰਾਂ ਬਦਲਦੀਆਂ ਹਨ। ਹੁੰਦਾ ਇੰਝ ਹੈ ਕਿ ਇਨ੍ਹਾਂ ਲਹਿਰਾਂ ਵਿੱਚ ਅਗਲੇ ਯੁੱਗ ਵੱਲ ਇਸ਼ਾਰੇ ਕਰਦੇ ਅੰਸ਼ ਹੁੰਦੇ ਨੇ; ਇਸੇ ਲਈ ਇਨ੍ਹਾਂ ਨੂੰ ਅਗਾਂਹ-ਵਧੂ, ਪ੍ਰਗਤੀਸ਼ੀਲ, ਜਾਂ ਭਵਿੱਖਮੁਖੀ ਲਹਿਰਾਂ ਕਹਿੰਦੇ ਹਾਂ। ਮੱਧਯੁੱਗ ਵਿੱਚ ਚੱਲੀਆਂ ਪੰਜਾਬ ਜਾਗਰਤੀ ਲਹਿਰ ਤੇ ਯੂਰਪੀਅਨ ਰੇਨਾਸਾਂਸ ਲਹਿਰ ਦੋਨੋਂ ਹੀ ਭਵਿੱਖਮੁਖੀ ਲਹਿਰਾਂ ਸਨ, ਕਿਉਂਕਿ ਇਨ੍ਹਾਂ ਵਿੱਚ ਆਧੁਨਿਕ ਯੁੱਗ ਵਲ ਇਸ਼ਾਰੇ ਕਰਦੇ ਅੰਸ਼ ਸਨ। ਇਹ ਯੁੱਗ ਬਦਲੀ ਵਿਰੋਧ-ਵਿਕਾਸ ਦੇ ਪਰੋਸੈਸ ਦੁਆਰਾ ਵਾਪਰਦੀ ਹੈ। ਦਾਰਸ਼ਨਿਕ ਸੰਕਲਪ ਦੇ ਤੌਰ 'ਤੇ ਵਿਰੋਧ-ਵਿਕਾਸ ਦੀਆਂ ਜੜ੍ਹਾਂ ਗਰੀਕ ਫ਼ਿਲਾਸਫ਼ਰ ਅਰਸਤੂ ਤੇ ਜੇਨੋਂ ਤੱਕ ਜਾਂਦੀਆਂ ਨੇ। ਵਿਰੋਧ-ਵਿਕਾਸ ਦੇ ਸਿਧਾਂਤ ਨੂੰ ਭੌਤਿਕ ਜਗਤ ਵਿੱਚ ਆਧੁਨਿਕ ਰੂਪ ਮਾਰਕਸ ਅਤੇ ਏਂਗਲਜ ਨੇ ਦਿੱਤਾ। ਇਹ ਇੱਕ ਵਿਗਿਆਨਕ ਸੁਭਾਅ ਵਾਲਾ ਸਿਧਾਂਤ ਹੈ, ਜੋ ਮੂਲ ਰੂਪ ਵਿੱਚ ਭੌਤਿਕ ਜਗਤ ਦੇ ਹਰ ਖ਼ੇਤਰ ਵਿੱਚ ਕੁਦਰਤੀ ਤੌਰ 'ਤੇ ਸਰਗਰਮ ਹੈ। ਵਿਰੋਧ-ਵਿਕਾਸ ਦੀਆਂ ਜੜ੍ਹਾਂ ਵਿੱਚ ਇੱਕ ਵਿਆਪਕ ਮੂਲ ਨਿਯਮ ਹੈਃ ਵਿਕਾਸ ਦੋ ਜਾਂ ਵੱਧ ਵਿਰੋਧੀ ਸ਼ਕਤੀਆਂ ਦੇ ਭੇੜ, ਯਾਨਿ ਪਰਸਪਰ ਕਿਰਿਆ, ਦੁਆਰਾ ਹੁੰਦਾ ਹੈ। ਮਿਸਾਲ ਦੇ ਤੌਰ 'ਤੇ, ਜੇ ਧਰਤੀ ਰਗੜ ਨਾ ਪੇਸ਼ ਕਰੇ ਤਾਂ ਬੰਦਾ ਇੱਕ ਕਦਮ ਵੀ ਨਹੀਂ ਚੁੱਕ ਸਕਦਾ, ਤਿਲ੍ਹਕ ਕੇ ਡਿਗ ਪਏਗਾ। ਰਗੜ ਦੀ ਸ਼ਕਤੀ ਦੇ ਵਿਰੋਧੀ ਦਿਸ਼ਾ ਵਿੱਚ ਬੰਦਾ ਆਪਣੇ ਪੈਰ ਦੀ ਸ਼ਕਤੀ ਵਰਤਦਾ ਹੈ, ਇਨ੍ਹਾਂ ਦੋ ਸ਼ਕਤੀਆਂ ਦੇ ਭੇੜ ਸਦਕਾ ਬੰਦਾ ਕਦਮ ਪੁੱਟਣ ਵਿੱਚ ਕਾਮਯਾਬ ਹੁੰਦਾ ਹੈ। ਯੂਰਪੀਅਨ ਰੇਨਾਸਾਂਸ ਲਹਿਰ ਨੂੰ ਅੱਗੇ ਵਧਣ ਲਈ ਚਰਚ ਨੇ ਅਤੇ ਪੰਜਾਬ ਜਾਗਰਤੀ ਲਹਿਰ ਨੂੰ ਮੁਗ਼ਲ ਰਾਜ ਤੇ ਕੱਟੜ ਹਿੰਦੂ ਧਰਮ ਦੀਆਂ ਕੁਰੀਤੀਆਂ ਨੇ ਵਿਰੋਧ ਮੁਹੱਈਆ ਕੀਤਾ; ਹੋਰ ਵਿਰੋਧੀ ਤਾਕਤਾਂ ਦੇ ਨਾਲ ਨਾਲ।

ਯਾਦ ਕਰੋ, ਪੰਜਾਬ ਜਾਗਰਤੀ ਲਹਿਰ ਦਾ ਮਾਨਵਵਾਦ ਤੇ ਯੂਰਪੀਅਨ ਰੇਨਾਸਾਂਸ ਮਾਨਵਵਾਦ ਦੋਵੇਂ ਜ਼ਿਆਦਾਤਰ ਬੌਧਿਕ ਲਹਿਰਾਂ ਸਨ ਜੋ ਅਧਿਆਤਮਵਾਦ ਦੇ ਘੇਰੇ ਵਿੱਚ ਚਲਾਈਆਂ ਜਾ ਰਹੀਆਂ ਸਨ।

**ਰੇਨਾਸਾਂਸ ਮਾਨਵਵਾਦ ਤੋਂ ਆਧੁਨਿਕ ਮਾਨਵਵਾਦ ਤੱਕ:** ਪ੍ਰਬੋਧਨ ਪ੍ਰਾਪਤੀ ਦਾ ਰਾਹ. ਯੂਰਪੀਅਨ ਰੇਨਾਸਾਂਸ ਲਹਿਰ ਨੇ ਮਨੁੱਖੀ ਜ਼ਿੰਦਗੀ ਦੇ ਹਰ ਖ਼ੇਤਰ ਨੂੰ ਪ੍ਰਭਾਵਿਤ ਕੀਤਾ, ਤੇ ਯੂਰਪ ਨੇ ਇਸ ਸਮੇਂ ਦੌਰਾਨ ਹਰ ਖ਼ੇਤਰ ਵਿੱਚ ਤਰੱਕੀ ਕੀਤੀ। ਇਸ ਜਾਗਰਿਤੀ ਲਹਿਰ ਨੂੰ ਪੈਦਾ ਤੇ ਵਿਕਸਿਤ ਕਰਨ ਵਿੱਚ ਵਿਗਿਆਨ ਨੇ ਸਿੱਧੇ ਤੇ ਅਸਿੱਧੇ ਤੌਰ 'ਤੇ ਮਹੱਤਵ ਪੂਰਨ ਭੂਮਿਕਾ ਨਿਭਾਈ। ਵਿਗਿਆਨਕ ਖ਼ੋਜਾਂ ਨੇ ਧਾਰਮਿਕ ਲੀਡਰਾਂ ਨੂੰ ਕ੍ਰੋਧਿਤ ਕਰਦੇ ਹੋਏ ਬ੍ਰਹਿਮੰਡ ਦਾ ਮਾਡਲ ਬਦਲ ਕੇ ਰੱਖ ਦਿੱਤਾ, ਜਿਸ ਵਿੱਚ ਹੁਣ ਧਰਤੀ ਬ੍ਰਹਿਮੰਡ ਦੀ ਕੇਂਦਰ ਨਹੀਂ, ਸਗੋਂ ਹੋਰਾਂ ਗ੍ਰਹਿਾਂ ਸਮੇਤ ਸੂਰਜ ਦੁਆਲੇ ਘੁੰਮਦੀ ਹੈ। ਇਸੇ ਸਮੇਂ ਦੌਰਾਨ ਹੀ ਵਿਗਿਆਨ ਵਿੱਚ ਨਿਊਟਨ ਦਾ ਗੁਰੂਤਾ ਖਿੱਚ ਦਾ ਨਿਯਮ ਵਿਕਸਿਤ ਹੋਇਆ, ਜਿਸ ਅਨੁਸਾਰ ਕੇਵਲ ਧਰਤੀ 'ਤੇ ਹੀ ਨਹੀਂ, ਸ.ਗੋਂ ਸਾਰੇ ਬ੍ਰਹਿਮੰਡ ਵਿੱਚ ਹਰ ਮਾਦਿਕ ਚੀਜ਼ ਦੂਸਰੀਆਂ ਸੱਭ ਮਾਦਿਕ ਚੀਜ਼ਾਂ ਨੂੰ ਆਪਣੀ ਤਰਫ਼ ਖਿੱਚਦੀ ਹੈ ਤੇ ਇਹ ਖਿੱਚ ਸ਼ਕਤੀ

ਮਿਣੀ ਜਾ ਸਕਦੀ ਹੈ। ਇਸ ਖ਼ੋਜ ਨੇ ਕੇਵਲ ਵਿਗਿਆਨੀਆਂ ਵਿੱਚ ਹੀ ਨਹੀਂ, ਬਲਕਿ ਹੋਰ ਚਿੰਤਕਾਂ ਤੇ ਆਮ ਲੋਕਾਂ ਵਿਚ ਵੀ ਨਵਾਂ ਉਤਸ਼ਾਹ ਭਰ ਦਿੱਤਾ; ਉਨ੍ਹਾਂ ਨੂੰ ਦਿਸਣ ਲੱਗ ਪਿਆ ਕਿ ਹੁਣ ਸਿਰਫ਼ ਇਸ ਦੁਨੀਆਂ ਨੂੰ ਹੀ ਨਹੀਂ, ਸਗੋਂ ਵਿਗਿਆਨਕ ਨਿਯਮ ਖੋਜ ਕੇ ਸਾਰੇ ਬ੍ਰਹਿਮੰਡ ਨੂੰ ਸਮਝਿਆ ਜਾ ਸਕਦਾ ਹੈ। ਉਸ ਸਮੇਂ ਚਰਚ ਅਰਿਸਟੋਟਲ ਦੇ ਮਾਡਲ ਨੂੰ ਮੰਨਦਾ ਸੀ ਜਿਸ ਅਨੁਸਾਰ ਧਰਤੀ ਬ੍ਰਹਿਮੰਡ ਦਾ ਕੇਂਦਰ ਸੀ ਤੇ ਬਾਕੀ ਸਾਰੇ ਗ੍ਰਹਿ, ਸੂਰਜ, ਆਦਿ ਧਰਤੀ ਦੁਆਲੇ ਘੁੰਮਦੇ ਸਨ, ਕਿਉਂਕਿ ਇਹ ਮਾਡਲ ਚਰਚ ਲੀਡਰਾਂ ਦੀ ਸਮਝ ਅਨੁਸਾਰ ਬਾਈਬਲ ਵਿੱਚ ਪੇਸ਼ ਕੀਤੇ ਬ੍ਰਹਿਮੰਡ ਮੱਤ ਦੇ ਜ਼ਿਆਦਾ ਸੂਤ ਬਹਿੰਦਾ ਸੀ। ਜਦੋਂ ਵਿਗਿਆਨਕ ਖ਼ੋਜਾਂ ਨੇ ਉਸ ਮਾਡਲ ਨੂੰ ਨਿਕਾਰਦੇ ਹੋਏ ਦਿਖਾਉਣਾ ਸ਼ੁਰੂ ਕਰ ਦਿੱਤਾ ਕਿ ਸੱਭ ਕੁਛ ਧਰਤੀ ਦੁਆਲੇ ਨਹੀਂ ਘੁੰਮਦਾ, ਬਲਕਿ ਧਰਤੀ ਤੇ ਸਾਰੇ ਗ੍ਰਹਿ ਸੂਰਜ ਦੁਆਲੇ ਘੁੰਮਦੇ ਹਨ, ਤਾਂ ਚਰਚ ਲੀਡਰਾਂ ਨੇ ਸਰ੍ਹੇਆਮ ਵਿਗਿਆਨ ਖ਼ਿਲਾਫ਼ ਖੜ੍ਹੇ ਹੋ ਕੇ ਇਨ੍ਹਾਂ ਖ਼ੋਜਾਂ ਨਾਲ ਸੰਬੰਧਿਤ ਵਿਗਿਆਨੀਆਂ ਨੂੰ ਖ਼ੱਜਲ-ਖੁਆਰ ਕਰਨਾ ਸ਼ੁਰੂ ਕਰ ਦਿੱਤਾ। ਵਿਗਿਆਨੀ ਗਲੇਲਿਓ ਗਲੇਲੀ 'ਤੇ ਚਲਾਇਆ ਮੁਕੱਦਮਾ ਤੇ ਦਿੱਤੀ ਸਜ਼ਾ ਇਹਦੀ ਇਕ ਉਦਾਹਰਨ ਹੈ।

ਰੇਨਾਸਾਂਸ ਮਾਨਵਵਾਦ (14ਵੀਂ ਤੋਂ 17ਵੀਂ ਸਦੀ ਤੱਕ) ਤੋਂ ਨਿੱਕਲੀ ਪ੍ਰਬੋਧਨ (enlightenment) ਨਾਂ ਦੀ ਯੂਰਪੀਅਨ ਬੌਧਿਕ ਲਹਿਰ ਨੇ ਰੇਨਾਸਾਂਸ ਵਾਂਗ ਹੀ ਯੂਰਪ ਦੇ ਕਈ ਗਿਆਨ ਖੇਤਰਾਂ, ਅਤੇ ਸਮਾਜਿਕ, ਧਾਰਮਿਕ, ਤੇ ਰਾਜਨੀਤਕ ਪੱਖਾਂ ਨੂੰ ਪ੍ਰਭਾਵਿਤ ਕੀਤਾ। 17ਵੀਂ ਸਦੀ ਤੋਂ 19ਵੀਂ ਸਦੀ ਤੱਕ ਫ਼ੈਲੀ ਇਸ ਲਹਿਰ ਦੀ ਪਹਿਲੀ ਲਿਖਤ ਨਿਊਟਨ ਦੇ 1687 ਵਿੱਚ ਪ੍ਰਕਾਸ਼ਤ ਵਿਗਿਆਨਕ ਲਿਖਤ 'ਪ੍ਰਿੰਸੀਪੀਆ ਮੈਥੇਮੈਟਿਕਾ' ਨੂੰ ਮੰਨਿਆ ਜਾਂਦਾ ਹੈ। ਪ੍ਰਬੋਧਨ ਦੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ ਵਿੱਚ ਕਾਂਤ, ਰੂਸੋ, ਬੇਕਰੀਗੀਆ, ਬਾਰੂਚ ਸਪਿਨੋਜ਼ਾ, ਡਾਈਡ੍ਰੋਟ, ਅਤੇ ਐਡਮ ਸਮਿਥ ਸ਼ਾਮਲ ਸਨ। ਇਮੈਨੁਅਲ ਕਾਂਤ ਅਨੁਸਾਰ ਪ੍ਰਬੋਧਨ ਹੈ ਮਨੁੱਖਤਾ ਦਾ ਆਪ-ਸਹੇੜੇ ਕੱਚੇਪਣ (immaturity), ਆਲਸੀਪਣ, ਕਾਇਰਤਾ, ਅਤੇ ਧਾਰਮਿਕ ਜਾਂ ਰਾਜਨੀਤਿਕ ਅਥਾਰਟੀ ਦੀਆਂ ਰੂੜ੍ਹੀਆਂ ਤੇ ਫਾਰਮੂਲਿਆਂ ਸਾਹਮਣੇ ਗੋਡੇ ਟੇਕਣ ਦੇ ਅਮਲ ਵਿੱਚੋਂ ਨਿੱਕਲ ਕੇ ਚੀਜ਼ਾਂ ਨੂੰ ਸਮਝਣ ਦੀ ਦਲੇਰੀ ਕਰਨਾ। ਉਹਦੇ ਅਨੁਸਾਰ ਪ੍ਰਬੋਧਨ ਲਹਿਰ ਦੀ ਬੁਨਿਆਦੀ ਮੰਗ ਸੀ ਸੋਚ ਅਤੇ ਬੋਲਣ ਦੀ ਆਜ਼ਾਦੀ। ਉਹਦੇ ਲਈ ਪ੍ਰਬੋਧਨ ਦਾ ਮਤਲਬ ਇਹ ਵੀ ਸੀ ਕਿ ਇਕ ਯੁੱਗ ਦੁਆਰਾ ਕੀਤਾ ਗਿਆ ਅਜੇਹਾ ਇਕਰਾਰਨਾਮਾ ਮਨੁੱਖੀ ਸੁਭਾਅ ਖ਼ਿਲਾਫ਼ ਜੁਰਮ ਹੋਵੇਗਾ, ਜੋ ਇਕਰਾਰਨਾਮਾ ਆਉਂਦੇ ਯੁੱਗਾਂ ਲਈ ਆਪਣੀ ਸੂਝ ਦਾ ਵਿਸਤਾਰ ਕਰਨ, ਗਿਆਨ ਨੂੰ ਵਧਾਉਣ, ਤੇ ਗਲਤੀਆਂ ਨੂੰ ਦੂਰ ਕਰਨ ਉੱਪਰ ਜਿੰਦਰਾ ਲਗਾ ਦੇਵੇ; ਕਿਉਕਿ ਮਨੁੱਖੀ ਸੁਭਾਅ ਦੀ ਮੰਜਿਲ ਬਿਲਕੁਲ ਅਜਿਹੀ ਪ੍ਰਗਤੀ ਵਿੱਚ ਹੀ ਪਈ ਹੈ।

ਲਾੱਕ, ਹੋਬਜ਼, ਤੇ ਰੂਸੋ ਨੇ ਇਸ ਗੱਲ 'ਤੇ ਸਹਿਮਤ ਸਨ ਕਿ ਮਨੁੱਖ ਨੂੰ ਇੱਕ ਸਿਵਲ ਸੁਸਾਇਟੀ ਵਿੱਚ ਰਹਿਣ ਦੇ ਕਾਬਲ ਬਨਾਉਣ ਲਈ ਐਸਾ ਸਮਾਜਿਕ ਇਕਰਾਰਨਾਮਾ ਜ਼ਰੂਰੀ ਹੈ ਜਿਹਦੇ ਅਨੁਸਾਰ ਸਰਕਾਰ ਦਾ ਅਧਿਕਾਰ ਲੋਕਾਂ ਦੀ ਮਰਜ਼ੀ ਨਾਲ ਹੋਵੇ ॥2॥ ਲਾੱਕ ਅਨੁਸਾਰ ਹਰੇਕ ਮਨੁੱਖ ਕੁਝ ਕੁਦਰਤੀ ਅਧਿਕਾਰ ਲੈਕੇ ਜੰਮਦਾ ਹੈ, ਜਿਨ੍ਹਾਂ ਵਿੱਚ

ਸ਼ਾਮਲ ਨੇ: ਸੰਪੂਰਨ ਬਰਾਬਰੀ, ਆਜ਼ਾਦੀ, ਅਤੇ ਜੀਵਨ ਅਤੇ ਜਾਇਦਾਦ ਨੂੰ ਸੁਰੱਖਿਅਤ ਰੱਖਣ ਦੇ ਅਧਿਕਾਰ; ਇਹ ਅਧਿਕਾਰ ਕੁਦਰਤ ਦੇ ਨਿਯਮ ਅਨੁਸਾਰ ਹਨ। ਉਸ ਅਨੁਸਾਰ ਸਮਾਜ ਦੀ ਕੁਦਰਤੀ ਸਥਿਤੀ ਉਦੋਂ ਹੁੰਦੀ ਹੈ ਜਦੋਂ ਇਹ ਕੁਦਰਤੀ ਨਿਯਮ ਕਾਇਮ ਰੱਖਿਆ ਜਾਵੇ 'ਤੇ ਮਨੁੱਖ ਤਰਕਸ਼ੀਲ (rational) ਹੋਵੇ। ਲਾੱਕ ਅਨੁਸਾਰ, ਆਪਸੀ ਸੁਰੱਖਿਆ ਇਸ ਗੱਲ 'ਤੇ ਅਧਾਰਤ ਹੈ ਕਿ ਇਸ ਕੁਦਰਤੀ ਨਿਯਮ ਦੀ ਪਾਲਣਾ ਕੀਤੀ ਜਾਵੇ; ਭਾਵ ਇਕ ਵਿਅਕਤੀ ਜਾਂ ਅਦਾਰਾ ਦੂਜੇ ਦੇ ਕੁਦਰਤੀ ਅਧਿਕਾਰਾਂ ਦੀ ਉਲੰਘਣਾ ਨਾ ਕਰੇ, ਕਿਉਂਕਿ ਹਰ ਆਦਮੀ ਬਰਾਬਰ ਹੈ ਤੇ ਉਨ੍ਹਾਂ ਦੇ ਇਕੋ ਜਿਹੇ ਅਟੱਲ ਜਨਮ-ਸਿੱਧ ਅਧਿਕਾਰ ਹਨ। ਇਸੇ ਬਿਨਾਅ 'ਤੇ ਉਹਨੇ ਗ਼ੁਲਾਮੀ ਦੀ ਵੀ ਵਿਰੋਧਤਾ ਕੀਤੀ।

ਪ੍ਰਬੋਧਨ ਚਿੰਤਕਾਂ ਦੇ ਸਾਂਝੇ ਗੁਣ ਸਨ: ਦੁਨੀਆਂ ਨੂੰ ਸਮਝਣ ਲਈ ਦ੍ਰਿੜਤਾਪੂਰਵਕ ਤਰਕ ਮਿਆਰ ਨੂੰ ਲਾਗੂ ਕਰਨਾ; ਵਿਸ਼ਵਾਸ, ਰੂੜ੍ਹੀ, ਅਕਾਸ਼ਵਾਣੀ, ਅਧਿਕਾਰੀ (authority), ਕਰਿਸ਼ਮਾ, ਰਹੱਸਵਾਦ, ਜਾਦੂ, ਦਿਵ-ਦਰਸ਼ਨ, ਅੰਤਰੀਵ-ਭਾਵਨਾਵਾਂ, ਜਾਂ ਪਵਿੱਤਰ-ਪੋਥੀ ਪਾਠਾਂ ਦਾ ਸਹਾਰਾ ਲਏ ਬਿਨਾਂ। ਤਰਕਸ਼ੀਲਤਾ ਦੇ ਰਾਹੇ ਪੈ ਕੇ ਬਹੁਤੇ ਪ੍ਰਬੋਧਨ ਚਿੰਤਕਾਂ ਨੇ ਮਾਨਵੀ ਕਾਰਜਾਂ ਵਿਚ ਦਿਲਚਸਪੀ ਰੱਖਣ ਵਾਲੇ ਪਰਮਾਤਮਾ ਵਿਚ ਵਿਸ਼ਵਾਸ ਨੂੰ ਠੁਕਰਾ ਦਿੱਤਾ। ਉਨ੍ਹਾਂ ਅਨੁਸਾਰ ਕੁਦਰਤੀ ਘਟਨਾਵਾਂ ਮਨੁੱਖ ਭਲਾਈ ਜਾਂ ਤਬਾਹੀ ਦੀ ਕੋਈ ਪਰਵਾਹ ਨਹੀਂ ਕਰਦੀਆਂ। ਪਰ, ਉਹ ਸਾਰੇ ਨਾਸਤਿਕ ਨਹੀਂ ਸਨ। ਕੁਝਨਾਂ ਨੇ ਸੋਚਿਆ ਕਿ ਪ੍ਰਮਾਤਮਾ ਬ੍ਰਹਿਮੰਡ ਨੂੰ ਚਾਲੂ-ਧੱਕਾ ਦੇਣ ਬਾਅਦ ਫਿਰ ਪਿੱਛੇ ਹਟ ਗਿਆ, ਇਹਨੂੰ ਕੁਦਰਤ ਦੇ ਨਿਯਮਾਂ ਅਨੁਸਾਰ ਪ੍ਰਗਟ ਹੋਣ ਤੇ ਚੱਲਣ ਦੇਣ ਲਈ; ਕੁਝ ਦੂਸਰੇ ਪੰਥੀਵਾਦੀ ਸਨ, ਜੋ ਕੁਦਰਤ ਦੇ ਨਿਯਮਾਂ ਦੇ ਪ੍ਰਤੀਕ ਵਜੋਂ 'ਰੱਬ' ਦੇ ਸੰਕਲਪ ਦੀ ਵਰਤੋਂ ਕਰਦੇ ਸਨ।

ਪ੍ਰਬੋਧਨ ਲਹਿਰ ਦੇ ਵਿਚਾਰਾਂ ਨੇ ਰਾਜਸ਼ਾਹੀ ਅਤੇ ਚਰਚ ਦੇ ਅਧਿਕਾਰ ਨੂੰ ਕਮਜ਼ੋਰ ਕਰ ਦਿੱਤਾ; 18ਵੀਂ ਤੇ 19ਵੀਂ ਸਦੀ ਦੇ ਰਾਜਨੀਤਿਕ ਇਨਕਲਾਬਾਂ ਜਿਵੇਂ ਕਿ ਫ੍ਰੈਂਚ ਇਨਕਲਾਬ ਤੇ ਅਮਰੀਕੀ ਇਨਕਲਾਬ, ਲਈ ਰਾਹ ਪੱਧਰਾ; ਅਤੇ ਉਨ੍ਹਾਂ ਨੂੰ ਸ਼ੁਰੂ ਕਰਨ, ਤੇ ਉਨ੍ਹਾਂ ਦੀ ਰੂਪ-ਧਾਰਨਾ ਵਿੱਚ ਵਿਸ਼ੇਸ਼ ਹਿੱਸਾ ਪਾਇਆ। ਮਿਸਾਲ ਵਜੋਂ, ਅਮਰੀਕੀ ਇਨਕਲਾਬ ਦੀਆਂ ਬਹੁਤ ਸਾਰੀਆਂ ਪ੍ਰਮੁੱਖ ਰਾਜਨੀਤਿਕ ਅਤੇ ਬੁੱਧੀਜੀਵੀ ਸ਼ਖਸੀਅਤਾਂ ਵਿਚਾਰਧਾਰਕ ਤੌਰ ਉੱਤੇ ਪ੍ਰਬੋਧਨ ਲਹਿਰ ਨਾਲ ਨੇੜਿਓਂ ਜੁੜੀਆਂ ਹੋਈਆਂ ਸਨ: ਥੌਮਸ ਜੈਫਰਸਨ ਨੇ ਅਮਰੀਕਾ ਦੇ ਆਜ਼ਾਦੀ-ਐਲਾਨਨਾਮੇ (1776) ਵਿੱਚ ਪ੍ਰਬੋਧਨ ਦੇ ਕੁਝ ਆਦਰਸ਼ਾਂ ਨੂੰ ਸ਼ਾਮਲ ਕੀਤਾ; ਬੈਂਜਾਮਿਨ ਫਰੈਂਕਲਿਨ ਕਈ ਵਾਰ ਯੂਰਪ ਯਾਤਰਾ ਕਰ ਉਥੋਂ ਦੀਆਂ ਵਿਗਿਆਨਕ ਤੇ ਰਾਜਨੀਤਿਕ ਬਹਿਸਾਂ ਵਿਚ ਸਰਗਰਮੀ ਨਾਲ ਯੋਗਦਾਨ ਪਾਉਂਦਾ ਅਤੇ ਉੱਥੋਂ ਨਵੇਂ ਵਿਚਾਰ ਵਾਪਸ ਅਮਰੀਕਾ ਲਿਆਉਂਦਾ ਰਿਹਾ; ਅਤੇ ਜੇਮਜ਼ ਮੈਡੀਸਨ ਨੇ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ (1787) ਵਿਚ ਵੀ ਪ੍ਰਬੋਧਨ ਦੇ ਕੁਝ ਆਦਰਸ਼ਾਂ ਨੂੰ ਸ਼ਾਮਲ ਕੀਤਾ। 19ਵੀਂ ਸਦੀ ਦੀਆਂ ਕਈ ਕਿਸਮਾਂ ਦੀਆਂ ਲਹਿਰਾਂ, ਜਿਵੇਂ ਉਦਾਰਵਾਦ ਅਤੇ ਨਵ-ਕਲਾਸੀਕਲਿਜ਼ਮ, ਵਿੱਚ ਵੀ ਪ੍ਰਬੋਧਨ ਲਹਿਰ ਦੀ ਬੌਧਿਕ ਵਿਰਾਸਤ ਸ਼ਾਮਲ ਸੀ।




**ਚਿੱਤਰ** 2.1 ਪ੍ਰਬੋਧਨ ਸ਼ਕਤੀਆਂ ਤਰਕ, ਮਾਨਵਵਾਦ, ਤੇ ਵਿਗਿਆਨ ਅਤੇ ਉਲਟ-ਪ੍ਰਬੋਧਨ ਸ਼ਕਤੀਆਂ ਦੇ ਭੇੜ ਵਿੱਚੋਂ ਵਿਰੋਧ ਵਿਕਾਸ ਦੀ ਪ੍ਰਕਿਰਿਆ ਰਾਹੀਂ ਜੰਮਿਆ ਹੈ ਆਧੁਨਿਕ ਯੁੱਗ ਤੇ ਆਧੁਨਿਕਤਾ।

ਸਭ ਤੋਂ ਮਹੱਤਵਪੂਰਣ ਘਟਨਾ ਕ੍ਰਮ ਜੋ ਪ੍ਰਬੋਧਨ ਕਰਕੇ ਵਿਗਿਆਨ ਸੰਗ ਵਾਪਰਿਆ, ਉਹ ਇਹ ਸੀ ਕਿ ਵਿਗਿਆਨ ਲੋਕਪ੍ਰਿਯ ਹੋਣ ਲੱਗਾ। ਅਨਪੜ੍ਹ ਮਲੱਖ ਕਲਾ ਅਤੇ ਵਿਗਿਆਨ ਦੋਵਾਂ ਵਿੱਚ ਗਿਆਨ ਅਤੇ ਵਿੱਦਿਆ ਦੀ ਭਾਲ ਵਹੀਰਾਂ ਘੱਤਣ ਲੱਗੀ, ਤੇ ਇੰਝ ਪ੍ਰਿੰਟ ਸਭਿਆਚਾਰ ਦਾ ਵਿਸਥਾਰ ਅਤੇ ਵਿਗਿਆਨ ਦੀ ਸਿੱਖਿਆ ਦਾ ਪ੍ਰਸਾਰ ਨਵੀਆਂ ਸਿਖ਼ਰਾਂ ਛੋਹਣ ਲੱਗੇ। ਬਹੁਤ ਸਾਰੇ ਲੋਕ ਗਰੀਬੀ ਵਿਚੋਂ ਬਾਹਰ ਨਿਕਲਣ ਬਾਅਦ ਭੋਜਨ ਲਈ ਵਧੇਰੇ ਪੈਸੇ ਲਾਉਣ ਦੀ ਬਜਾਏ ਵਿਦਿਆ 'ਤੇ ਖ਼ਰਚਾ ਕਰਨ ਲੱਗੇ। ਭਾਵੇਂ ਪ੍ਰਬੋਧਨ ਯੁੱਗ ਵਿੱਚ ਖ਼ਿਆਲਾਂ ਦੀ ਬਹੁਤਾਤ ਸੀ, ਪਰ ਚਾਰ ਕੇਂਦਰੀ (ਥੀਮ) ਖ਼ਿਆਲ ਸਨः ਤਰਕ, ਮਾਨਵਵਾਦ, ਵਿਗਿਆਨ, ਤੇ ਪ੍ਰਗਤੀ। ਇਸ ਸੰਦਰਭ ਵਿੱਚ ਪ੍ਰਗਤੀ ਕੀ ਹੈ? ਜੇ ਅਸੀਂ ਭਵਿਖ ਵਿੱਚ ਅਜੇਹਾ ਸਮਾਜ ਚਿਤਵੀਏ ਜਿਸਦੀ ਸੋਚ ਤੇ ਅਮਲ ਵਿੱਚ ਤਰਕ, ਮਾਨਵਵਾਦ, ਤੇ ਵਿਗਿਆਨ ਦਾ ਬੋਲ ਬਾਲਾ ਹੋਵੇ, ਤਾਂ ਅਜੇਹੇ ਸਮਾਜ ਦੀ ਸਥਾਪਤੀ ਵੱਲ ਚੁੱਕੇ ਕਦਮ ਪ੍ਰਗਤੀ ਹੋਣਗੇ, ਅਤੇ ਤਰਕਸ਼ੀਲ, ਮਾਨਵਵਾਦੀ, ਤੇ ਵਿਗਿਆਨਕ ਸ਼ਕਤੀਆਂ ਨੂੰ ਪ੍ਰਗਤੀਸ਼ੀਲ, ਅਗਾਂਹਵਧੂ, ਜਾਂ ਭਵਿੱਖਮੁਖੀ ਕਹਿ ਸਕਦੇ ਹਾਂ। ਪ੍ਰਬੋਧਨ ਦੇ ਦੌਰ ਵਿੱਚ ਇਨ੍ਹਾਂ ਸ਼ਕਤੀਆਂ ਦੇ ਨਾਲ ਨਾਲ ਹੀ ਇਨ੍ਹਾਂ ਸੰਗ ਭਿੜਦੀਆਂ ਉਲਟ-ਪ੍ਰਬੋਧਨ ਭੂਤਮੁਖੀ ਸ਼ਕਤੀਆਂ ਵੀ ਸਨ। ਜਿਵੇਂ ਚਿੱਤਰ 2.1 ਵਿੱਚ ਦਿਖਾਇਆ ਗਿਆ ਹੈ, ਕੁੱਲ ਮਿਲਾ ਕੇ, ਪ੍ਰਬੋਧਨ ਸ਼ਕਤੀਆਂ ਅਤੇ ਉਲਟ-ਪ੍ਰਬੋਧਨ ਸ਼ਕਤੀਆਂ ਦੇ ਭੇੜ ਵਿੱਚੋਂ, ਵਿਰੋਧ ਵਿਕਾਸ ਦੀ ਪ੍ਰਕਿਰਿਆ 'ਚੋਂ ਪੈਦਾ ਹੋਇਆ ਹੈ, ਸਾਡਾ ਆਧੁਨਿਕ ਯੁੱਗ।

ਆਧੁਨਿਕਤਾ ਦੇ ਅਦਾਰਿਆਂ ਵਿੱਚ ਸ਼ਾਮਲ ਨੇः ਰਾਜਿਆਂ ਤੇ ਡਿਕਟੇਟਰਾਂ ਦੀ ਥਾਂ ਜਮਹੂਰੀ ਸਰਕਾਰਾਂ, ਸਕੂਲ/ਯੂਨੀਵਰਸਟੀਆਂ, ਪਬਲਿਕ ਲਾਇਬ੍ਰੇਰੀਆਂ, ਨਿਊਜ਼ ਏਜੰਸੀਆਂ ਸਮੇਤ ਸੁਤੰਤਰ ਮੀਡੀਆ, ਹਸਪਤਾਲ, ਚੈਰਿਟੀ, ਮਨੁੱਖਤਾ ਦੀ ਭਲਾਈ ਹਿੱਤ ਅੰਤਰਰਾਸ਼ਟਰੀ ਸੰਸਥਾਵਾਂ, ਆਦਿ। ਸੋ, ਅਸੀਂ ਅੱਜ ਜਿਨ੍ਹਾਂ ਅਦਾਰਿਆਂ ਤੇ ਜਮਹੂਰੀ ਪ੍ਰਬੰਧ ਨੂੰ ਗਰੰਟੀਸ਼ੁਦਾ ਚੀਜ਼ਾਂ ਦੀ ਤਰ੍ਹਾਂ ਵਰਤਦੇ ਹਾਂ, ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਇਹ ਸੱਭ ਰੇਨਾਸਾਂਸ ਦੀ ਵਾਰਿਸ ਪ੍ਰਬੋਧਨ ਲਹਿਰ ਦੀਆਂ ਦਾਤਾਂ ਹਨ, ਜੋ ਮੌਲਿਕ ਤੌਰ 'ਤੇ ਯੂਰਪ ਤੋਂ ਸ਼ੁਰੂ ਹੋ ਕੇ ਆਧੁਨਿਕਤਾ ਸੰਗ ਦੂਜੇ ਦੇਸ਼ ਵਿੱਚ ਫ਼ੈਲ ਗਈਆਂ।

ਸਮੇਂ ਦੇ ਨਾਲ ਨਾਲ ਮਾਨਵਵਾਦ ਤੇ ਵਿਗਿਆਨ ਦਾ ਵੀ ਵਿਕਾਸ ਹੁੰਦਾ ਗਿਆ। ਰੇਨਾਸਾਂਸ ਮਾਨਵਵਾਦੀ ਲਹਿਰ ਪਹਿਲਾਂ ਹੀ ਚਰਚ ਦੀਆਂ ਕੁਰੀਤੀਆਂ, ਦੁਰਉਪਯੋਗ, ਤੇ ਦੁਰਵਿਵਹਾਰ ਵਿਰੁੱਧ ਤਰਕ ਦਾ ਹੱਲਾ ਬੋਲ ਰਹੀ ਸੀ। ਹੁਣ, ਇਸਨੇ ਚਰਚ ਵਲੋਂ ਲਏ

ਵਿਗਿਆਨ ਵਿਰੋਧੀ ਸਟੈਂਡ ਨੂੰ ਰੱਦ ਕਰਦਿਆ ਵਿਗਿਆਨ ਦਾ ਸਾਥ ਦਿੱਤਾ। ਇਸ ਤਰ੍ਹਾਂ, ਹੌਲੀ ਹੌਲੀ ਮਾਨਵਵਾਦੀ ਲਹਿਰ ਚਰਚ ਦੇ ਅਧਿਆਤਮਵਾਦ ਦੇ ਘੇਰੇ ਦੇ ਚੁੰਗਲ ਤੋਂ ਬਾਹਰ ਹੋ ਨਿੱਕਲੀ। ਵਿਗਿਆਨ ਦੇ ਸਹਾਰੇ ਰੇਨਾਸਾਂਸ (ਤੇ ਉਹਦੀ ਵਾਰਿਸ ਪ੍ਰਬੋਧਨ ਲਹਿਰ) ਨੇ ਮਨੁੱਖੀ ਜ਼ਿੰਦਗੀ ਦੇ ਹਰ ਖ਼ੇਤਰ ਨੂੰ ਪ੍ਰਭਾਵਿਤ ਕਰਦੇ ਹੋਏ ਹੌਲੀ ਹੌਲੀ ਯੂਰਪ ਨੂੰ ਮੱਧਕਾਲੀਨ ਯੁੱਗ ਵਿੱਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਆਧੁਨਿਕ ਯੁੱਗ ਵਿੱਚ ਮਾਨਵਵਾਦੀ ਲਹਿਰ ਦੇ ਵਿਕਾਸ ਦੀ ਤਰਜ਼ਮਾਨੀ ਕਰਦੀਆਂ 'ਮਾਨਵਵਾਦ ਦਾ ਮੈਨੀਫੈਸਟੋ' (Humanist Manifesto) ਨਾਂ ਦੀਆਂ ਤਿੰਨ ਲਿਖਤਾਂ 1933, 1973, ਤੇ 2003 ਵਿੱਚ ਪ੍ਰਕਾਸ਼ਤ ਹੋਈਆਂ ਜਿਨ੍ਹਾਂ ਨੇ ਆਪਣੇ ਸਮਿਆਂ ਵਿੱਚ ਮਾਨਵਵਾਦੀ ਸੰਸਾਰ ਦ੍ਰਿਸ਼ਟੀਕੋਣ ਪੇਸ਼ ਕੀਤਾ। ਇਸ ਅਧਿਆਏ ਵਿੱਚ ਆਧੁਨਿਕ ਯੁੱਗ ਤੋਂ ਸਾਡਾ ਭਾਵ ਹੈ ਰੇਨਾਸਾਂਸ ਤੋਂ ਬਾਅਦ ਦਾ ਆਧੁਨਿਕ ਯੁੱਗ ਤੇ ਉਹਦੇ ਨਾਲ ਜੁੜਦਾ ਅਜੋਕਾ ਆਧੁਨਿਕ ਯੁੱਗ, ਯਾਨੀ ਕਿ 20ਵੀਂ ਤੋਂ ਹੁਣ ਤੱਕ ਦੀ 21ਵੀਂ ਸਦੀ ਤੱਕ ਦਾ।

ਅਜੋਕਾ ਮਾਨਵਵਾਦ ਮਨੁੱਖੀ ਕਦਰਾਂ ਕੀਮਤਾਂ, ਮਨੁੱਖੀ ਹਿੱਤਾਂ, ਤੇ ਮਨੁੱਖੀ ਹੱਕਾਂ ਉਤੇ ਕੇਂਦਰਿਤ ਅਗਾਂਹਵਧੂ ਫ਼ਲਸਫ਼ਾ ਜਾਂ ਜੀਵਨ ਜਾਚ ਹੈ ਜੋ ਇਹਨਾਂ ਪਹਿਲੂਆਂ ਨੂੰ ਵੀ ਮਾਨਤਾ ਦਿੰਦਾ ਹੈਃ ਤਰਕਸ਼ੀਲਤਾ ਤੇ ਵਿਗਿਆਨ; ਜਮਹੂਰੀਅਤ; ਮਨੁੱਖੀ ਬਰਾਬਰੀ; ਮਨੁੱਖੀ ਪਿਆਰ ਦੀ ਸ਼ਕਤੀ ਦੀ ਮਹੱਤਤਾ; ਮਨੁੱਖੀ ਭਾਈਵਾਲਤਾ ਤੇ ਸਾਂਝੀ ਭਲਾਈ; ਸਮਾਜਿਕ ਨਿਆਂ; ਮਨੁੱਖੀ ਹੱਕ, ਮਨੁੱਖੀ ਆਤਮ-ਸਨਮਾਨ (dignity), ਤੇ ਮਨੁੱਖੀ ਭਲਾਈ; ਅਤੇ ਨਿੱਜੀ ਖੁੱਲ੍ਹ ਤੇ ਮੌਕੇ ਦਾ ਅਧਿਕਤੀਕਰਣ, ਸਮਾਜ ਤੇ ਧਰਤੀ ਪ੍ਰਤੀ ਜਿੰਮੇਦਾਰੀਆਂ ਸੰਗ ਸੁਮੇਲ ਵਿੱਚੋਂ। ਮਾਨਵਵਾਦੀ ਫ਼ਲਸਫ਼ਾ ਪੁਸ਼ਟੀ ਕਰਦਾ ਹੈ ਕਿ ਮਨੁੱਖ, ਬਿਨ੍ਹਾਂ ਕਿਸੇ ਦੈਵੀ ਸ਼ਕਤੀ ਵਿੱਚ ਵਿਸ਼ਵਾਸ ਦੇ, ਐਸੀ ਨਿੱਜੀ ਸੰਤੁਸ਼ਟੀ ਵਾਲਾ ਨੈਤਿਕ ਜੀਵਨ ਜੀਣ ਦੇ ਕਾਬਿਲ ਹੈ ਜੋ ਲੋਕ ਭਲਾਈ ਲਈ ਉਤਸ਼ਾਹਿਤ ਕਰੇ; ਤੇ ਐਸਾ ਜੀਵਨ ਜੀਣ ਦੀ ਆਪਣੀ ਜ਼ਿੰਮੇਦਾਰੀ ਸਮਝਣ ਦੇ ਵੀ ਯੋਗ ਹੈ।

ਸੋ, ਪੱਛਮ ਵਿੱਚ ਆਧੁਨਿਕ ਮਾਨਵਵਾਦ ਦਾ ਸਮੁੱਚਾ ਘੇਰਾ ਬਹੁਤ ਵਿਸ਼ਾਲ ਹੈ। ਇਹਦੇ ਇਕ ਕਿਨਾਰੇ ਅੱਜਕੱਲ ਦੇ ਇਸਾਈ ਮਾਨਵਵਾਦੀ ਹਨ, ਜੋ ਮਨੁੱਖ ਦੇ ਹੱਕਾਂ, ਮਨੁੱਖੀ ਆਤਮ-ਸਨਮਾਨ, ਨਿੱਜੀ ਆਜ਼ਾਦੀ, ਤੇ ਮਨੁੱਖੀ ਖੁਸ਼ੀ ਵਰਗੇ ਨਿਯਮਾਂ ਨੂੰ ਉੱਨੇ ਹੀ ਜ਼ਰੂਰੀ ਮੰਨਦੇ ਹਨ ਜਿੰਨੀਆਂ ਈਸਾ ਮਸੀਹ ਦੀਆਂ ਸਿੱਖਿਆਵਾਂ ਨੂੰ; ਏਸ ਮਾਨਵਵਾਦ ਦੀਆਂ ਜੜ੍ਹਾਂ ਰੇਨਾਸਾਂਸ ਲਹਿਰ ਨੂੰ ਜਾਂਦੀਆਂ ਨੇ। ਫਿਰ, ਉਹ ਅੰਧਵਿਸ਼ਵਾਸ ਤੋਂ ਆਜ਼ਾਦ ਧਾਰਮਿਕ ਮਾਨਵਵਾਦੀ ਹਨ, ਜੋ ਧਰਮ-ਨਿਰਪੱਖ ਨੈਤਿਕ ਮਾਨਵਵਾਦ ਨੂੰ ਹੀ ਆਪਣਾ ਧਰਮ ਮੰਨਦੇ ਹੋਏ, ਇਹਨੂੰ ਮਨੁੱਖ ਦੀ ਲੋੜ, ਹਿੱਤ, ਤੇ ਯੋਗਤਾ 'ਤੇ ਆਧਾਰਿਤ ਸੰਗਤੀ ਰਸਮਾਂ ਜੋੜਦੇ ਹਨ। ਮਾਨਵਵਾਦ ਦੇ ਸਪੈਕਟ੍ਰਮ (spectrum) ਦੇ ਦੂਸਰੇ ਕਿਨਾਰੇ 'ਤੇ ਹਨਃ ਗ਼ੈਰ-ਆਸਤਿਕ; ਧਾਰਮਿਕ-ਨਿਰਪੱਖਤਾ ਤੇ ਵਿਕਾਸਵਾਦ ਸਣੇ ਵਿਗਿਆਨ ਦੇ ਸਮਰਥਕ; ਅਤੇ ਧਰਮ ਨੂੰ ਸਰਕਾਰ, ਸਰਕਾਰੀ ਤੇ ਹੋਰ ਪਬਲਿਕ ਅਦਾਰਿਆਂ ਤੋਂ ਬਾਹਰ ਰੱਖਣ ਦੇ ਨਿਯਮ 'ਤੇ ਪਹਿਰਾ ਦੇਣ ਵਾਲੇ।

ਹੁਣ ਅਸੀਂ ਆਧੁਨਿਕ ਮਾਨਵਵਾਦ ਦੇ ਕੁਝ ਮੁੱਖ ਤੱਤਾਂ ਦੇ ਸੰਦਰਭ ਵਿੱਚ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਜਾਗਰਿਤੀ ਲਹਿਰ ਨੂੰ ਆਹਮੋ-ਸਾਹਮਣੇ ਰੱਖ ਕੇ ਵੇਖਦੇ ਹਾਂ। ਬਾਕੀ ਦੇ ਅਧਿਆਏ ਵਿੱਚੋਂ ਲੰਘਦੇ ਹੋਏ ਯਾਦ ਰੱਖੀਏ ਕਿ ਆਧੁਨਿਕ ਮਾਨਵਵਾਦ ਦਾ ਰੇਨਾਸਾਂਸ ਨਾਲ ਸੱਭ ਤੋਂ ਮਹੱਤਵਪੂਰਨ ਰਿਸ਼ਤਾ ਇਹ ਹੈ ਕਿ ਆਧੁਨਿਕ ਮਾਨਵਵਾਦ ਰੇਨਾਸਾਂਸੀ ਮਾਨਵਵਾਦ ਦਾ ਹੀ ਵਿਕਸਤ ਰੂਪ ਹੈ।

ਮਰਦ-ਔਰਤ ਬਰਾਬਰੀ ਸਮੇਤ ਮਨੁੱਖੀ ਬਰਾਬਰੀ ਆਧੁਨਿਕ ਮਾਨਵਵਾਦ ਦਾ ਇੱਕ ਮਹੱਤਵਪੂਰਣ ਤੱਤ ਹੈ।

**ਮਨੁੱਖੀ ਬਰਾਬਰੀ** - ਅਮਰੀਕਾ ਦੀ ਇੱਕ ਆਜ਼ਾਦ ਕੌਮ ਤੇ ਦੇਸ਼ ਵਜੋਂ ਨੀਂਹ ਰੱਖਣ ਵਾਲਿਆਂ ਬੰਦਿਆਂ, ਜਿਨ੍ਹਾਂ ਨੂੰ ਅਮਰੀਕਾ ਵਿੱਚ ਫਾਉਂਡਿੰਗ ਫ਼ਾਦਰ (ਬਾਨੀ ਪਿਤਾਮੇ) ਵੀ ਕਿਹਾ ਜਾਂਦਾ ਹੈ, 'ਚੋਂ ਬਾਹਲੇ ਖ਼ੁਦ ਜਾਂ ਉਨ੍ਹਾਂ ਦੇ ਪਰਿਵਾਰ ਯੂਰਪ ਵਿੱਚੋਂ ਆਏ ਸਨ; ਉਨ੍ਹਾਂ ਦੀ ਸੋਚ ਰੇਨਾਸਾਂਸ ਲਹਿਰ ਤੇ ਉਸ ਦੇ ਨਤੀਜਿਆਂ ਤੋਂ ਸਹਿਜ ਹੀ ਪ੍ਰਭਾਵਿਤ ਸੀ। ਸੋ, ਇਹ ਕੋਈ ਅਚੰਭਾ ਨਹੀਂ ਕਿ 18ਵੀਂ ਸਦੀ ਦੇ ਨੌਂਵੇਂ ਦਹਾਕੇ ਦੌਰਾਨ ਅਮਰੀਕੀ ਫ਼ੌਜ ਦੇ ਕਮਾਂਡਰ ਜੌਰਜ ਵਾਸ਼ਿੰਗਟਨ, ਇੱਕ ਫਾਉਂਡਿੰਗ ਫ਼ਾਦਰ, ਨੇ ਇੰਗਲੈਂਡ ਦੇ ਖ਼ਿਲਾਫ ਆਜ਼ਾਦੀ ਦਾ ਯੁੱਧ ਜਿੱਤਣ ਤੋਂ ਬਾਅਦ ਆਪਣੇ ਆਪ ਨੂੰ ਬਾਦਸ਼ਾਹ ਸਾਜਣ ਦੀ ਬਜਾਏ ਅਮਰੀਕਾ ਵਿੱਚ ਜਮਹੂਰੀਅਤ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਹੈਰਾਨੀ ਏਸ ਗੱਲ ਦੀ ਵੀ ਨਹੀਂ ਹੋਣੀ ਚਾਹੀਦੀ ਕਿ ਜੁਲਾਈ 4, 1776 ਨੂੰ ਜਾਰੀ ਕੀਤੇ ਆਜ਼ਾਦੀ ਦੇ ਜਿਸ ਐਲਾਨਨਾਮੇ ਨੂੰ ਲਾਗੂ ਕਰਨ ਲਈ ਅਮਰੀਕੀ ਫ਼ੌਜ ਲੜੀ, ਉਸ ਐਲਾਨਨਾਮੇ ਦੇ ਸ਼ੁਰੂ ਵਿੱਚ ਇੱਕ ਹੋਰ ਫਾਉਂਡਿੰਗ ਫ਼ਾਦਰ, ਥੌਮਸ ਜੈਫਰਸਨ, ਨੇ ਐਲਾਨ ਕੀਤਾ ਸੀ, "ਅਸੀਂ ਇਹ ਸਚਾਈ ਆਪਣੇ ਆਪ ਵਿੱਚ ਪ੍ਰਮਾਣਿਕ ਮੰਨਦੇ ਹਾਂ ਕਿ ਸਾਰੇ ਬੰਦੇ ਬਰਾਬਰ ਰਚੇ ਗਏ ਹਨ ਤੇ ਉਹ ਸਾਰੇ ਆਪਣੇ ਰਚਣਹਾਰੇ ਵਲੋਂ ਕੁਝ ਖ਼ਾਸ ਅਟੱਲ ਹੱਕਾਂ ਨਾਲ ਨਿਵਾਜ਼ੇ ਗਏ ਨੇ, ਜਿਨ੍ਹਾਂ ਵਿੱਚੋਂ ਕੁਝ ਹਨਃ ਜ਼ਿੰਦਗੀ, ਸਵਤੰਤਰਤਾ, ਤੇ ਖ਼ੁਸ਼ੀ ਦੀ ਭਾਲ।" ਸਪੱਸ਼ਟ ਹੈ ਕਿ ਇਨ੍ਹਾਂ ਦੋਵੇਂ ਫਾਉਂਡਿੰਗ ਫ਼ਾਦਰਾਂ ਦੇ ਐਲਾਨਾਂ ਦੌਰਾਨ ਰੇਨਾਸਾਂਸ ਮਾਨਵਵਾਦ ਸਿਰ ਚੜ੍ਹ ਬੋਲ ਰਿਹਾ ਸੀ।

ਥੌਮਸ ਜੈਫਰਸਨ ਨੇ 18ਵੀਂ ਸਦੀ ਵਿੱਚ ਕਿਹਾ ਕਿ ਸਾਰੇ ਬੰਦੇ ਆਪਣੇ ਰਚਣਹਾਰੇ ਵਲੋਂ ਬਰਾਬਰ ਰਚੇ ਗਏ ਹਨ। ਏਹੀ ਗੱਲ ਆਪਣੇ ਢੰਗ ਨਾਲ ਭਗਤ ਕਬੀਰ ਨੇ ਸੋਲ੍ਹਵੀਂ ਸਦੀ ਵਿੱਚ ਕਹਿ ਦਿੱਤੀ ਸੀਃ

**"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"**

(ਗੁਰੂ ਗ੍ਰੰਥ ਸਾਹਿਬ, ਪੰਨਾ ੧੩੪੯)

ਇਹ ਸਮਝਣ ਲਈ ਆਈਨਸਟਾਇਨ ਬਣਨ ਦੀ ਜ਼ਰੂਰਤ ਨਹੀਂ ਕਿ ਮਨੁੱਖ, ਯਾਨੀ ਹਿਊਮੇਨ, ਦਾ ਅੱਧਾ ਹਿੱਸਾ ਮਰਦ ਹੈ ਤੇ ਅੱਧਾ ਔਰਤ; ਇਸ ਲਈ 'ਮਨੁੱਖੀ ਬਰਾਬਰੀ' ਕੁਦਰਤੀ ਤੌਰ 'ਤੇ ਹੀ ਮਰਦ-ਔਰਤ ਦੀ ਬਰਾਬਰੀ ਤੋਂ ਸ਼ੁਰੂ ਹੋਣੀ ਚਾਹੀਦੀ ਹੈ। ਪਰ, ਪੱਛਮ ਵਿੱਚ ਵੀ 'ਮਨੁੱਖੀ ਬਰਾਬਰੀ' ਦੇ ਸੰਕਲਪ ਵਿੱਚ ਮਰਦ-ਔਰਤ ਬਰਾਬਰੀ ਨੂੰ ਦਾਖ਼ਲ ਹੁੰਦਿਆਂ

ਕਾਫ਼ੀ ਸਮਾਂ ਲੱਗ ਗਿਆ। ਹੁਣ, ਆਧੁਨਿਕ ਯੁੱਗ ਵਿੱਚ ਪੁਰਸ਼-ਨਾਰੀ ਵਿਚਕਾਰ ਬਰਾਬਰੀ ਤੇ ਮਨੁੱਖੀ ਨਸਲਾਂ ਦੀ ਬਰਾਬਰੀ ਨੂੰ ਢੋਲ ਦੇ ਡੱਗੇ ਨਾਲ 'ਮਨੁੱਖੀ ਬਰਾਬਰੀ' ਦਾ ਹਿੱਸਾ ਸਮਝਿਆ ਜਾਂਦਾ ਹੈ।

**ਮਰਦ-ਔਰਤ ਵਿਚਕਾਰ ਬਰਾਬਰਤਾ :** ਯੂਰਪ ਤੇ ਪੰਜਾਬ ਦੀਆਂ ਵੱਖੋ ਵੱਖਰੀਆਂ ਸਥਾਨਕ ਹਾਲਤਾਂ ਨੂੰ ਧਿਆਨ-ਗੋਚਰੇ ਰੱਖਦੇ ਹੋਏ, ਕਿਹਾ ਜਾ ਸਕਦਾ ਹੈ ਕਿ ਮਰਦ-ਔਰਤ ਵਿਚਕਾਰ ਬਰਾਬਰਤਾ ਦੇ ਮਾਮਲੇ ਵਿੱਚ ਗੁਰੂ ਨਾਨਕ ਜੀ ਤੋਂ ਸ਼ੁਰੂ ਹੋ ਕੇ ਸਿੱਖ ਲਹਿਰ ਰੇਨਾਸਾਂਸ ਲਹਿਰ ਨਾਲੋਂ ਵੀ ਦੋ ਕਦਮ ਅੱਗੇ ਸੀ। ਸਿੱਖ ਲਹਿਰ ਵਿੱਚ ਮਰਦ-ਔਰਤ ਵਿਚਕਾਰ ਬਰਾਬਰੀ ਤੇ ਜਾਤ-ਪਾਤ ਖ਼ੰਡਨ ਸ਼ੁਰੂ ਤੋਂ ਹੀ ਮਨੁੱਖੀ ਬਰਾਬਰੀ ਦਾ ਹਿੱਸਾ ਸੀ। ਵਿਸ਼ਵ ਪੱਧਰ 'ਤੇ ਮਾਨਵਤਾਵਾਦੀ ਲਹਿਰ ਦੇ ਇਤਿਹਾਸ ਵਿੱਚ ਗੁਰੂ ਸਾਹਿਬਾਨਾਂ ਨੇ ਪੁਰਸ਼-ਨਾਰੀ ਬਰਾਬਰੀ ਨੂੰ ਮਨੁੱਖੀ ਬਰਾਬਰੀ ਦਾ ਹਿੱਸਾ ਬਣਾਉਣ ਪਹਿਲ ਕੀਤੀ। ਪਰੰਤੂ, ਇੱਥੇ ਇਹ ਵੀ ਨੋਟ ਕਰਨਾ ਬਣਦਾ ਹੈ ਕਿ ਪੰਜਾਬ ਸਣੇ ਭਾਰਤ ਵਿੱਚ ਔਰਤ ਦੀ ਸਮਾਜਿਕ ਦਸ਼ਾ ਯੂਰਪ ਦੇ ਮੁਕਾਬਲਤਨ ਵਧੇਰੇ ਬੁਰੀ ਸੀ। ਸੋ, ਇਸ ਬਰਾਬਰੀ ਦਾ ਕਾਰਜ ਬਥੇਰੀ ਲੋੜ ਵਿੱਚੋਂ ਵੀ ਨਿੱਕਲਦਾ ਹੈ। ਔਰਤ ਦੀ ਸਮਾਜਿਕ ਦਸ਼ਾ ਸੁਧਾਰਨ ਹਿੱਤ ਗੁਰੂ ਸਾਹਿਬਾਨਾਂ ਨੇ ਔਰਤਾਂ ਬਾਰੇ ਲੋਕਾਂ ਨੂੰ ਜਾਗਰਿਕ ਕੀਤਾ। ਮਿਸਾਲ ਵਜੋਂ, ਗੁਰੂ ਨਾਨਕ ਜੀ ਮਾਤਾਵਾਂ ਨੂੰ ਸਤਿਕਾਰ ਦਿੰਦੇ ਹੋਏ ਫ਼ੁਰਮਾਉਂਦੇ ਹਨ:

**"ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥"**

(ਗੁਰੁ ਗ੍ਰੰਥ ਸਾਹਿਬ, ਪੰਨਾ ੩੧੦)

ਭਾਵ: ਉਹ ਮਾਤਾ ਧੰਨ ਜੋ ਗੁਰੂ ਨੂੰ ਜਨਮ ਦੇਂਦੀ ਹੈ; ਵਿਸਤ੍ਰਿਤ ਮਤਲਬ ਹੈ: ਧੰਨ ਜਾਂ ਮਹਾਨ ਹਨ ਉਹ ਮਾਂਵਾਂ ਜੋ ਉਨ੍ਹਾਂ ਮਨੁੱਖਾਂ ਨੂੰ ਜਨਮ ਦਿੰਦੀਆਂ ਨੇ ਜੋ ਗਿਆਨੀ, ਉਸਤਾਦ, ਜਾਂ ਅਧਿਆਪਕ ਬਣਦੇ ਨੇ।

ਬਾਬਾ ਨਾਨਕ ਜੀ ਨੇ ਔਰਤ ਦੇ ਹੱਕ ਵਿੱਚ ਆਵਾਜ਼ ਉਠਾਉਂਦਿਆਂ ਮਨੁੱਖੀ ਸਮਾਜ ਵਿੱਚ ਉਸਦਾ ਉਚਿਤ ਸਥਾਨ ਦਰਸਾਇਆ:

**"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"**

(ਗੁਰੁ ਗ੍ਰੰਥ ਸਾਹਿਬ, ਪੰਨਾ ੪੭੩)

ਭਾਵ: ਜਿਸ ਔਰਤ ਦੇ ਗਰਭ ਤੋਂ ਰਾਜੇ ਵੀ ਜਨਮ ਲੈਂਦੇ ਹਨ, ਉਹਨੂੰ ਮੰਦੀ ਕਿਵੇਂ ਮੰਨਿਆ ਜਾ ਸਕਦਾ ਹੈ। ਇੱਥੇ ਰਾਜੇ ਦਾ ਬਿੰਬ ਤਾਂ ਵਰਤਿਆ ਗਿਆ ਹੈ ਕਿਉਂਕਿ ਲੋਕਾਂ ਵਿੱਚ 'ਰਾਜਾ' ਬਹੁਤ ਵੱਡੀ ਚੀਜ਼ ਹੁੰਦਾ ਸੀ; ਉਂਝ ਮਨੁੱਖੀ ਅਧਿਕਾਰਾਂ ਤੇ ਆਤਮ-ਸਨਮਾਨ ਨੂੰ ਕੁਚਲਣ ਵਾਲੇ ਰਾਜਿਆਂ ਨੂੰ ਗੁਰੂ ਨਾਨਕ ਜੀ ਨੇ 'ਸ਼ੀਹੱ ਵੀ ਕਿਹਾ ਸੀ।

ਮਰਦ-ਔਰਤ ਬਰਾਬਰੀ ਦੇ ਹੱਕ ਵਿੱਚ, ਅਧਿਆਤਮਵਾਦੀ ਫ਼ਲਸਫ਼ੇ ਦੇ ਘੇਰੇ ਵਿੱਚ, ਸਿਰੇ ਦਾ ਤਰਕ ਪੇਸ਼ ਕਰਦੇ ਹੋਏ, ਗੁਰੂ ਨਾਨਕ ਜੀ ਫ਼ਰਮਾਉਂਦੇ ਨੇ:

**"ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥"**

(ਪੰਨਾ ੬੮੫)

ਭਾਵ: ਪ੍ਰਭੂ ਔਰਤ ਤੇ ਨਾ ਮਰਦ ਹੈ। ਦੱਸੋ, ਕੋਈ ਇਹ ਸੋਚ ਵੀ ਕਿਵੇਂ ਸਕਦਾ ਹੈ?
ਅਤੇ ਮਾਰੂ ਰਾਗ ਵਿੱਚ ਆਪ ਨੇ ਫ਼ੁਰਮਾਇਆ ਹੈ:

**"ਆਪੇ ਪੁਰਖੁ ਆਪੇ ਹੀ ਨਾਰੀ॥"**

(ਪੰਨਾ ੧੦੨੦)

ਭਾਵ: ਪ੍ਰਭੂ ਆਪ ਹੀ ਮਰਦ ਹੈ ਤੇ ਆਪ ਔਰਤ ਭੀ ਹੈ।
ਗੁਰੂ ਜੀ ਪ੍ਰਭੂ ਨੂੰ ਪਿਤਾ ਤੇ ਮਾਤਾ ਦੋਵੇਂ ਦਰਸਾਉਂਦੇ ਨੇ:

**"ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ"**

(ਪੰਨਾ ੧੧੪੦)

ਇਸ ਤਰ੍ਹਾਂ ਮਰਦ-ਪ੍ਰਧਾਨ ਸਮਾਜ ਵਿੱਚ ਮਰਦ-ਔਰਤ ਬਰਾਬਰੀ ਦਾ ਸੱਦਾ ਦਿੰਦੇ ਹਨ। ਪ੍ਰਸੂਤ ਦੇ ਦਿਨਾਂ ਦੌਰਾਨ ਔਰਤ ਨੂੰ ਅਪਵਿਤਰ ਸਮਝਿਆ ਜਾਂਦਾ ਸੀ। ਗੁਰੂ ਜੀ ਨੇ ਇਸ ਵਹਿਮ ਦਾ ਖੰਡਨ ਕਰ ਲੋਕਾਂ ਨੂੰ ਜਾਗਰਿਕ ਕਰਦੇ ਫ਼ਰਮਾਉਦੇ ਕਿ ਅਪਵਿਤਰ ਸੂਤਕ ਔਰਤ ਦਾ ਨਹੀਂ, ਸਗੋਂ ਲੋਭ, ਝੂਠ ਬੋਲਣ, ਆਦਿ ਪ੍ਰਵਿਰਤੀ ਦਾ ਹੈ:

**ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥**
**ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥**

(ਪੰਨਾ ੪੭੨)

ਔਰਤ ਦਾ ਮਹੱਤਵ ਸਮਝਾਉਂਦੇ ਉਹਦੇ ਦੇ ਹੱਕ ਗੁਰੂ ਜੀ ਫ਼ਰਮਾਉਂਦੇ ਹਨ:

**"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥"**

(ਪੰਨਾ ੪੭੩)

ਭਾਵ ਮਰਦ ਔਰਤ ਕੁੱਖੋਂ ਜੰਮਦਾ ਹੈ, ਔਰਤ ਸੰਗ ਮੰਗਣਾ ਤੇ ਵਿਆਹ ਰਚਾ ਕੇ ਉਸ ਦਾ ਦੋਸਤ ਬਣਦਾ ਹੈ, ਤੇ ਇੰਝ ਔਰਤ ਤੋਂ ਉਹਦਾ ਵੰਸ਼ ਚੱਲਦਾ ਹੈ; ਔਰਤ ਦੇ ਮਰਨੇ 'ਤੇ ਉਹ ਹੋਰ ਔਰਤ ਲੱਭ ਲੈਂਦਾ ਹੈ, ਇੰਝ ਮਰਦ ਔਰਤ ਨਾਲ ਬੱਧਾ ਹੋਇਆ ਹੈ। ਔਰਤ ਵੀ ਔਰਤ ਕੁੱਖੋਂ ਹੀ ਜੰਮਦੀ ਹੈ; ਔਰਤ ਬਾਝੋਂ ਇੱਥੇ ਕੋਈ ਵੀ ਨਾ ਹੋਵੇ।

ਗੁਰੂ ਨਾਨਕ ਦੇਵ ਜੀ ਦੇ ਬਾਅਦ ਆਉਂਦੇ ਗੁਰੂਆਂ ਨੇ ਔਰਤ ਦੀ ਸਮਾਜਿਕ ਸਥਿਤੀ ਸੁਧਾਰਨ ਦਾ ਮਹੱਤਵਪੂਰਨ ਕਾਰਜ ਚਾਲੂ ਰੱਖਿਆ। ਜਿਵੇਂ ਉਪਰੋਤਕ ਟੂਕ ਅਨੁਸਾਰ ਔਰਤ ਦੇ ਮਰਨੇ 'ਤੇ ਮਰਦ ਹੋਰ ਔਰਤ ਲੱਭ ਲੈਂਦਾ ਸੀ; ਪਰ ਜੇ ਔਰਤ ਦੇ ਜਿੰਦੇ ਜੀ, ਉਹਦਾ ਮਰਦ ਮਰ ਜਾਵੇ ਤਾਂ ਕਈ ਔਰਤਾਂ ਉੱਪਰ ਜਾਨ ਲੇਵਾ ਦਰ੍ਹਾਂਡਾ ਘਟਦਾ ਸੀ; ਉਹਨੂੰ ਆਪਣੇ ਮਰਦ ਦੇ ਨਾਲ ਹੀ ਉਹਦੀ ਚਿਖ਼ਾ ਵਿੱਚ ਜਿਉਂਦਿਆਂ ਸੜਨਾ ਪੈਂਦਾ ਸੀ; ਜੇ ਕੋਈ ਔਰਤ ਇਨਕਾਰੀ ਹੋ ਜਾਵੇ ਤਾਂ ਉਹਨੂੰ ਜਬਰੀ ਬਲਦੀ ਚਿਖ਼ਾ ਵਿੱਚ ਸੁੱਟ ਦਿੱਤਾ ਜਾਂਦਾ ਸੀ, ਹੋਲ੍ਹਾਂ ਵਾਂਗ ਭੁੱਜਣ ਲਈ।

**ਸਤੀ ਪ੍ਰਥਾ ਤੇ ਹੋਰ ਔਰਤ ਵਿਰੋਧੀ ਕੁਰੀਤੀਆਂ ਦਾ ਖੰਡਨ**- ਸਤੀ ਪ੍ਰਥਾ ਕੱਟੜ੍ਹ ਹਿੰਦੂ ਧਰਮ ਦੀਆਂ ਕੁਰੀਤੀਆਂ 'ਚੋਂ ਇੱਕ ਸੀ; ਕੁਰੀਤੀਆਂ ਜਿਨ੍ਹਾਂ ਉੱਪਰ ਸਿੱਖ ਲਹਿਰ ਸਣੇ ਪੰਜਾਬ ਜਾਗਰਤੀ ਲਹਿਰ ਹੱਲਾ ਬੋਲ ਰਹੀ ਸੀ; ਜਿਵੇਂ ਯੂਰਪ ਵਿੱਚ ਰੇਨਾਸਾਂਸ ਮਾਨਵਵਾਦੀ ਲਹਿਰ ਇਸਾਈ ਧਰਮ/ਚਰਚ ਦੀਆਂ ਕੁਰੀਤੀਆਂ ਤੇ ਦੁਰਵਿਵਹਾਰ ਵਿਰੁੱਧ।

'ਸਤੀ' ਸ਼ਬਦ ਦਾ ਅਰਥ ਹੈ ਸੱਚੀ, ਭਾਵ ਠੀਕ, ਨੇਕ, ਜਾਂ ਹਕੀਕੀ। ਹਿੰਦੂ ਧਰਮ ਵਿੱਚ 'ਸਤੀ' ਸੁਖੀ ਵਿਆਹੁਤਾ ਜੀਵਨ ਦੀ ਦੇਵੀ ਹੈ, ਜੋ ਸ਼ਿਵ ਜੀ ਦੀ ਪਹਿਲੀ ਪਤਨੀ ਸੀ। ਸਤੀ ਪ੍ਰਥਾ ਅਨੁਸਾਰ ਆਪਣੇ ਮਰਦ ਨਾਲ ਅੱਗ ਵਿੱਚ ਸੜ ਮਰਨ ਵਾਲੀ ਔਰਤ ਨੂੰ 'ਸਤੀ' ਸਨਮਾਨ ਵਜੋਂ ਕਿਹਾ ਜਾਂਦਾ ਸੀ ਕਿਉਂਕਿ ਉਹਨੇ 'ਧਰਮ ਨਿਭਾਉਂਦੇ ਹੋਏ, ਆਪਣੇ ਖ਼ਸਮ ਦੀ ਲਾਜ ਰੱਖ ਕੇ ਨੇਕ ਕੰਮ ਕੀਤਾ ਹੈ'।

ਗੁਰੂ ਸਾਹਿਬਾਨਾਂ ਨੇ ਸਤੀ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ। ਉਦਾਹਰਣ ਵਜੋਂ, ਗੁਰੂ ਅਮਰ ਦਾਸ ਜੀ ਸਤੀ ਪ੍ਰਥਾ ਦੇ ਸੰਕਲਪ ਦਾ ਸਹਿਜ ਤਰਕ ਸਹਿਤ ਖੰਡਣ ਕਰਦੇ ਹੋਏ ਫੁਰਮਾਉਂਦੇ ਨੇ:

**"ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥**
**ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥"**

(ਪੰਨਾ ੭੮੭)

ਭਾਵ: ਆਪਣੇ ਮਰਦਾਂ ਦੀ ਲਾਸ਼ ਨਾਲ ਸੜ ਮਰਨ ਵਾਲੀਆਂ ਨੂੰ ਸਤੀ ਮੱਤ ਕਹੋ, ਸਤੀ, ਜਾਂ ਸੱਚੇ, ਤਾਂ ਉਹ ਹੁੰਦੇ ਨੇ ਜੋ ਵਿਛੋੜੇ ਦੀ ਚੋਟ ਨਾਲ ਮਰਦੇ ਨੇ।

ਜਾਂ ਫਿਰ:

**"ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ॥"**

(ਪੰਨਾ ੭੮੭)

ਭਾਵ: ਸਤੀਆਂ, ਜਾਂ ਸੱਚੀਆਂ, ਉਹ ਹੁੰਦੀਆਂ ਨੇ ਜੋ ਨਿਮਰਤਾ ਤੇ ਸੰਕੋਚ ਤੋਂ ਕੰਮ ਲੈਂਦੀਆਂ ਨੇ।

ਬੱਚੀਆਂ ਨੂੰ ਜੰਮਦਿਆਂ ਸਾਰ ਮਾਰ ਦੇਣ ਦੀ ਇੱਕ ਹੋਰ ਜ਼ਾਲਮਾਨਾ ਸਮਾਜਿਕ ਕੁਰੀਤੀ ਦੇ ਵਿਰੁੱਧ ਆਵਾਜ਼ ਉਠਾਉਂਦੇ ਹੋਏ ਗੁਰੂ ਅਮਰ ਦਾਸ ਜੀ ਸਹਿਜ ਤਰਕ ਸਹਿਤ ਫੁਰਮਾਉਂਦੇ ਨੇ:

**"ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥**
**ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥"**

(ਪੰਨਾ ੧੪੧੩)

ਭਾਵ: ਬੱਚੀ ਦੀ ਹੱਤਿਆ, ਗਊ ਜਾਂ ਬ੍ਰਾਹਮਣ ਹੱਤਿਆ ਅਤੇ ਦੁਸ਼ਟਾਂ ਦੀ ਭੇਂਟ ਸਵੀਕਾਰਣ ਵਾਂਗ ਹੀ ਪਾਪ ਹੈ, ਤੇ ਇਹ ਪਾਪੀ ਸਦਾ ਹੰਕਾਰੀ ਅਭਿਮਾਨ ਨਾਲ ਭਰਿਆ ਹੁੰਦਾ ਹੈ।

ਇੰਝ ਗੁਰੂਆਂ ਤੇ ਉਨ੍ਹਾਂ ਦੀ ਸਿੱਖ ਲਹਿਰ ਨੇ ਧਾਰਮਿਕ ਕੁਰੀਤੀਆਂ, ਖ਼ੋਖਲੀਆਂ

ਰਸਮਾਂ, ਤੇ ਪਾਖ਼ੰਡਾਂ ਦਾ ਖੰਡਨ ਕੀਤਾ, ਜਿਵੇਂ ਜਾਤ-ਪਾਤ, ਔਰਤ ਦਾ ਚਿਹਰਾ ਪਰਦੇ/ਘੁੰਢ ਵਿੱਚ ਛੁਪਾ ਰੱਖਣ ਦੀ ਪ੍ਰਥਾ, ਵਿਧਵਾ ਵਿਆਹ ਦੀ ਮਨਾਹੀ, ਜਨੇਊ, ਮੂਰਤੀ-ਪੂਜਾ, ਤੀਰਥ ਇਸ਼ਨਾਨ, ਪਿਤਰ-ਪੂਜਾ ਤੇ ਸਰਾਧ, ਤੇ ਸੂਰਜ ਨੂੰ ਪਾਣੀ ਦੇਣਾ, ਆਦਿ।

**ਜਾਤ-ਪਾਤ ਤੇ ਹੋਰ ਧਾਰਮਿਕ ਕੁਰੀਤੀਆਂ ਤੇ ਪਾਖ਼ੰਡਾਂ ਦਾ ਵਿਰੋਧ-** ਆਧੁਨਿਕ ਮਾਨਵਵਾਦ ਦਾ ਇੱਕ ਮਹੱਤਵਪੂਰਣ ਤੱਤ ਹੈ: ਨਸਲਵਾਦ ਦਾ ਵਿਰੋਧ। ਪੰਜਾਬ ਸਣੇ ਭਾਰਤ ਵਿੱਚ ਜਾਤ-ਪਾਤ ਦਾ ਵਿਤਕਰਾ ਨਸਲਵਾਦ ਜਿੰਨਾ ਹੀ ਖ਼ਤਰਨਾਕ ਸੀ। ਉਸ ਸਮੇਂ ਭਾਰਤੀ ਸਮਾਜ ਚਾਰ ਵਰਣਾਂ ਵਿਚ ਵੰਡਿਆ ਹੋਇਆ ਸੀ: ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਬ੍ਰਾਹਮਣ ਤੇ ਖੱਤਰੀ ਉੱਚ ਜਾਤੀ ਦੇ ਤੇ ਪਵਿੱਤਰ, ਅਤੇ ਸ਼ੂਦਰ ਨੀਵੇਂ ਵਰਗ ਦੇ ਤੇ ਅਛੂਤ ਸਮਝੇ ਜਾਂਦੇ ਸਨ। ਸ਼ੂਦਰਾਂ ਨੂੰ ਰੱਬੀ ਗਿਆਨ ਦੇ ਯੋਗ ਨਹੀਂ ਸੀ ਸਮਝਿਆ ਜਾਂਦਾ। ਮਿਸਾਲ ਵਜੋਂ, ਬ੍ਰਾਹਮਣਾਂ ਸਮੇਤ 'ਉੱਚੀਆਂ' ਜਾਤੀਆਂ ਵੱਲੋਂ 'ਨੀਚ' ਜਾਤੀਆਂ 'ਤੇ ਢਾਏ ਜਾਂਦੇ ਜ਼ੁਲਮਾਂ ਦੀ ਕਾਵਿਕ ਤਸਵੀਰ ਪੇਸ਼ ਕਰਦਿਆ, ਭਗਤ ਕਬੀਰ ਜੀ ਫ਼ਰਮਾਉਂਦੇ ਨੇ:

**"ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥"**

(ਪੰਨਾ ੮੭੦)

ਭਾਵ: ਇਨ੍ਹਾਂ ਨੇ ਮੇਰੀਆਂ ਬਾਹਾਂ ਬੰਨ੍ਹ ਕੇ ਢੀਮ ਵਾਂਗ ਮੈਨੂੰ ਹਾਥੀ ਅੱਗੇ ਸੁੱਟ ਦਿੱਤਾ ਹੈ ਅਤੇ ਹਾਥੀ-ਚਾਲਕ ਨੇ ਗੁੱਸੇ ਵਿੱਚ ਆ ਕੇ ਹਾਥੀ ਦੇ ਸਿਰ ਉੱਤੇ ਸੱਟ ਮਾਰੀ ਹੈ।

ਗੁਰੂ ਨਾਨਕ ਨੀਵੀਂਆ ਜਾਣੀਆ ਜਾਂਦੀਆਂ ਜਾਤਾਂ ਨਾਲ ਖੜਦੇ ਹੋਏ ਉਚਾਰਦੇ ਨੇ:

**"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥"**

(ਪੰਨਾ ੧੫)

ਭਾਵ: ਮੈਂ ਉਹਨਾਂ ਸੰਗ ਸਾਥ ਹਾਂ ਜੋ ਨੀਵੀਂ ਤੋਂ ਨੀਵੀਂ ਜਾਤ ਦੇ ਹਨ; ਮੈਨੂੰ ਵੱਡਿਆਂ (ਮਾਇਆ-ਧਾਰੀ) ਬੰਦਿਆਂ ਦੇ ਰਾਹ ਪੈਣ ਦੀ ਕੋਈ ਤਾਂਘ ਨਹੀਂ।

ਗੁਰੂ ਜੀ ਨੇ ਜਾਤ ਨਿਕਾਰਦੇ ਹੋਏ ਗਿਆਨ (ਜੋਤ) ਨੂੰ ਮਾਨਤਾ ਤੇ ਦਿੱਤੀ ਹੈ:

**"ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥"**

(ਪੰਨਾ ੩੪੯)

**ਭਾਵ:** ਜਾਤ ਮੱਤ ਪੁੱਛੋ, ਗਿਆਨ ਨੂੰ ਮਾਨਤਾ ਦਿਓ।

**ਹਰ ਵਰਣ ਵਾਸਤੇ ਜੰਞੂ ਵੱਖ ਵੱਖ ਪਦਾਰਥ ਦੇ ਬਣਾਏ ਜਾਂਦੇ ਸਨ:** ਉੱਚਤਮ ਸਮਝੇ ਜਾਂਦੇ ਬ੍ਰਾਹਮਣ ਦਾ ਜਨੇਊ ਕਪਾਹ ਦਾ, ਖੱਤਰੀ ਵਾਸਤੇ ਸਣ ਦਾ, ਤੇ ਵੈਸ਼ ਲਈ ਉਨ ਦਾ। ਜਨੇਊ ਦੇ ਪਾਖੰਡ ਨੂੰ ਰੱਦ ਕਰਦੇ ਗੁਰੂ ਜੀ ਹੋਏ ਫ਼ਰਮਾਉਂਦੇ ਹਨ:

**"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**

**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥"**

(ਪੰਨਾ ੪੭੧)

ਭਾਵ: ਜਿਸ ਜਨੇਊ ਦੀ ਕਪਾਹ ਦਇਆ ਹੋਵੇ, ਸੂਤ ਸੰਤੋਖ ਹੋਵੇ, ਜਿਸ ਦੀਆਂ ਗੰਢਾਂ ਜ਼ਾਬਤੇ ਦੀ ਹੋਣ, ਅਤੇ ਵੱਟ ਸੱਚ ਦਾ ਹੋਵੇ; ਜੇ ਐਸਾ ਆਤਮਾ ਦਾ ਜਨੇਊ, ਪੰਡਤ ਜੀ, ਤੁਹਾਡੇ ਕੋਲ ਹੈ ਤਾਂ ਪਾ ਦਿਓ। ਇਹੋ ਜਿਹਾ ਜਨੇਊ ਨਾ ਟੁੱਟਦਾ ਹੈ, ਨਾ ਮੈਲਾ ਹੁੰਦਾ ਹੈ, ਨਾ ਇਹ ਸੜਦਾ ਹੈ, ਤੇ ਨਾ ਗੁਆਚਦਾ ਹੈ।

ਪੁਜਾਰੀਆਂ ਵਲੋਂ ਕੀਤੀ ਜਾ ਰਹੀ ਲੁੱਟ-ਖਸੁੱਟ ਤੇ ਜ਼ੁਲਮ ਦਾ ਵਿਰੋਧ ਕਰਦੇ ਹੋਏ ਗੁਰੂ ਨਾਨਕ ਜੀ ਫ਼ਰਮਾਉਂਦੇ ਹਨ:

**"ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥"**

(ਪੰਨਾ ੪੭੨)

ਭਾਵ: ਹਿੰਦੂ ਪੁਜਾਰੀ ਮੱਥੇ ਉੱਤੇ ਟਿੱਕਾ ਲਾਉਂਦੇ ਨੇ ਤੇ ਲੱਕ ਦੁਆਲੇ ਗੇਰੂਏ ਰੰਗ ਦੀ ਧੋਤੀ ਬੰਨ੍ਹਦੇ ਹਨ, ਪਰ ਹੱਥ ਵਿੱਚ (ਲੁੱਟ ਤੇ ਜ਼ੁਲਮ ਦੀ) ਛੁਰੀ ਫੜੀ ਹੋਈ ਹੈ।

ਗੁਰੂ ਜੀ ਫ਼ਰਮਾਉਂਦੇ ਹਨ ਕਿ ਬੰਦੇ ਦਾ ਜੀਵਨ 'ਉੱਚੀ' ਜਾਤ ਤੇ ਸੋਹਣੇ ਰੂਪ ਤੋਂ ਨਹੀਂ ਉਹਦੇ ਕੰਮਾਂ ਤੋਂ ਬਣਦਾ ਹੈ:

**"ਆਗੈ ਜਾਤਿ ਰੂਪੁ ਨ ਜਾਇ॥ ਤੇਹਾ ਹੋਵੈ ਜੇਹੇ ਕਰਮ ਕਮਾਇ॥"**

(ਪੰਨਾ ੩੬੩)

ਭਾਵ: ਪਰਲੋਕ ਵਿਚ ਨਾਂਹ ਇਹ (ਉੱਚੀ/ਨੀਵੀਂ) ਜਾਤਿ ਜਾਂਦੀ ਹੈ ਨਾਂਹ ਇਹ (ਸੋਹਣਾ/ਕੋਹਣਾ) ਰੂਪ ਜਾਂਦਾ ਹੈ। (ਇਸ ਲੋਕ ਵਿਚ ਮਨੁੱਖ) ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਉਸ ਦਾ ਜੀਵਨ ਬਣ ਜਾਂਦਾ ਹੈ (ਬੱਸ! ਇਹੀ ਹੈ ਮਨੁੱਖ ਦੀ ਜਾਤਿ ਤੇ ਇਹੀ ਹੈ ਮਨੁੱਖ ਦਾ ਰੂਪ)।

ਇਸੇ ਤਰ੍ਹਾਂ ਭਗਤੀ ਲਹਿਰ ਤੇ ਸੂਫ਼ੀ ਲਹਿਰ ਵੀ ਬ੍ਰਾਹਮਣਵਾਦ ਦੇ ਕੱਟੜ ਫਲਸਫੇ 'ਚੋਂ ਤੇ ਕੱਟੜ ਇਸਲਾਮੀ ਫ਼ਲਸਫੇ 'ਚੋਂ ਨਿੱਕਲੀਆਂ ਸਮਾਜਿਕ ਕੁਰੀਤੀਆਂ ਦੇ ਧਾਰਮਿਕ ਆਡੰਬਰਾਂ ਦੀ ਵਿਰੋਧਤਾ ਕੀਤੀ। ਮਿਸਾਲ ਵਜੋਂ, ਜਾਤ-ਪਾਤ ਦਾ ਖੰਡਨ ਕਰਦੇ ਭਗਤ ਰਵਿਦਾਸ ਜੀ ਉਚਾਰਦੇ ਹਨ:

**"ਰਵਿਦਾਸ ਇਕ ਹੀ ਨੂਰ ਤੇ, ਜਿਮਿ ਉਪਜਿਯੋ ਸੰਸਾਰ॥**
**ਊਚ ਨੀਚ ਕਿਹ ਬਿਧਿ ਭਏ, ਬਾਹਮਣ ਅਰੁ ਚਮਾਰ॥"**

ਭਗਤ ਕਬੀਰ ਜੀ ਨੇ ਹੇਠਲੇ ਸ਼ਬਦ ਰਾਹੀਂ ਬ੍ਰਾਹਮਣਵਾਦ ਨੂੰ ਤਰਕ ਸਹਿਤ ਚੈਲਿੰਜ ਕਰਦੇ ਹੋਏ ਸਵਾਲ ਕੀਤਾ:

**"ਗਰਭ ਵਾਸ ਮਹਿ ਕੁਲੁ ਨਹੀ ਜਾਤੀ॥**
**ਬ੍ਰਹਮ ਬਿੰਦੁ ਤੇ ਸਭ ਉਤਪਾਤੀ॥1॥**
**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥**
**ਬਾਮਨ ਕਹਿ ਕਹਿ ਜਨਮੁ ਮਤ ਖੋਏ॥1॥ ਰਹਾਉ॥**

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ॥2॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ॥**
**ਹਮ ਕਤ ਲੋਹੂ ਤੁਮ ਕਤ ਦੂਧ॥**

(ਪੰਨਾ ੩੨੪)

ਭਾਵ: ਮਾਂ ਦੇ ਗਰਭ ਵਿਚ ਕਿਸੇ ਦੀ ਕੁਲ ਜਾਤ ਨਹੀਂ ਹੁੰਦੀ, ਕਿਉਂਕਿ ਸਾਰੇ ਜੀਵਾਂ ਦੀ ਉਤਪੱਤੀ ਇੱਕੋ ਬਿੰਦੂ, ਬ੍ਰਹਮਾ, ਤੋਂ ਹੁੰਦੀ ਹੈ।

ਦੱਸ, ਹੇ ਪੰਡਿਤ!, ਤੁਸੀਂ ਬ੍ਰਾਹਮਣ ਕਦੋਂ ਦੇ ਬਣ ਗਏ ਹੋ? ਆਪਣੇ ਆਪ ਨੂੰ ਬ੍ਰਾਹਮਣ ਆਖ ਆਖ ਆਪਣਾ ਜਨਮ ਅਜਾਈਂ ਨਾਂਹ ਗਵਾਓ। ਹਰ ਬ੍ਰਾਹਮਣ ਵੀ ਬ੍ਰਾਹਮਣੀ, ਇੱਕ ਔਰਤ, ਦੇ ਪੇਟੋਂ ਹੀ ਜੰਮਿਆ ਹੈ, ਕਿਸੇ ਹੋਰ ਰਸਤਿਓਂ ਕਿਉਂ ਨਹੀਂ ਜੰਮ ਪਿਆ। ਫੇਰ ਤੁਸੀ ਕਿਵੇਂ ਬ੍ਰਾਹਮਣ ਬਣ ਗਏ, ਤੇ ਅਸੀ ਕਿਵੇਂ ਸ਼ੂਦਰ ਰਹਿ ਗਏ? ਸਾਡੇ ਸਰੀਰ ਵਿਚ (ਨਿਰਾ) ਕਿਵੇਂ ਲਹੂ ਹੀ ਹੈ, ਤੇ ਤੁਹਾਡੇ ਸਰੀਰ ਵਿਚ ਕਿਵੇਂ ਦੁੱਧ ਹੈ?

ਮੂਰਤੀ ਪੂਜਾ ਦੇ ਆਡੰਬਰ ਦਾ ਸਹਿਜ ਤਰਕ ਨਾਲ ਖ਼ੰਡਨ ਕਰਦੇ ਭਗਤ ਕਬੀਰ ਫ਼ਰਮਾਉਂਦੇ ਨੇ:

**"ਪੱਥਰ ਪੂਜੇ ਪ੍ਰਭੂ ਮਿਲੇ, ਤੋ ਮੈਂ ਪੂਜੂੰ ਪਹਾੜ,**
**ਤਾਂ ਤੇ ਯਹ ਚੱਕੀ ਭਲੀ, ਪੀਸ ਖਾਏ ਸੰਸਾਰ।"**

ਇਸੇ ਤਰ੍ਹਾਂ ਉਨ੍ਹਾਂ ਇਸਲਾਮ ਧਰਮ ਦੀਆਂ ਖ਼ੋਖਲੀਆਂ ਪੂਜਾ ਰੀਤਾਂ ਨੂੰ ਨਿਕਾਰਿਆ:

**"ਕੰਕਰ ਪੱਥਰ ਜੋੜ ਕੇ ਮਸਜਿਦ ਲਈ ਬਨਾਇ,**
**ਤਾਂ ਚੜ੍ਹ ਮੁੱਲਾ ਬਾਂਗ ਦੇ, ਕਿਯਾ ਬਹਰਾ ਹੁਆ ਖੁਦਾਇ।"**

ਭਾਵ: ਕੰਕਰਾਂ ਤੇ ਪੱਥਰਾਂ ਦੀ ਮਸਜਿਦ ਬਣਾ ਕੇ, ਜੋ ਤੂੰ ਚੜ੍ਹ ਚੜ੍ਹ ਬਾਂਗਾਂ ਦਿੰਦਾਂ ਏਂ, ਮੁੱਲਾਂ ਜੀ, ਕੀ ਖ਼ੁਦਾ ਬੋਲ੍ਹਾ ਹੈ?

ਇਸ ਪ੍ਰਸੰਗ ਵਿੱਚ, ਸੂਫ਼ੀ ਲਹਿਰ ਵਿੱਚੋਂ ਬੁੱਲ੍ਹੇ ਸ਼ਾਹ ਦੀ ਉਦਾਹਰਣ ਪੇਸ਼ ਹੈ:

**"ਬੇਦ ਕੁਰਾਨਾਂ ਪੜ੍ਹ ਪੜ੍ਹ ਥੱਕੇ**
**ਸੱਜਦੇ ਕਰਦਿਆਂ ਘੱਸ ਗਏ ਮੱਥੇ**
**ਨਾ ਰੱਬ ਤੀਰਥ ਨਾ ਰੱਬ ਮੱਕੇ"**

**"ਭੱਠ ਨਮਾਜ਼ਾਂ ਤੇ ਚਿਕੜ ਰੋਜ਼ੇ, ਕਲਮੇ ਤੇ ਫਿਰ ਗਈ ਸਿਆਹੀ।**
**ਬੁੱਲ੍ਹੇ ਸ਼ਾਹ ਸ਼ਹੁ ਅੰਦਰੋਂ ਮਿਲਿਆ, ਭੁੱਲੀ ਫਿਰੇ ਲੁਕਾਈ।"**

ਇਸੇ ਤਰਾਂ, ਬੁੱਲ੍ਹੇ ਸ਼ਾਹ ਧਾਰਮਿਕ ਪਾਖੰਡ-ਜੁਗਾੜ ਨਿਕਾਰਦਾ ਹੈ:

**"ਨਾ ਖ਼ੁਦਾ ਮਸੀਤੇ ਲੱਭਦਾ ਨਾ ਖੁਦਾ ਵਿਚ ਕਾਅਬੇ।**
**ਨਾ ਖੁਦਾ ਕੁਰਾਨ ਕਿਤਾਬਾਂ ਨਾ ਖੁਦਾ ਨਿਮਾਜੇ।**
**ਨਾ ਖੁਦਾ ਮੈ ਤੀਰਥ ਡਿੱਠਾ ਐਵੇ ਪੈਂਡੇ ਝਾਗੇ।"**

ਤੇ ਧਾਰਮਿਕ ਰਸਮਾਂ ਨੂੰ ਰੱਦ ਕਰਦੇ ਹੋਇਆਂ ਤਰਕ ਦਾ ਹੋਕਾ ਦਿੰਦਾ ਹੈ :

**“ਫੂਕ ਮੁਸੱਲਾ ਭੰਨ ਸੁੱਟ ਲੋਟਾ, ਨਾ ਫੜ ਤਸਬੀ ਕਾਸਾ ਸੋਟਾ,**
**ਆਸ਼ਕ ਕਹਿੰਦੇ ਦੇ ਦੇ ਹੋਕਾ, ਤਰਕ ਹਲਾਲੋਂ ਖਾਹ ਮੁਰਦਾਰ।”**

ਇਨ੍ਹਾਂ ਸੱਭ ਧਾਰਮਿਕ ਕੁਰੀਤੀਆਂ ਤੇ ਪਾਖ਼ੰਡਾਂ ਪਿੱਛੇ ਕੰਮ ਕਰਦੀ ਸੋਚ ਦਾ ਆਧੁਨਿਕ ਮਾਨਵਵਾਦ ਵਿਰੋਧ ਕਰਦਾ ਹੈ। ਭਾਵੇਂ ਯੂਰਪ ਵਿੱਚ ਰੇਨਾਸਾਂਸ ਮਾਨਵਵਾਦੀ ਚਰਚ ਦੀਆਂ ਕੁਰੀਤੀਆਂ, ਦੁਰਉਪਯੋਗ, ਤੇ ਦੁਰਵਿਵਹਾਰ ਵਿਰੁੱਧ ਤਰਕ ਦਾ ਹੱਲਾ ਬੋਲ ਰਹੇ ਸਨ, ਉਥੇ ਔਰਤ ਦੀ ਸਮਾਜਿਕ ਦਸ਼ਾ ਇਤਨੀ ਬੁਰੀ ਨਹੀਂ ਜਿੰਨੀ ਪੰਜਾਬ ਵਿੱਚ। ਜਾਤ-ਪਾਤ ਦਾ ਮਸਲਾ ਨਹੀਂ ਸੀ, ਪਰ ਸ਼ੋਸ਼ਲ ਕਲਾਸਾਂ ਤੇ ਨਸਲਵਾਦ ਸੀ। ਰੇਨਾਸਾਂਸ ਮਾਨਵਵਾਦੀ ਲਹਿਰ ਸੁਭਾਵਿਕ ਹੀ ਲਿੰਗ, ਨਸਲ, ਤੇ ਸ਼ੋਸ਼ਲ ਕਲਾਸ 'ਤੇ ਆਧਾਰਿਤ ਵਿਤਕਰੇ ਦੇ ਖ਼ਿਲਾਫ਼ ਸੀ, ਪਰ ਇਹ ਮੁੱਦੇ ਉਨ੍ਹਾਂ ਮੁੱਖ ਮੁੱਦਿਆਂ ਵਿੱਚੋਂ ਨਹੀਂ ਸਨ ਜਿਨ੍ਹਾਂ ਨਾਲ ਇਹ ਲਹਿਰ ਦੋ ਹੱਥ ਹੋ ਰਹੀ ਸੀ। ਸੋ, ਜੇ ਸਮਾਜਿਕ ਦਸ਼ਾ ਦੇ ਹਿਸਾਬ ਨਾਲ ਜਾਤ-ਪਾਤ ਦਾ ਅਨੁਵਾਦ ਉਸ ਸਮੇਂ ਦੇ ਯੂਰਪ ਵਿੱਚ ਸਮਾਜਿਕ ਜਮਾਤ (ਸ਼ੋਸ਼ਲ ਕਲਾਸ) ਤੇ ਮਨੁੱਖੀ ਨਸਲ (ਰੇਸ) ਮੰਨ ਲਈਏ, ਤਾਂ ਪੰਜਾਬ ਜਾਗਰਤੀ ਲਹਿਰ ਮਰਦ-ਔਰਤ ਬਰਾਬਰੀ ਦੀ ਅਮਲੀ ਵਕਾਲਤ ਅਤੇ ਜਾਤ-ਪਾਤ (ਜਮਾਤ ਤੇ ਨਸਲ) 'ਤੇ ਆਧਰਿਤ ਵਿਤਕਰੇ ਵਿਰੁੱਧ ਆਢਾ ਲੈਣ ਵਿੱਚ ਪੱਛਮ ਜਾਂ ਯੂਰਪ ਤੋਂ ਵੀ ਕਿਤੇ ਅੱਗੇ ਸੀ।

ਪੰਜਾਬ ਦੀ ਜਾਗਰਤੀ ਲਹਿਰ ਦੇ ਸੰਚਾਲਕ ਗੁਰੂਆਂ, ਭਗਤਾਂ, ਤੇ ਸੂਫ਼ੀਆਂ/ਫ਼ਕੀਰਾਂ ਦੀ ਕਹਿਣੀ ਤੇ ਕਰਨੀ ਵਿੱਚ, ਕੁੱਲ ਮਿਲਾ ਕੇ, ਕੋਈ ਫ਼ਰਕ ਨਹੀਂ ਸੀ। ਮਿਸਾਲ ਵਜੋਂ, ਗੁਰੂ ਸਾਹਿਬਾਨਾਂ ਨੇ ਆਪਣੇ ਆਪਣੇ ਜੀਵਨ ਤੇ ਲਹਿਰ ਦੇ ਸੰਚਾਲਕੀ ਘੇਰੇ ਵਿੱਚ ਆਪਣੀ ਕਹਿਣੀ ਤੇ ਉਪਦੇਸ਼ਾਂ ਨੂੰ ਲਾਗੂ ਕੀਤਾ। ਉਦਾਹਰਣ ਵਜੋਂ ਗੁਰੂ ਸਾਹਿਬਾਨਾਂ ਨੇ ਇਹ ਦਲੀਲ ਦਿੰਦੇ ਹੋਏ, ਕਿ ਮਰਦ ਦੂਜਾ ਵਿਆਹ ਕਰਾ ਸਕਦਾ ਹੈ ਤਾਂ ਔਰਤ ਨੂੰ ਵੀ ਇਜ਼ਾਜਤ ਹੋਣੀ ਚਾਹੀਦੀ ਹੈ, ਵਿਧਵਾ ਵਿਆਹ ਦਾ ਸਮਰਥਨ ਕੀਤਾ। ਉਨ੍ਹਾਂ ਇਹ ਨਿਯਮ ਵੀ ਲਾਗੂ ਕੀਤਾ ਕਿ ਔਰਤਾਂ ਸੰਗਤ ਵਿੱਚ ਪਰਦਾ ਕਰਕੇ, ਜਾਂ ਘੁੰਡ ਕੱਢ ਕੇ ਨਾ ਆਉਣ, ਕਿਉਂਕਿ ਇਹ ਪ੍ਰਥਾ ਔਰਤ ਦੇ ਮਾਨਸਿਕ ਤੇ ਬੌਧਿਕ ਵਿਕਾਸ ਵਿੱਚ ਵਿਘਨ ਪਾਉਂਦੀ ਹੈ। ਗੁਰੂਆਂ ਨੇ ਲਹਿਰ ਦੇ ਸੰਚਾਲਨ ਵਿੱਚ ਆਗੂ ਰੋਲ ਵੀ ਔਰਤਾਂ ਲਈ ਖੋਲ੍ਹੇ। ਉਦਾਹਰਣ ਵਜੋਂ, ਗੁਰੂ ਅਮਰਦਾਸ ਜੀ ਨੇ ਲਹਿਰ ਦੇ ਪ੍ਰਚਾਰ ਲਈ ਵੱਖ ਵੱਖ ਥਾਵਾਂ 'ਤੇ ਸਥਾਪਤ ਕੀਤੀਆਂ ਬਾਈ ਮੰਜੀਆਂ ਵਿਚੋਂ ਦੋ ਔਰਤਾਂ ਨੂੰ ਸੌਂਪੀਆਂ; ਮਾਈ ਭਾਗੋ ਨੇ ਜੰਗ ਦੇ ਮੈਦਾਨ ਵਿੱਚ ਚਾਲੀ ਸਿੰਘਾਂ ਦੀ ਅਗਵਾਈ ਕੀਤੀ, ਆਦਿ।

ਸੂਫ਼ੀਆਂ ਤੇ ਭਗਤਾਂ ਦੇ ਨਾਲ ਨਾਲ, ਜਿਨ੍ਹਾਂ ਕੁਰੀਤੀਆਂ ਤੇ ਪਾਖੰਡਾਂ ਨੂੰ ਖ਼ਤਮ ਕਰਨ ਲਈ ਗੁਰੂ ਸਾਹਿਬਾਨਾਂ ਨੇ ਆਪਣੇ ਜੀਵਨ ਤੇ ਲਹਿਰ ਦੇ ਸੰਚਾਲਕੀ ਘੇਰੇ ਵਿੱਚ ਸੁਧਾਰ ਲਾਗੂ ਕੀਤੇ ਤੇ ਸਮਾਜ ਵਿੱਚ ਲਾਗੂ ਕਰਨ ਲਈ ਲੋਕਾਂ ਵਿੱਚ ਜਾਗਰਤੀ ਪੈਦਾ ਕੀਤੀ, ਉਨ੍ਹਾਂ 'ਚੋਂ ਬਹੁਤ ਕੁਰੀਤੀਆਂ ਤੇ ਪਾਖੰਡ ਪੰਜਾਬ ਦੇ 'ਆਧੁਨਿਕ ਯੁੱਗ' ਵਿੱਚ ਵੀ ਦਾਖ਼ਲ ਹੋ ਗਏ, ਤੇ ਕਈ ਕਿਸੇ ਹੱਦ ਤੱਕ ਉਸੇ ਜਾਂ ਭਿੰਨ ਰੂਪ ਵਿੱਚ ਅਜੇ ਤੱਕ ਕਾਇਮ ਨੇ; ਜਿਵੇਂ ਜਾਤ-ਪਾਤ; ਧਾਰਮਿਕ ਰਸਮਾਂ ਤੇ ਕੁਰੀਤੀਆਂ, ਦੁਰਵਿਵਹਾਰ, ਅਤੇ ਪਾਖ਼ੰਡ; ਕਈ

ਸਮਾਜਿਕ ਹਲਕਿਆਂ ਵਿੱਚ ਔਰਤ ਦੇ ਪੁਨਰ-ਵਿਆਹ ਦੀ ਮਨਾਹੀ ਜਾਂ ਅਪ੍ਰਵਾਨਗੀ ਤਾਂ ਹੈ ਹੀ, ਉਨ੍ਹਾਂ ਨੂੰ ਪਹਿਲਾਂ ਵਿਆਹ ਵੀ ਆਪਣੀ ਮਰਜ਼ੀ ਨਾਲ ਨਹੀਂ ਕਰਾਉਣ ਦਿੱਤਾ ਜਾਂਦਾ; ਗਰਭ ਗਿਰਾ ਕੇ ਬੱਚੀ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦੇਣਾ ਤੇ ਔਰਤ ਨਾਲ ਹੋਰ ਦਰ੍ਹਾਂਡੇ, ਆਦਿ।

ਫ਼ਰਕ ਸਿਰਫ਼ ਇੰਨ੍ਹਾਂ ਹੈ ਕਿ ਹੁਣ ਇਹ ਸਮਾਜਿਕ ਲਾਹਣਤਾਂ ਸਿਰਫ਼ ਕੱਟੜ ਹਿੰਦੂ ਤੇ ਇਸਲਾਮ ਧਰਮਾਂ ਤੱਕ ਹੀ ਸੀਮਿਤ ਨਹੀਂ ਰਹਿ ਗਈਆਂ। ਇਸ ਤਰ੍ਹਾਂ, ਪੰਜਾਬ ਜਾਗਰਤੀ ਲਹਿਰ ਤੋਂ ਬਾਅਦ ਪੰਜਾਬ ਯੂ-ਟਰਨ (ਕੂਹਣੀ-ਮੋੜ) ਮਾਰ ਗਿਆ, ਜਦ ਕਿ ਰੇਨਾਸਾਂਸ ਤੋਂ ਬਾਅਦ ਯੂਰਪ ਅੱਗੇ ਵਧਦਾ ਗਿਆ।

**ਸਿੱਟੇ** : ਮੁੱਕਦੀ ਗੱਲ, ਆਧੁਨਿਕ ਮਾਨਵਵਾਦ ਦੀਆਂ ਕੁਛ ਮਨੁੱਖੀ ਕਦਰਾਂ ਕੀਮਤਾਂ ਨੂੰ ਮੱਧਕਾਲੀ ਯੁੱਗ ਵਿੱਚ ਚੱਲੀਆਂ ਲਹਿਰਾਂ, ਪੰਜਾਬ ਜਾਗਰਤੀ ਲਹਿਰ ਤੇ ਯੂਰਪੀਅਨ ਰੇਨਾਸਾਂਸ ਲਹਿਰ, ਨੇ ਆਪਣੇ ਸਮੇਂ ਵਿੱਚ ਹੀ ਪ੍ਰੋਤਸ਼ਾਹਿਤ ਤੇ ਵਾਹ ਲੱਗਦੀ ਨੂੰ ਲਾਗੂ ਕੀਤਾ; ਜਿਨ੍ਹਾਂ ਵਿੱਚੋਂ ਮੁੱਖ ਹਨ: ਮਰਦ-ਔਰਤ ਬਰਾਬਰੀ ਦੀ ਵਕਾਲਤ, ਜਾਤ-ਪਾਤ (ਯੂਰਪ ਵਿੱਚ ਨਸਲ ਤੇ ਸ਼ੋਸ਼ਲ ਕਲਾਸ) ਦੇ ਆਧਾਰ 'ਤੇ ਦਰ੍ਹਾਂਡੇ ਦਾ ਵਿਰੋਧ, ਅਤੇ ਕੁਰੀਤੀਆਂ ਤੇ ਪਾਖ਼ੰਡਾਂ ਦੀ ਵਰਤੋਂ ਕਰਕੇ ਧਾਰਮਿਕ ਚੌਧਰੀਆਂ ਵਲੋਂ ਲੋਕਾਂ 'ਤੇ ਢਾਹੇ ਜਾ ਰਹੇ ਜ਼ੁਲਮ ਤੇ ਉਨ੍ਹਾਂ ਦੀ ਕੀਤੀ ਜਾ ਰਹੀ ਲੁੱਟ-ਖਸੁੱਟ ਦਾ ਵਿਰੋਧ। ਜੇ ਸਮਾਜਿਕ ਦਸ਼ਾ ਦੇ ਹਿਸਾਬ ਨਾਲ ਜਾਤ-ਪਾਤ ਦਾ ਅਨੁਵਾਦ ਉਸ ਸਮੇਂ ਦੇ ਯੂਰਪ ਵਿੱਚ ਸਮਾਜਿਕ ਜਮਾਤ (ਸ਼ੋਸ਼ਲ ਕਲਾਸ) ਤੇ ਮਨੁੱਖੀ ਨਸਲ (ਰੇਸ) ਮੰਨ ਲਈਏ, ਤਾਂ ਜਿਵੇਂ ਇਸ ਅਧਿਆਏ ਵਿੱਚ ਵੀ ਦਿਖਾਇਆ ਹੈ, ਪੰਜਾਬ ਜਾਗਰਤੀ ਲਹਿਰ ਮਰਦ-ਔਰਤ ਬਰਾਬਰੀ ਦੀ ਅਮਲੀ ਵਕਾਲਤ ਅਤੇ ਜਾਤ-ਪਾਤ (ਜਮਾਤ ਤੇ ਨਸਲ) 'ਤੇ ਆਧਰਿਤ ਵਿਤਕਰੇ ਵਿਰੁੱਧ ਆਢਾ ਲੈਣ ਵਿੱਚ ਰੇਨਾਸਾਂਸ ਲਹਿਰ ਨਾਲੋਂ ਕਿਤੇ ਅੱਗੇ ਸੀ; ਪੰਜਾਬੀ/ਭਾਰਤੀ ਟਾਇਮ ਨਾਲੋ ਤਾਂ ਅਤੀ ਅੱਗੇ। ਇਸ ਲਈ, ਪੰਜਾਬ ਜਾਗਰਤੀ ਲਹਿਰ ਨੂੰ ਅਸੀਂ ਅਗਾਂਹ-ਵਧੂ ਜਾਂ ਪ੍ਰਗਤੀਸ਼ੀਲ ਲਹਿਰ ਕਹਿ ਸਕਦੇ ਹਾਂ। ਪਰ, ਯੂਰਪੀਅਨ ਰੇਨਾਸਾਂਸ ਲਹਿਰ ਨੇ ਅਤੀਤ ਅਤੇ ਉਦੋਂ ਦੇ 'ਅੱਜ' ਨੂੰ ਤਰਕ ਨਾਲ ਪੜਚੋਲ ਕੇ, ਧਾਰਮਿਕ ਕੁਰੀਤੀਆਂ, ਦੁਰਉਪਯੋਗ, ਤੇ ਦੁਰਵਿਵਹਾਰ ਵਿਰੁੱਧ ਤਰਕ ਦਾ ਹੱਲਾ ਬੋਲਦੇ ਹੋਏ ਯੂਰਪ ਨੂੰ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਇਸ ਜੰਕਸ਼ਨ 'ਤੇ ਯੂਰਪ ਵਿੱਚ ਪ੍ਰਬੋਧਨ ਲਹਿਰ ਚੱਲੀ, ਜਿਸਦੇ ਚਾਰ ਕੇਂਦਰੀ ਖ਼ਿਆਲ ਸਨ: ਤਰਕ, ਮਾਨਵਵਾਦ, ਵਿਗਿਆਨ, ਤੇ ਪ੍ਰਗਤੀ। ਲੇਕਿਨ, ਪੰਜਾਬ ਜਾਗਰਤੀ ਲਹਿਰ ਕੋਲ ਤਰਕ ਹੁੰਦਿਆਂ ਵੀ, ਕੁਝ ਆਧੁਨਿਕ ਕਦਰਾਂ ਕੀਮਤਾਂ ਨੂੰ ਪ੍ਰੋਤਸਾਹਿਤ ਤੇ ਵਾਹ ਲੱਗਦੀ ਨੂੰ ਲਾਗੂ ਕਰਨ ਵਿੱਚ ਰੇਨਾਸਾਂਸ ਮਾਨਵਵਾਦੀ ਲਹਿਰ ਨਾਲੋਂ ਦੋ ਕਦਮ ਅੱਗੇ ਹੋਣ ਦੇ ਬਾਵਜੂਦ ਵੀ, ਇਹ ਲਹਿਰ ਪੰਜਾਬ ਨੂੰ ਆਧੁਨਿਕ ਯੁੱਗ ਨਾਲ ਜੋੜਣ ਤੋਂ ਕੇਵਲ ਅਸਮਰਥ ਹੀ ਨਹੀਂ ਰਹੀ, ਸਗੋਂ ਲਹਿਰ ਤੋਂ ਬਾਅਦ ਪੰਜਾਬ, ਕਰੀਬ ਸਾਰਾ ਕੀਤਾ ਕਰਾਇਆ ਖ਼ੂਹ ਵਿੱਚ ਸੁੱਟਦਾ ਹੋਇਆ, ਯੂ-ਟਰਨ (ਕੂਹਣੀ-ਮੋੜ) ਮਾਰ ਗਿਆ।

ਕਿਉਂ? ਇਸ ਸੁਆਲ ਦਾ ਜੁਆਬ ਤਲਾਸ਼ਣ ਦੇ ਯੋਗ ਹੋਣ ਲਈ ਸਾਨੂੰ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਲਹਿਰ ਦੇ ਕੁਛ ਹੋਰ ਤੱਤਾਂ ਦੀ ਜਾਂਚ ਕਰਨੀ ਪਵੇਗੀ। ਇਸੇ ਕਾਰਜ ਹਿੱਤ, ਅਸੀਂ ਅਗਲੇ ਅਧਿਆਏ ਵਿੱਚ ਮਾਨਵਵਾਦ ਦੇ ਪਰਿਪੇਖ ਦੇ ਅੰਦਰੋਂ ਜਾਂ ਬਾਹਰੋਂ ਆਧੁਨਿਕ ਯੁੱਗ ਦੇ ਕੁਝ ਹੋਰ ਤੱਤਾਂ ਦੀ ਰੋਸ਼ਨੀ ਵਿੱਚ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਲਹਿਰ ਨੂੰ ਵਿਚਾਰਾਂਗੇ।

# ਅਧਿਆਏ 3

## ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ ਵਿੱਚ ਵਿਸ਼ਵ ਆਧੁਨਿਕਤਾ



*ਭਗਤ ਨਾਮਦੇਵ (1270-1350), ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ ਦੌਰਾਨ ਪੰਜਾਬ ਸਣੇ ਭਾਰਤ ਵਿੱਚ ਚੱਲੀ ਭਗਤੀ ਜਾਗਰਤੀ ਲਹਿਰ ਦੇ ਇੱਕ ਮਹਾਂ-ਨਾਇਕ*

ਤਰਕ ਤੇ ਮਾਨਵਵਾਦ 'ਤੇ ਆਧਾਰਿਤ ਯੂਰਪ ਦੀ ਰੇਨਾਸਾਂਸ ਲਹਿਰ ਵਿਗਿਆਨ ਸੰਗ ਜੋਟੀ ਪਾਉਂਦੀ ਹੋਈ ਪ੍ਰਬੋਧਨ (enlightment) ਲਹਿਰ ਵਿੱਚ ਵਿਕਸਿਤ ਹੋਈ। ਸੋ, ਪ੍ਰਬੋਧਨ ਲਹਿਰ ਦਾ ਧੁਰਾ ਸਨ: ਤਰਕ, ਮਾਨਵਵਾਦ, ਤੇ ਵਿਗਿਆਨ, ਜਿਨ੍ਹਾ ਨੇ ਉਲਟ-ਪ੍ਰਬੋਧਨ ਭੂਤਮੁਖੀ ਸ਼ਕਤੀਆਂ ਸੰਗ ਭਿੜਦੇ ਹੋਏ ਐਸੀ ਪ੍ਰਗਤੀ ਨੂੰ ਜਨਮ ਦਿੱਤਾ ਜਿਸ ਸਦਕੇ ਯੂਰਪ ਤੇ ਅਮਰੀਕਾ ਵਿੱਚ ਆਧੁਨਿਕ ਯੁੱਗ ਤੇ ਆਧੁਨਿਕਤਾ ਵਿਕਾਸ ਹੋਇਆ। ਇਸ ਤਰ੍ਹਾਂ ਮਨੁੱਖਤਾ ਦੀਆਂ ਸਾਰੀਆਂ ਆਧੁਨਿਕ ਸਹੂਲਤਾਂ ਦੇ ਆਧੁਨਿਕ/ਜਮਹੂਰੀ



*ਭਗਤ ਰਵੀਦਾਸ ਜੀ (1399-1469): ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ ਦੌਰਾਨ ਪੰਜਾਬ ਸਣੇ ਭਾਰਤ ਵਿੱਚ ਚੱਲੀ ਭਗਤੀ ਜਾਗਰਤੀ ਲਹਿਰ ਦਾ ਇੱਕ ਮਹਾਂ-ਨਾਇਕ।*

ਅਦਾਰਿਆਂ ਦਾ ਸਿਹਰਾ ਬੱਝਦਾ ਹੈ ਤਰਕ, ਮਾਨਵਵਾਦ, ਤੇ ਵਿਗਿਆਨ ਸਿਰ। ਇਸ ਅਧਿਆਏ ਵਿੱਚ, ਅਸੀਂ ਆਧੁਨਿਕਤਾ ਦੇ ਮੁੱਖ ਲੱਛਣਾਂ ਦੀ ਪਹਿਚਾਣ ਕਰਦੇ ਹੋਏ, ਉਨ੍ਹਾਂ ਦੇ ਪ੍ਰਸੰਗ ਵਿੱਚ ਪੰਜਾਬ ਜਾਗਰਤੀ ਲਹਿਰ ਵਿਚਾਰਦੇ ਹਾਂ।

**ਵਿਸ਼ਵ ਜਾਂ ਪੱਛਮ ਵਿੱਚ ਆਧੁਨਿਕਤਾ** : ਸੰਭਵ ਪਾਠ-ਉਲਝਣ ਤੋਂ ਬਚਣ ਲਈ, ਇਸ ਅਧਿਆਏ ਵਿੱਚ ਪਹਿਲਾਂ ਸਾਰੇ ਸਬੰਧਿਤ ਕਾਲਾਂ ਬਾਰੇ ਸਪਸ਼ਟ ਹੋ ਲਈਏ। ਯੂਰਪ ਵਿੱਚ ਮੱਧਕਾਲੀ ਯੁੱਗ 6ਵੀਂ ਤੋਂ 15ਵੀਂ ਸਦੀ ਤੱਕ ਦੇ ਸਮੇਂ ਨੂੰ ਕਿਹਾ ਜਾਂਦਾ ਹੈ। 16ਵੀਂ

ਸਦੀ ਤੋਂ 18ਵੀਂ ਦੇ ਅੱਧ ਤੱਕ ਅਗੇਤਾ ਆਧੁਨਿਕ ਯੁੱਗ, ਤੇ ਉਦੋਂ ਤੋਂ ਸ਼ੁਰੂ ਹੋ ਕੇ 20ਵੀਂ ਦੇ ਅੱਧ ਤੱਕ ਪਛੇਤਾ ਆਧੁਨਿਕ ਯੁੱਗ ਮੰਨਿਆਂ ਜਾਂਦਾ ਹੈ। ਰੇਨਾਸਾਂਸ ਲਹਿਰ (14ਵੀਂ ਸਦੀ ਤੋਂ 17ਵੀਂ ਸਦੀ ਤੱਕ), ਯੂਰਪ ਦੇ ਸੱਭਿਆਚਾਰਕ ਪੁਨਰ-ਜਨਮ ਨਾਲ ਸ਼ੁਰੂ ਹੋਈ; ਜਦੋਂ ਯੂਰਪ ਦਾ ਅਤੀਤ ਤੇ ਉਦੋਂ ਦਾ 'ਅੱਜ' ਤਰਕਸ਼ੀਲ ਦ੍ਰਿਸ਼ਟੀਕੋਨ ਤੋਂ ਵੇਖਿਆ ਤੇ ਪਰਖਿਆ ਜਾਣ ਲੱਗਾ। ਜਿਵੇਂ ਅਸੀਂ ਪਿਛਲੇ ਅਧਿਆਏ ਵਿੱਚ ਵੇਖਿਆ, ਰੇਨਾਸਾਂਸ ਨੇ ਮਨੁੱਖੀ ਜ਼ਿੰਦਗੀ ਦੇ ਹਰ ਖ਼ੇਤਰ ਨੂੰ ਪ੍ਰਭਾਵਿਤ ਕਰਦੇ ਹੋਏ ਹੌਲੀ ਹੌਲੀ ਯੂਰਪ ਨੂੰ ਮੱਧਕਾਲੀ ਯੁੱਗ ਵਿੱਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਮੱਧਕਾਲੀ ਯੁੱਗ ਤੇ ਆਧੁਨਿਕ ਯੁੱਗ ਦੇ ਇਸ ਜੰਕਸ਼ਨ, ਜਾਂ ਇੰਟਰਫ਼ੇਸ, 'ਤੇ ਹੀ 17ਵੀਂ ਸਦੀ ਵਿੱਚ ਪ੍ਰਬੋਧਨ ਲਹਿਰ ਸ਼ੁਰੂ ਹੋਈ, ਜੋ 18ਵੀਂ ਸਦੀ ਵਿੱਚ ਆਪਣਾ ਸਿਖ਼ਰ ਵੇਖਦੀ ਹੋਈ, 19ਵੀਂ ਸਦੀ ਤੱਕ ਗਈ। ਰੇਨਾਸਾਂਸ ਲਹਿਰ ਦੀ ਵਾਰਿਸ ਇਸ ਪ੍ਰਬੋਧਨ ਲਹਿਰ ਦੇ ਖ਼ਿਆਲਾਂ ਨੇ ਆਧੁਨਿਕਤਾ ਨੂੰ ਪ੍ਰਭਾਸ਼ਿਤ ਕਰਦਿਆ ਉਹਦੀਆਂ ਨੀਂਹਾਂ ਰੱਖੀਆ। ਇਸ ਲਹਿਰ ਦੌਰਾਨ ਹੀ, 18ਵੀਂ ਸਦੀ ਵਿੱਚ, ਯੂਰਪ ਤੇ ਅਮਰੀਕਾ ਸਨਅਤੀ ਇਨਕਲਾਬ 'ਚੋਂ ਲੰਘੇ, ਜਿਸ ਨੇ ਪੈਦਾਵਾਰੀ ਸਾਧਨ, ਤੇ ਨਤੀਜਨ ਪੈਦਾਵਾਰੀ ਰਿਸ਼ਤੇ ਬਦਲ ਦਿੱਤੇ। ਇਸ ਤਰ੍ਹਾਂ ਸਮਾਜ ਵਿੱਚ ਨਵੀਆਂ ਜਮਾਤਾਂ ਤੇ ਨਵੇਂ ਰਿਸ਼ਤੇ ਪੈਦਾ ਹੋਣੇ ਸ਼ੁਰੂ ਹੋਏ। 20ਵੀਂ ਸਦੀ ਦੇ ਅੱਧ ਤੋਂ ਹੁਣ ਤੱਕ ਦੇ ਸਮੇਂ ਨੂੰ ਸਮਕਾਲੀ ਯੁੱਗ ਜਾਂ ਅਜੋਕਾ ਆਧੁਨਿਕ ਯੁੱਗ ਵੀ ਕਿਹਾ ਜਾਂਦਾ ਹੈ। ਇਸ ਕਿਤਾਬ ਵਿੱਚ, ਅਸੀਂ ਆਧੁਨਿਕ ਯੁੱਗ ਤੇ ਅਜੋਕੇ ਆਧੁਨਿਕ ਯੁੱਗ ਨੂੰ ਆਧੁਨਿਕ ਯੁੱਗ ਹੀ ਕਹਿੰਦੇ ਹਾਂ। ਪੰਜਾਬ ਸਣੇ ਭਾਰਤ ਵਿਚ ਆਧੁਨਿਕ ਯੁੱਗ 19ਵੀਂ ਸਦੀ ਵਿੱਚ ਇੱਥੇ ਅਰਥਚਾਰੇ ਜਾਂ ਗਿਆਨ-ਵਿਗਿਆਨ ਜ਼ਰੀਏ ਹੋਈ ਤਰੱਕੀ ਕਰਕੇ ਨਹੀਂ ਸਗੋਂ ਅੰਗਰੇਜ਼ਾਂ ਦੀ ਗੁਲਾਮੀ ਦੇ ਬਸਤੀਵਾਦੀ ਰੂਪ ਵਿੱਚ ਆਇਆ। ਕਿੰਨਾ ਕੁ ਆਧੁਨਿਕ ਸੀ ਜਾਂ ਹੈ, ਇਹ ਇੱਕ ਵੱਖਰਾ ਵਿਸ਼ਾ ਹੈ, ਜਿਸ ਨਾਲ ਅਸੀਂ ਇਸ ਅਧਿਆਏ ਵਿੱਚ ਦੋ-ਹੱਥ ਨਹੀਂ ਹੋਵਾਂਗੇ। ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਦਾ ਇੱਕ ਮਹੱਤਵਪੂਰਣ ਹਿੱਸਾ ਨੇ- ਆਧੁਨਿਕ ਮਾਨਵਵਾਦ ਦੇ ਬਾਹਲੇ ਤੱਤ, ਜਿਨ੍ਹਾਂ 'ਚੋਂ ਕੁਛ ਪਹਿਲਾਂ ਹੀ ਇਸ ਕਿਤਾਬ ਵਿੱਚ ਵਿਚਾਰੇ ਜਾ ਚੁੱਕੇ ਨੇ।

ਜਿਵੇਂ ਪਿਛਲੇ ਅਧਿਆਏ ਵਿੱਚ ਇਸ਼ਾਰਾ ਕੀਤਾ ਗਿਆ ਹੈ, ਆਧੁਨਿਕਤਾ ਦੀ ਬੁਨਿਆਦ ਰੇਨਾਸਾਂਸ ਲਹਿਰ ਦੀ ਵਾਰਿਸ ਪ੍ਰਬੋਧਨ ਲਹਿਰ ਦੇ ਇਨ੍ਹਾਂ ਕੇਂਦਰੀ (ਥੀਮ) ਖ਼ਿਆਲਾਂ ਨੇ ਰੱਖੀਃ ਤਰਕ, ਮਾਨਵਵਾਦ, ਵਿਗਿਆਨ। ਭਾਵੇਂ ਰੇਨਾਸਾਂਸ ਮਾਨਵਵਾਦ ਅਧਿਆਤਮਕਤਾ ਦੇ ਘੇਰੇ ਵਿੱਚ ਸ਼ੁਰੂ ਹੋਇਆ ਸੀ, ਪਰ ਆਧੁਨਿਕ ਮਾਨਵਵਾਦ ਮਨੁੱਖ ਨੂੰ ਕੁਦਰਤ ਦਾ ਹਿੱਸਾ ਸਮਝਦੇ ਹੋਏ ਮੰਨਦਾ ਹੈ ਕਿ ਮਨੁੱਖੀ ਕਦਰਾਂ (ਜਿਵੇਂ ਕਿ ਸਮਾਜਿਕ, ਰਾਜਨੀਤਕ, ਨੈਤਿਕ, ਧਾਰਮਿਕ, ਆਦਿ) ਮਨੁੱਖੀ ਤਜਰਬੇ ਤੇ ਸੱਭਿਆਚਾਰ ਦੀ ਪੈਦਾਵਾਰ ਹਨ। ਸੋ, ਦੈਵੀ ਦ੍ਰਿਸ਼ਟੀਕੋਨਾਂ ਨੂੰ ਨਿਕਾਰਦਾ ਹੋਇਆ, ਮਾਨਵਵਾਦੀ ਫ਼ਲਸਫ਼ਾ ਜ਼ਿੰਦਗੀ ਦੇ ਉਦੇਸ਼ ਮਨੁੱਖੀ ਹਿੱਤਾਂ ਤੇ ਲੋੜਾਂ ਤੋਂ ਕੱਢਦਾ ਹੈ, ਨਾ ਕਿ ਅਧਿਆਤਮਕ ਧਾਰਨਾਵਾਂ ਤੋਂ। ਹੁਣ, ਮਾਨਵਵਾਦੀ ਲਹਿਰ ਧਰਮ ਨਿਰਪੱਖਤਾ ਤੇ ਵਿਗਿਆਨਕ ਦ੍ਰਿਸ਼ਟੀਕੋਨ ਅਪਣਾਉਂਦੀ ਹੋਈ ਮਨੁੱਖੀ ਕਦਰਾਂ-ਕੀਮਤਾਂ, ਮਨੁੱਖੀ ਆਤਮ-ਸਨਮਾਨ, ਤੇ ਮਨੁੱਖੀ ਮੁਖ਼ਤਿਆਰੀ (ਏਜੰਸੀ)

ਉਤੇ ਕੇਂਦਰਿਤ ਹੈ। ਇਸ ਆਧਾਰ 'ਤੇ ਇਹਨਾਂ ਪਹਿਲੂਆਂ ਨੂੰ ਪ੍ਰੋਤਸਾਹਤ ਕਰਨਾ ਵੀ ਮਾਨਵਵਾਵ ਦੇ ਕਾਰਜ ਘੇਰੇ ਵਿੱਚ ਆਉਂਦਾ ਹੈ: ਤਰਕਸ਼ੀਲਤਾ, ਪ੍ਰਮਾਣ, ਜਮਹੂਰੀਅਤ, ਇਸਤਰੀ-ਪੁਰਸ਼ ਬਰਾਬਰੀ ਸਮੇਤ ਮਨੁੱਖੀ ਬਰਾਬਰੀ, ਮਨੁੱਖੀ ਪਿਆਰ ਸ਼ਕਤੀ ਦੀ ਮਹੱਤਤਾ, ਮਨੁੱਖੀ ਭਾਈਵਾਲਤਾ ਤੇ ਸਾਂਝੀ ਭਲਾਈ, ਸਮਾਜਿਕ ਨਿਆਂ, ਮਨੁੱਖੀ ਆਤਮ-ਸਨਮਾਨ ਤੇ ਭਲਾਈ, ਅਤੇ ਸਮਾਜ ਤੇ ਧਰਤੀ ਪ੍ਰਤੀ ਜਿੰਮੇਦਾਰੀਆਂ ਦੇ ਪ੍ਰਸੰਗ ਵਿੱਚ ਹੀ ਨਿੱਜੀ ਖੁੱਲ੍ਹ ਦੇ ਮੌਕੇ ਦਾ ਅਧਿਕਤੀਕਰਣ।

ਆਧੁਨਿਕ ਮਾਨਵਵਾਦ ਦੇ ਬਾਹਲੇ ਤੱਤ ਆਧੁਨਿਕ ਯੁੱਗ ਦੀ ਕਦਰਾਂ-ਕੀਮਤਾਂ ਦਾ ਮਹੱਤਵਪੂਰਣ ਹਿੱਸਾ ਨੇ। ਇਨਾਂ ਕਦਰਾਂ-ਕੀਮਤਾਂ 'ਚੋਂ ਕੁਝ ਮੁੱਖ ਅਸੀਂ ਇੱਥੇ ਗਿਣ ਰਹੇ ਹਾਂ: ਮਨੁੱਖੀ ਅਧਿਕਾਰ; ਜਮਹੂਰੀਅਤ; ਵੱਖ ਵੱਖ ਸੱਭਿਆਚਾਰਾਂ, ਜੀਵਨ-ਆਚਾਰਾਂ, ਮਨੁੱਖੀ ਨਸਲਾਂ, ਆਦਿ ਵਿਚਕਾਰ ਆਪਸੀ ਪ੍ਰਵਾਨਗੀ ਤੇ ਸਹਿਣਸ਼ੀਲਤਾ; ਕੁਦਰਤ ਦੀ ਪ੍ਰਵਾਹ ਜਿਵੇਂ ਵਾਤਾਵਰਣ ਦਾ ਧਿਆਨ ਰੱਖਣਾ; ਗਿਆਨ-ਵਿਗਿਆਨ; ਖੋਜੀ-ਨਵੀਨ, ਤੇ ਸਿਰਜਣਾਮਕ ਸੋਚ; ਵਿਸ਼ਵ ਪੱਧਰ 'ਤੇ ਸੋਚਣ ਦੀ ਯੋਗਤਾ ਤੇ ਅਮਲ।

- 0 -

ਪੰਜਾਬ ਜਾਗਰਤੀ ਲਹਿਰ ਦੌਰਾਨ ਮੁੱਢਲੇ ਮਨੁੱਖੀ ਹੱਕਾਂ 'ਤੇ ਧਾਵਾ ਬੋਲਣ ਵਾਲੀਆਂ ਮੁੱਖ ਤੌਰ 'ਤੇ ਦੋ ਧਿਰਾਂ ਸਨ: ਧਾਰਮਿਕ ਆਗੂ, ਸਮਾਜ ਦੀ ਮਾਲਕ ਜਮਾਤ ਜਿਵੇਂ ਜਗੀਰਦਾਰ, ਅਤੇ ਮੁਗ਼ਲ ਹਮਲਾਵਰ ਤੇ ਬਾਦਸ਼ਾਹ।

**ਮੁਗ਼ਲ ਹਮਲਾਵਰਾਂ ਤੇ ਬਾਦਸ਼ਾਹਾਂ ਨਾਲ ਟੱਕਰ** : ਮੁਗ਼ਲਾਂ ਵਲੋਂ ਪੰਜਾਬ ਸਣੇ ਭਾਰਤ ਉੱਤੇ ਹਮਲੇ ਤੇ ਰਾਜ ਅਤੇ ਸਿੱਖ ਲਹਿਰ ਇੱਕ ਦੂਜੇ ਦੇ ਸਮਾਨ-ਅੰਤਰ ਚੱਲੇ। ਕਿਉਂਕਿ ਮੁਗ਼ਲ ਹਮਲਾਵਰ ਪੰਜਾਬ ਦੇ ਰਸਤਿਓਂ ਹੀ ਭਾਰਤ ਵਿੱਚ ਦਾਖ਼ਲ ਹੁੰਦੇ ਸਨ, ਉਨਾਂ ਦੀ ਪਹਿਲੀ ਟੱਕਰ ਵੀ ਸਿੱਖ ਲਹਿਰ ਨਾਲ ਹੁੰਦੀ ਸੀ। ਇਸ ਤਰ੍ਹਾਂ, ਸਿੱਖ ਲਹਿਰ ਅਤੇ ਮੁਗ਼ਲ ਹਮਲਾਵਰਾਂ ਤੇ ਬਾਦਸ਼ਾਹਾਂ ਵਿਚਕਾਰ ਟੱਕਰ ਚੱਲਦੀ ਰਹੀ: ਮੁਗ਼ਲ ਰਾਜ ਦੇ ਬਾਨੀ ਬਾਬਰ ਤੋਂ ਲੈ ਕੇ ਔਰੰਗਜ਼ੇਬ ਤੇ ਉਹਦੀ ਰਹਿੰਦ-ਖੂੰਹਦ ਤੱਕ। ਇਸ ਟੱਕਰ ਦੌਰਾਨ ਸਿੱਖ ਲਹਿਰ ਨੇ ਜ਼ਬਰ-ਜ਼ੁਲਮ, ਲੁੱਟ-ਖਸੁੱਟ, ਤੇ ਭ੍ਰਿਸ਼ਟਾਚਾਰ ਦਾ ਡਟ ਕੇ ਵਿਰੋਧ ਕੀਤਾ; ਇਸ ਤਰ੍ਹਾਂ ਮਨੁੱਖੀ ਆਤਮ-ਸਨਮਾਨ, ਹੱਕ-ਸੱਚ, ਨਿਆਂ, ਤੇ ਹੋਰ ਮਨੁੱਖੀ ਕਦਰਾਂ-ਕੀਮਤਾਂ, ਜੋ ਆਧੁਨਿਕਤਾ ਦਾ ਹਿੱਸਾ ਨੇ, ਦਾ ਪੱਖ ਪੂਰਿਆ। ਇਸ ਤਰ੍ਹਾਂ, ਵਧੇਰੇ ਕਰੂਰ ਸਥਾਨਕ ਹਾਲਤਾਂ ਦਾ ਸਾਹਮਣਾ ਕਰਦੀ ਹੋਈ ਉਸ ਸਮੇਂ ਦੀ ਪੰਜਾਬ ਜਾਗਰਤੀ ਲਹਿਰ ਮਨੁੱਖੀ ਕਦਰਾਂ-ਕੀਮਤਾਂ ਦੀ ਹਿਮਾਇਤ ਤੇ ਰਾਖੀ ਕਰਨ ਵਿੱਚ ਰੇਨਾਸਾਂਸ ਲਹਿਰ ਨਾਲੋਂ ਵੀ ਆਧੁਨਿਕ ਯੁੱਗ ਦੇ ਜ਼ਿਆਦਾ ਨੇੜੇ ਹੋ ਨਿੱਬੜੀ।

ਜਿਵੇਂ ਰੇਨਾਸਾਂਸ ਵਿੱਚ ਮਾਨਵਵਾਦੀ ਬੁੱਧੀਜੀਵੀ ਚਰਚ ਦੀਆਂ ਕੁਰੀਤੀਆਂ, ਦੁਰਉਪਯੋਗ, ਤੇ ਦੁਰਵਿਵਹਾਰ ਵਿਰੁੱਧ ਤਰਕ ਦਾ ਹੱਲਾ ਬੋਲ ਰਹੇ ਸਨ, ਉਵੇਂ ਹੀ ਗੁਰੂ ਨਾਨਕ ਜੀ ਧਾਰਮਿਕ ਕੱਟੜਤਾ, ਕੁਰੀਤੀਆਂ, ਅਰਥਹੀਣ ਰਸਮਾਂ, ਤੇ ਪਾਖ਼ੰਡਾਂ ਦਾ ਤਾਰਕਿਤ ਖ਼ੰਡਨ ਕਰਦੇ ਹੋਏ ਸਮਾਜ ਨੂੰ ਜਾਗਰਿਤ ਕਰ ਰਹੇ ਸਨ। ਪਰ ਉਨ੍ਹਾਂ ਦੇ ਜਿੰਮੇ

ਰੇਨਾਸਾਂਸ ਮਾਨਵਵਾਦੀਆਂ ਦੇ ਕੰਮਾਂ ਤੋਂ ਵੱਖਰਾ ਕੰਮ ਵੀ ਆਣ ਪਿਆ ਸੀ: ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਹਿੱਤ ਸਮੇਂ ਦੀ ਹਕੂਮਤ ਸੰਗ ਟੱਕਰ ਲੈਣ ਦਾ। ਉਨ੍ਹਾਂ ਨੇ ਬਾਬਰ ਦੇ ਹਮਲੇ ਸਮੇਂ ਭਾਰਤ ਦੀ ਤਬਾਹੀ ਤੇ ਲੋਕਾਂ ਦੀ ਬੁਰੀ ਹਾਲਤ ਦੇ ਅੱਖੀਂ ਵੇਖੇ ਖ਼ੌਫ਼ਨਾਕ ਦ੍ਰਿਸ਼ਾਂ ਨੂੰ ਕਾਵਿ ਰੂਪ ਵਿਚ ਚਿਤਰਦਿਆਂ ਹਮਲਾਵਰਾਂ ਦਾ ਸਰ੍ਹੇਆਮ ਵਿਰੋਧ ਕੀਤਾ, ਜੋ ਬਾਅਦ ਵਿੱਚ ਮੁਗਲ ਰਾਜ ਦੌਰਾਨ ਵੀ ਜਾਰੀ ਰਿਹਾ।

ਮਨੁੱਖੀ ਆਤਮ-ਸਨਮਾਨ ਤੇ ਹੋਰ ਮੁੱਢਲੀਆਂ ਮਨੁੱਖੀ ਕਦਰਾਂ ਕੀਮਤਾਂ 'ਤੇ ਪਹਿਰਾ. ਸੰਨ 1521 ਵਿੱਚ ਬਾਬਰ ਦੇ ਫੌਜੀਆਂ ਹੱਥੋਂ ਸੈਦਪੁਰ (ਐਮਨਾਵਾਦ) ਦੇ ਲੋਕਾਂ ਦੀ ਹੋਈ ਦੁਰਗਤੀ ਤੇ ਪੈਂਦੇ ਕੀਰਨਿਆਂ ਦਾ ਅੱਖੀਂ ਵੇਖਿਆ ਤਰਸਯੋਗ ਦ੍ਰਿਸ਼ ਬਾਣੀ ਵਿੱਚ ਪੇਸ਼ ਕਰਦੇ ਗੁਰੂ ਨਾਨਕ ਜੀ ਰੱਬ ਨੂੰ ਉਲਾਂਭਾ ਦੇਣੋਂ ਵੀ ਨਾ ਰਹਿ ਸਕੇ:

**"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਏਤੀ ਮਾਰ ਪਈ ਕਰਲਾਣੇ, ਤੈਂ ਕੀ ਦਰਦੁ ਨ ਆਇਆ ॥**
**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥**
**ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ ॥**
**ਰਤਨ ਵਿਗਾੜਿ ਵਿਗੋਏ ਕੁਤੀ, ਮੁਇਆ ਸਾਰ ਨ ਕਾਈ ॥"**

(ਪੰਨਾ ੩੬੦)

**ਭਾਵ:** ਖੁਰਾਸਾਨ ਦੇ ਇਲਾਕੇ ਨੂੰ ਕਿਸੇ ਦੇ ਹਵਾਲੇ ਕਰ, ਬਾਬਰ ਨੇ ਹਮਲਾ ਕਰ ਕੇ ਭਾਰਤ ਨੂੰ ਡਰਾ ਦਿੱਤਾ। ਲੋਕਾਂ ਨੂੰ ਇੰਨੀ ਮਾਰ ਪਈ ਕਿ ਉਹ ਕੁਰਲਾ ਉਠੇ। ਹੇ ਪ੍ਰਭੂ ! ਕੀ ਤੈਨੂੰ ਲੋਕਾਂ ਦੀ ਇਸ ਹਾਲਤ ਉੱਪਰ ਰਹਿਮ ਨਹੀਂ ਆਇਆ? ਜੇ ਇਕ ਤਕੜਾ ਦੂਜੇ ਤਕੜੇ ਨੂੰ ਮਾਰੇ ਤਾਂ ਮਨ ਵਿਚ ਕੋਈ ਗਿਲਾ ਨਹੀਂ ਹੁੰਦਾ ਕਿਉਂਕਿ ਇਹ ਬਰਾਬਰ ਦੀ ਲੜਾਈ ਹੁੰਦੀ ਹੈ।ਪਰ, ਜੇ ਸ਼ੇਰ ਗਊਆਂ ਦੇ ਵੱਗ ਉਤੇ ਆ ਪਵੇ ਤਾਂ ਪੁੱਛਣਾ ਬਣਦਾ ਹੈ ਕਿ ਵੱਗ ਦੇ ਮਾਲਕ ਕਿਥੇ ਗਿਆ ਸੀ। ਹਮਲਾਵਰ ਸਿਪਾਹੀ ਕੁੱਤਿਆਂ ਨੇ ਰਤਨਾਂ ਵਰਗੇ ਇਨਸਾਨ ਬੁਰੀ ਤਰ੍ਹਾਂ ਨਾਸ਼ ਕਰ ਦਿੱਤੇ; ਇਹਨਾਂ ਮਰਿਆ ਹੋਇਆਂ ਦੀ ਸੰਭਾਲ ਕਰਨ ਵਾਲਾ ਵੀ ਕੋਈ ਨਹੀਂ ਰਿਹਾ।

ਗੁਰੂ ਜੀ ਬਾਬਰ ਦੀ ਧਾੜਵੀਂ ਫ਼ੌਜ ਨੂੰ ਪਾਪ ਦੀ ਜੰਞ ਨਾਲ ਤੁਲਨਾ ਦਿੰਦੇ ਹੋਏ ਫ਼ਰਮਾਉਂਦੇ ਹਨ:

**"ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥**
**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥**
**ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥"**

(ਪੰਨਾ ੭੨੨)

**ਭਾਵ:** ਹੇ ਲਾਲੋ ! ਬਾਬਰ ਪਾਪ ਦੀ ਜੰਜ ਲੈ ਕੇ ਕਾਬਲੋਂ ਹਮਲਾ ਬੋਲਦਾ ਆਇਆ ਹੈ ਅਤੇ ਮੱਲੋਜ਼ੋਰੀ (ਲੁੱਟ ਦੇ ਮਾਲ ਦੇ) ਦਾਜ ਦੀ ਮੰਗ ਕਰ ਰਿਹਾ ਹੈ। ਲੱਜਿਆ ਤੇ ਸਚਾਈ ਦੋਵੇਂ ਹੀ ਅਲੋਪ ਹੋ ਗਏ ਹਨ ਅਤੇ ਝੂਠ ਆਗੂ ਬਣਿਆ ਫਿਰਦਾ ਹੈ। ਕਾਜ਼ੀਆਂ ਤੇ

ਬ੍ਰਾਹਮਣਾਂ ਦਾ ਕੰਮ ਧੰਦਾ ਮੁਕ ਗਿਆ ਹੈ ਅਤੇ ਹੁਣ ਵਿਆਹ ਵੀ ਸ਼ੈਤਾਨ ਕਰਵਾਉਂਦਾ ਹੈ।

ਮਿੱਟੀ ਵਿੱਚ ਰੁਲਦੇ ਮਨੁੱਖੀ ਆਤਮ-ਸਨਮਾਨ ਨੂੰ ਗੁਰੂ ਜੀ ਇੰਝ ਪ੍ਰਗਟ ਕਰਦੇ ਨੇ:

**"ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥**
**ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥**
**ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥"**

(ਪੰਨਾ ੪੧੭)

ਭਾਵ: ਜਿਨ੍ਹਾਂ ਨਾਰਾਂ ਦੇ ਸਿਰਾਂ ਉਤੇ ਪਾਇਆ ਸੰਧੂਰ ਤੇ ਕੇਸਾਂ ਦੀ ਪੱਟੀਆਂ ਸੋਂਹਦੀਆਂ ਸਨ, ਉਹਨਾਂ ਦੇ ਕੇਸ ਮੁੰਨ ਦਿੱਤੇ ਗਏ ਹਨ, ਤੇ ਉਨ੍ਹਾਂ ਦੇ ਸਿਰ-ਮੂੰਹ ਮਿੱਟੀ ਪੈ ਰਹੀ ਹੈ। ਜੇਹੜੀਆਂ ਪਹਿਲੇ ਆਪਣੇ ਮਹਿਲਾਂ ਵਿੱਚ ਵੱਸਦੀਆਂ ਸਨ, ਹੁਣ ਉਹਨਾਂ ਨੂੰ ਹੁਣ ਮਹਿਲਾਂ ਦੇ ਨੇੜੇ ਵੀ ਨਹੀਂ ਆਉਂਣ ਦਿੱਤਾ ਜਾਂਦਾ।

ਅਤੇ:

**"ਇਕਨਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ ॥"**

(ਪੰਨਾ ੪੧੮)

**"ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ ॥"**

(ਪੰਨਾ ੩੬੦)

**ਭਾਵ:** ਕਈ ਔਰਤਾਂ ਦੇ ਬੁਰਕੇ ਸਿਰ ਤੋਂ ਲੈ ਕੇ ਪੈਰਾਂ ਤਕ ਪਾਟ ਗਏ ਹਨ, ਤੇ ਇੱਕ ਉਹ ਨੇ ਜੋ ਇਸ ਹਮਲੇ ਵਿੱਚ ਮਰ-ਮੁੱਕ ਕੇ ਮਸਾਣਾਂ ਵਿੱਚ ਜਾ ਵਸੀਆਂ ਨੇ। ਹਮਲਾਵਰ ਕੁੱਤਿਆਂ ਨੇ ਸੋਹਣੇ ਬੰਦਿਆ ਨੂੰ ਤਬਾਹ ਕਰ ਦਿੱਤਾ ਹੈ ਤੇ ਉਨ੍ਹਾਂ ਮਰੇ ਪਿਆਂ ਦੀ ਵੀ ਕੋਈ ਸਾਰ ਨਹੀਂ ਲੈਂਦਾ।

ਮਨੁੱਖੀ ਆਤਮ-ਸਨਮਾਨ, ਯਾਨਿ dignity, ਮੁੱਢਲੇ ਮਨੁੱਖੀ ਹੱਕਾਂ ਵਿਚ ਆਉਂਦੀ ਹੈ; ਪਰ ਹਕੂਮਤੀ ਜ਼ਬਰ ਦੇ ਸਾਹਮਣੇ ਨੇ ਗੁਰੂ ਸਹਿਬਾਨਾਂ ਨੂੰ ਮੱਧਕਲੀਨ ਯੁੱਗ ਵਿੱਚ ਹੀ ਐਸੀ ਸਥਿਤੀ ਵਿੱਚ ਪਾ ਦਿੱਤਾ ਜਿੱਥੇ ਉਨ੍ਹਾਂ ਦਾ ਵਾਹ ਐਸੇ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਨਾਲ ਪਿਆ, ਜਿਨ੍ਹਾਂ ਸੰਗ ਅਸਰਦਾਰ ਢੰਗ ਨਾਲ ਨਿਪਟਣ ਜੋਗੀ ਯੂਰਪੀਅਨ (ਪੱਛਮੀ) ਮਾਨਵਵਾਦੀ ਲਹਿਰ ਆਧੁਨਿਕ ਯੁੱਗ ਵਿੱਚ ਹੀ ਹੋ ਸਕੀ।

**ਮੱਧਕਾਲੀ ਯੁੱਗ ਵਿੱਚੋ ਆਧੁਨਿਕ ਯੁੱਗ ਦੇ ਮਨੁੱਖੀ ਹੱਕਾਂ ਦੀ ਪ੍ਰੋੜਤਾ** : ਮਾਨਵਵਾਦੀ ਲਹਿਰ ਤੇ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਦਾ ਇੱਕ ਮਹੱਤਵਪੂਰਨ ਅੰਗ ਨੇ: ਮਨੁੱਖੀ ਹੱਕ। ਦੂਸਰੇ ਸੰਸਾਰ ਯੁੱਧ ਦੇ ਅੰਤ 'ਤੇ, 1945 'ਚੇ, ਹੋਂਦ ਵਿੱਚ ਆਈ ਵਿਸ਼ਵ ਸੰਸਥਾ, ਯੁਨਾਈਟਡ ਨੇਸ਼ਨਜ, ਵਲੋਂ ਜਾਰੀ ਕੀਤੇ ਵਿਸ਼ਵ-ਵਿਆਪੀ ਮਨੁੱਖੀ ਹੱਕਾਂ ਦੇ ਐਲਾਨਨਾਮੇ 'ਚ ਸ਼ਾਮਲ ਹੱਕਾਂ ਵਿੱਚੋਂ ਕੁਝ ਹਨ: ਜਿੰਦਗੀ ਦਾ ਹੱਕ ਅਤੇ ਅਜ਼ਾਦੀ ਤੇ ਹਿਫਾਜ਼ਤ ਵਿੱਚ ਜੀਣੇ ਦਾ ਹੱਕ; ਸਾਰੇ ਮਨੁੱਖ ਜਨਮ ਤੋਂ ਹੀ ਆਜ਼ਾਦ ਤੇ ਬਰਾਬਰ ਨੇ, ਤੇ ਉਹ ਬਰਾਬਰੀ ਦੇ ਸਲੂਕ ਦੇ ਹੱਕਦਾਰ ਹਨ; ਕਿਸੇ ਵੀ ਹੋਰ ਮਨੁੱਖ ਵਲੋਂ ਤਸੀਹੇ ਨਾ ਦਿੱਤੇ ਜਾਣ ਦਾ ਹੱਕ; ਕਿਸੇ ਵੀ ਮਨੁੱਖ ਦਾ ਗ਼ੁਲਾਮ ਨਾ ਬਣਨ ਦਾ ਹੱਕ; ਨਸਲਾਂ, ਵਿਚਾਰਾਂ,

ਲਿੰਗ, ਕੌਮੀਅਤਾਂ, ਜਾਤ-ਪਾਤ ਆਦਿ ਦੇ ਵਖਰੇਵਿਆਂ ਦੇ ਆਧਾਰ 'ਤੇ ਦਰ੍ਹਾਂਡਾ ਮਨ੍ਹਾ ਹੈ। ਆਧੁਨਿਕ ਯੁੱਗ ਵਿੱਚ ਪ੍ਰਵਾਨਿਤ ਹਰ ਮਨੁੱਖੀ ਹੱਕ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਵਿੱਚ ਸ਼ਾਮਲ ਹੈ।

ਗੁਰੂ ਸਹਿਬਾਨਾਂ ਨੇ ਆਧੁਨਿਕ ਯੁੱਗ ਵਿੱਚ ਪ੍ਰਵਾਨਿਤ ਮੁੱਢਲੇ ਮਨੁੱਖੀ ਹੱਕਾਂ ਦੇ ਪੱਖ ਵਿੱਚ ਸੰਘਰਸ਼ ਚਲਾਇਆ, ਪਹਿਲਾਂ ਸ਼ਾਂਤਮਈ ਤੇ ਗੁਰੂ ਗੋਬਿੰਦ ਸਿੰਘ ਤੋਂ ਸ਼ੁਰੂ ਹੋ ਕੇ ਹਥਿਆਰਬੰਦ। ਮਿਸਾਲ ਵਜੋਂ, ਜਿਵੇਂ ਉੱਪਰ ਦਿਖਾਇਆ ਗਿਆ ਹੈ, ਗੁਰੂ ਨਾਨਕ ਜੀ ਨੇ ਬਾਬਰ ਦੇ ਹਮਲੇ ਦਾ ਵਿਰੋਧ ਕਰਦੇ ਹੋਏ ਇਨ੍ਹਾਂ ਮਨੁੱਖੀ ਹੱਕਾਂ 'ਤੇ ਪਹਿਰਾ ਦਿੱਤਾ: ਜਿੰਦਗੀ ਦਾ ਹੱਕ ਅਤੇ ਅਜ਼ਾਦੀ ਤੇ ਹਿਫਾਜ਼ਤ ਵਿੱਚ ਜੀਣੇ ਦਾ ਹੱਕ, ਅਤੇ ਕਿਸੇ ਹੋਰ ਵਲੋਂ ਤਸੀਹੇ ਨਾ ਦਿੱਤੇ ਜਾਣ ਦਾ ਹੱਕ। ਉਨ੍ਹਾਂ ਨੇ ਸਮਾਜਿਕ ਨਿਆਂ 'ਤੇ ਪਹਿਰਾ ਦਿੰਦੇ ਹੋਏ ਹਕੂਮਤੀ ਅਤੇ ਸਮਾਜਿਕ ਲੁੱਟ ਖਸੁੱਟ ਤੇ ਭ੍ਰਿਸ਼ਟਾਚਾਰ ਦਾ ਵੀ ਵਿਰੋਧ ਕੀਤਾ; ਉਹ ਸਮਾਜਿਕ ਨਿਆਂ ਜੋ ਅੱਜ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਵਿੱਚ ਸ਼ਾਮਲ ਹੈ।

**ਹਾਕਮਾਂ ਦੀ ਲੁੱਟ-ਖਸੁੱਟ ਤੇ ਭ੍ਰਿਸ਼ਟਾਚਾਰ ਦਾ ਵਿਰੋਧ** - ਗੁਰੂ ਨਾਨਕ ਦੇਵ ਜੀ ਨੇ ਦੋਵਾਂ ਮੁਗਲ ਤੇ ਪਠਾਣ ਰਾਜਿਆਂ ਦੇ ਪੱਖਪਾਤੀ ਵਤੀਰੇ, ਲੁੱਟ ਖਸੁੱਟ, ਤੇ ਭ੍ਰਿਸ਼ਟਾਚਾਰ ਵਿਰੁਧ ਅਵਾਜ਼ ਉਠਾਈ:

**"ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥"**

(ਪੰਨਾ ੧੨੮੮)

**ਭਾਵ:** ਰਾਜੇ ਸ਼ੇਰ ਹਨ ਤੇ ਉਹਨਾਂ ਦੇ ਅਫ਼ਸਰ ਕੁੱਤੇ ਹਨ ਜੋ ਬੈਠੇ-ਸੁੱਤੇ ਬੰਦਿਆਂ ਨੂੰ ਵੇਲੇ-ਕੁਵੇਲੇ ਜਾ ਜਗਾਉਂਦੇ ਹਨ ਤੰਗ ਕਰਨ ਲਈ।

ਇਹ ਅਫ਼ਸਰ ਕੁੱਤਿਆਂ ਦੀਆਂ ਨਹੁੰਦਰਾਂ ਲੋਕਾਂ ਦਾ ਘਾਤ ਕਰਦੀਆਂ ਹਨ, ਤੇ ਰਾਜੇ-ਸ਼ੀਂਹ ਇਨ੍ਹਾਂ ਕੁੱਤਿਆਂ ਰਾਹੀਂ ਲੋਕਾਂ ਦਾ ਲਹੂ ਪੀਂਦੇ ਹਨ।

ਗੁਰੂ ਜੀ ਰਾਜਿਆਂ ਨੂੰ ਕਸਾਈਆਂ ਤੁਲ ਦੱਸਦੇ ਹੋਏ ਫ਼ਰਮਾਉਂਦੇ ਨੇ:

**"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥"**

(ਪੰਨਾ ੧੪੫)

**ਭਾਵ:** ਰਾਜੇ ਜ਼ਾਲਮ ਹੋ ਗਏ ਹਨ ਅਤੇ ਧਰਮ (ਭਾਵ ਸੱਚ ਤੇ ਨੇਕੀ) ਪੰਖ ਲਗਾ ਕੇ ਉੱਡ ਗਿਆ ਹੈ। ਕੂੜ ਦੀ ਕਾਲੀ ਰਾਤ ਵਿੱਚ ਸੱਚ ਦਾ ਚੰਦ੍ਰਮਾ ਵੀ ਕਿਤੇ ਨਹੀਂ ਚੜ੍ਹਿਆ ਦਿੱਸਦਾ।

ਅਨੁਚਿੱਤ ਟੈਕਸ ਤੇ ਰਿਸ਼ਵਤ ਬਾਰੇ ਲਿਖਿਆ:

**"ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥"**

(ਪੰਨਾ ੧੧੯੧)

**"ਦਰਸਨਿ ਦੇਖਿਐ ਦਇਆ ਨ ਹੋਇ ॥ ਲਏ ਦਿਤੇ ਵਿਣੁ ਰਹੈ ਨ ਕੋਇ ॥**

**ਰਾਜਾ ਨਿਆਉ ਕਰੇ ਹਥਿ ਹੋਇ॥ ਕਹੈ ਖੁਦਾਇ ਨ ਮਾਨੈ ਕੋਇ॥"**

(ਪੰਨਾ ੩੫੦)

**ਭਾਵ:** ਮੰਦਰਾਂ ਤੇ ਦੇਵਤਿਆਂ ਤੇ ਵੀ ਟੈਕਸ ਲੱਗਾ ਹੋਇਆ ਹੈ। ਇਕ ਦੂਜੇ ਨੂੰ ਵੇਖ ਕੇ ਪਿਆਰ ਭਾਵਨਾ ਜਾਂ ਦਇਆ ਨਹੀਂ ਆਉਂਦੀ; (ਅਫ਼ਸਰ) ਰਿਸ਼ਵਤ ਲੈਣੋਂ ਨਹੀਂ ਰਹਿੰਦਾ। ਹਾਕਮ ਵੀ ਤਾਂ ਹੀ ਇਨਸਾਫ਼ ਕਰਦਾ ਹੈ ਜੇ ਉਸ ਨੂੰ ਦੇਣ ਲਈ ਬੰਦੇ ਹੱਥ ਮਾਇਆ ਹੋਵੇ। ਨਿਰਾਪੁਰਾ ਰੱਬ ਦਾ ਵਾਸਤਾ ਪਾਏ, ਉਹ ਕਿਸੇ ਦੀ ਪੁਕਾਰ ਕੋਈ ਨਹੀਂ ਸੁਣਦਾ।

ਰਾਜ-ਪ੍ਰਬੰਧ ਵਿਚਲੇ ਅਨਿਆਂ ਤੋਂ ਇਲਾਵਾ, ਗੁਰੂ ਜੀ ਨੇ ਸਮਾਜ ਦੇ ਚੌਧਰੀਆਂ ਵਲੋਂ ਲੋਕਾਂ ਨੂੰ ਵਰਤਾਏ ਜਾ ਰਹੇ ਅਨਿਆਂ ਦਾ ਵੀ ਵਿਰੋਧ ਕੀਤਾ।

**ਕਿਰਤੀਆਂ ਦਾ ਆਪਣੀ ਕਮਾਈ 'ਤੇ ਹੱਕ-** ਹੋਰਾਂ ਦੀ ਹੱਕੀ ਕਮਾਈ ਲੁੱਟਣ ਵਾਲੇ ਮਲਕ ਭਾਗੋਆਂ ਦੇ ਖ਼ਿਲਾਫ਼ ਗੁਰੂ ਨਾਨਕ ਜੀ ਆਵਾਜ਼ ਉਠਾਉਂਦੇ ਹਨ:

**"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥"**

(ਪੰਨਾ ੧੪੧)

ਭਾਵ: ਪਰਾਇਆ ਹੱਕ ਮਾਰਨਾ ਜਾਂ ਖਾਣਾ ਉਂਝ ਹੀ ਬੁਰਾ ਹੈ ਜਿੱਦਾਂ ਕਿਸੇ ਮੁਸਲਮਾਨ ਲਈ ਸੂਰ ਦਾ ਤੇ ਹਿੰਦੂ ਲਈ ਗਾਂ ਦਾ ਮਾਸ ਖਾਣਾ। ਏਸ ਲਈ ਗੁਰੂ ਦੀ ਸਿਫ਼ਾਰਿਸ਼ ਹੈ ਕਿ ਮਨੁੱਖ ਪਰਾਏ ਹੱਕ ਦੀ ਵਰਤੋਂ ਨਾ ਕਰੇ।

ਕਿਰਤੀਆਂ ਦਾ ਹੱਕ ਲੁੱਟਣ ਵਾਲੇ ਮਾਲਕਾਂ ਦੀ ਤੁਲਨਾ ਮਨੁੱਖ ਦਾ ਲਹੂ ਪੀਣਿਆਂ ਸੰਗ ਕਰਦੇ ਹੋਏ ਗੁਰੂ ਜੀ ਤਰਕ ਪੇਸ਼ ਕਰਦੇ ਨੇ ਕਿ ਜੇ ਕੱਪੜੇ ਨੂੰ ਲਹੂ ਲੱਗ ਜਾਵੇ ਤਾਂ ਉਹ ਪਲੀਤ ਹੋ ਜਾਂਦਾ ਹੈ, ਇਸੇ ਤਰ੍ਹਾਂ ਜੋ ਬੰਦੇ ਮਨੁੱਖਾਂ ਦਾ ਲਹੂ ਪੀਂਦੇ ਹਨ ਉਹਨਾਂ ਦਾ ਮਨ ਕਿਵੇਂ ਸਾਫ਼ ਰਹਿ ਸਕਦਾ ਹੈ :

**"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥"**

(ਪੰਨਾ ੧੪੦)

ਗੁਰੂ ਸਾਹਿਬਾਨਾਂ ਨੇ ਧਾਰਮਿਕ ਚੌਧਰੀਆਂ ਵਲੋਂ ਕੀਤੇ ਦਰ੍ਹਾਂਡੇ ਤੇ ਲੁੱਟ ਖਸੁੱਟ ਦਾ ਵੀ ਵਿਰੋਧ ਕੀਤਾ।

**ਧਾਰਮਿਕ ਦਰ੍ਹਾਂਡੇ ਤੇ ਲੁੱਟ ਖਸੁੱਟ ਦਾ ਵਿਰੋਧ :** ਨਸਲਾਂ, ਜਾਤ-ਪਾਤ, ਵਿਚਾਰਾਂ, ਲਿੰਗ, ਕੌਮੀਅਤਾਂ, ਆਦਿ ਦੇ ਵਖਰੇਵਿਆਂ ਦੇ ਆਧਾਰ 'ਤੇ ਦਰ੍ਹਾਂਡਾ ਨਾ ਕਰਨਾ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਵਿੱਚ ਸ਼ਾਮਲ ਹੈ। ਉਸ ਸਮੇਂ ਦੇ ਸਮਾਜ 'ਤੇ ਹਾਵੀ ਧਾਰਮਿਕ ਚੌਧਰੀ, ਜਿਵੇਂ ਕਾਜੀ ਤੇ ਬ੍ਰਾਹਮਣ, ਲੋਕਾਂ ਨੂੰ ਜਾਤਾਂ-ਪਾਤਾਂ ਵੰਡ ਕੇ ਤੇ ਭਰਮ ਜਾਲ ਵਿਚ ਫਸਾ ਕੇ ਉਨ੍ਹਾਂ ਨਾਲ ਦਰ੍ਹਾਂਡਾ ਤੇ ਉਨ੍ਹਾਂ ਦੀ ਲੁੱਟ-ਖਸੁੱਟ ਕਰ ਰਹੇ ਸਨ। ਪੰਜਾਬ ਜਾਗਰਤੀ ਲਹਿਰ ਦੇ ਸੰਚਾਲਕ ਆਗੂਆਂ ਨੇ ਧਾਰਮਿਕ ਚੌਧਰੀਆਂ ਦੇ ਦੰਭ ਤੇ ਪਾਖੰਡ

ਨੰਗੇ ਕਰਦੇ ਹੋਏ ਇਸ ਅਨਿਆਂ ਦਾ ਵਿਰੋਧ ਕੀਤਾ। ਉਦਾਹਰਣ ਵਜੋਂ, ਗੁਰੂ ਨਾਨਕ ਜੀ ਨੇ ਫੁਰਮਾਇਆ:

**"ਕਾਦੀ ਕੂੜੁ ਬੋਲ ਮਲਿ ਖਾਇ। ਬ੍ਰਾਹਮਣੁ ਨਾਵੈ ਜੀਆ ਘਾਇ।**
**ਜੋਗੀ ਜੁਗਤਿ ਨ ਜਾਣੈ ਅੰਧੁ। ਤੀਨੇ ਓਜਾੜੇ ਕਾ ਬੰਧੁ।"**

(ਪੰਨਾ ੬੬੨)

ਭਾਵ: ਕਾਜ਼ੀ ਝੂਠ ਬੋਲ ਕੇ ਹਰਾਮ ਦਾ ਮਾਲ (ਰਿਸ਼ਵਤ) ਖਾਂਦਾ ਹੈ; ਬ੍ਰਾਹਮਣ (ਸ਼ੂਦਰ) ਬੰਦਿਆਂ ਨੂੰ ਦੁਖੀ ਵੀ ਕਰਦਾ ਹੈ ਅਤੇ ਤੀਰਥ ਇਸ਼ਨਾਨ ਵੀ ਕਰਦਾ ਹੈ। ਜੀਵਨ ਜਾਚ ਨਾ ਜਾਣਨ ਵਾਲਾ ਜੋਗੀ ਵੀ ਅੰਨ੍ਹਾ ਹੈ। ਇਹ ਤਿੰਨੋਂ (ਧਾਰਮਿਕ ਆਗੂ) ਅੰਦਰੋਂ ਖੋਖਲੇ ਹਨ।

ਅਤੇ:

**"ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥**
**ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥"**

(ਪੰਨਾ ੯੫੧)

**ਭਾਵ:** ਕਾਜ਼ੀ ਬਣ ਕੇ ਉਹ ਇਨਸਾਫ ਕਰਨ ਲਈ ਬੈਠਦਾ; ਮਾਲਾ ਫੇਰਦਾ ਹੈ ਤੇ ਅੱਲਾ ਅੱਲਾ ਆਖਦਾ ਹੈ, ਪਰ (ਦੂਜੇ ਹੱਥ) ਰਿਸ਼ਵਤ ਲੈ ਕੇ ਉਹ ਬੇਇਨਸਾਫੀ ਕਰਦਾ ਹੈ।

ਇਸੇ ਤਰਾਂ, ਸੂਫ਼ੀ ਕਵੀ ਬੁੱਲ੍ਹੇ ਸ਼ਾਹ ਧਾਰਮਿਕ ਚੌਧਰੀਆਂ ਦਾ ਅਸਲ ਨੰਗਾ ਕਰਦਾ ਹੈ:

**"ਬੁੱਲ੍ਹਿਆ ਧਰਮਸਾਲਾ ਧੜਵਾਈ ਰਹਿੰਦੇ, ਠਾਕੁਰ ਦੁਆਰੇ ਠੱਗ।**
**ਵਿਚ ਮਸੀਤਾਂ ਕੁਸੱਤਈਏ ਰਹਿੰਦੇ, ਆਸ਼ਕ ਰਹਿਣ ਅਲੱਗ।"**

**ਭਗਤ ਜਨਾਂ ਵਲੋਂ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਦੀ ਪ੍ਰੋੜਤਾ :** ਪੰਜਾਬ ਦੀ ਜਾਗਰਤੀ ਲਹਿਰ ਦੇ ਭਗਤ ਜਨਾਂ ਨੇ ਵੀ ਸਮੇਂ ਦੇ ਜ਼ਾਲਮ ਤੇ ਲੋਟੂ ਹਾਕਮਾਂ ਅਤੇ ਧਾਰਮਿਕ ਚੌਧਰੀਆਂ ਦੇ ਜ਼ੁਲਮ, ਲੁੱਟ-ਖਸੁੱਟ, ਦੰਭ, ਤੇ ਪਾਖੰਡ ਨੰਗੇ ਕਰ ਕੇ ਉਨ੍ਹਾਂ ਦਾ ਵਿਰੋਧ ਕੀਤਾ। ਭਗਤ ਨਾਮ ਦੇਵ, ਭਗਤ ਕਬੀਰ, ਤੇ ਭਗਤ ਰਵਿਦਾਸ ਜੀ ਭਗਤੀ ਲਹਿਰ ਦੇ ਮਹਾਂ-ਨਾਇਕਾਂ ਵਿੱਚ ਸ਼ਾਮਲ ਹਨ। ਮਿਸਾਲ ਵਜੋਂ, ਭਗਤ ਨਾਮ ਦੇਵ ਜੀ, 'ਉੱਚੀਆਂ' ਜਾਤੀਆਂ ਵਲੋਂ 'ਨੀਵੀਂਆਂ' ਜਾਤੀਆਂ ਦੀ ਕੀਤੀ ਜਾ ਰਹੀ ਦੁਰਗਤੀ ਵੱਲ ਇਸ਼ਾਰਾ ਕਰਦੇ ਨੇ:

**"ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥"**

(ਪੰਨਾ ੧੨੯੨)

**ਭਾਵ:** ਇਹਨਾਂ ਪਾਂਡਿਆਂ ਨੇ 'ਸ਼ੂਦਰ ਸ਼ੂਦਰ' ਆਖ ਕੇ ਮਾਰ-ਕੁਟਾਈ ਕਰ ਕੇ, ਮੈਨੂੰ ਉਠਾਲ ਦਿੱਤਾ ਹੈ। ਹੁਣ ਕੀ ਕਰਾਂ?

ਭਗਤ ਕਬੀਰ ਜੀ ਪਾਖੰਡ-ਜਾਲ ਵਿੱਚ ਫ਼ਸਾ ਕੇ ਲੋਕਾਂ ਨੂੰ ਲੁੱਟਣ ਵਾਲੇ ਹਿੰਦੂ ਧਾਰਮਿਕ ਚੌਧਰੀਆਂ ਦੀ ਤੁਲਨਾ ਬਨਾਰਸ ਦੇ ਠੱਗਾਂ ਨਾਲ ਕਰਦੇ ਨੇ :

**"ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥**

**ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥"**

(ਪੰਨਾ ੪੭੬)

**ਭਾਵ:** ਉਹ ਸਾਢੇ ਤਿੰਨ ਗਜ਼ ਲੰਮੀਆਂ ਧੋਤੀਆਂ ਪਹਿਨਦੇ ਹਨ ਅਤੇ ਤੈਹਰੀਆਂ ਤੰਦਾਂ ਵਾਲੇ ਜਨੇਊ ਪਾਂਦੇ ਨੇ; ਗਲਾਂ ਵਿੱਚ ਮਾਲਾਵਾਂ ਹਨ ਤੇ ਹੱਥ ਵਿੱਚ ਲਿਸ਼ਕਦੇ ਲੋਟੇ। ਪਰ ਲਛਣੋਂ ਉਨ੍ਹਾਂ ਨੂੰ ਸੰਤ ਨਹੀਂ ਕਹਿਣਾ ਚਾਹੀਦਾ; ਉਹ ਤਾਂ ਬਨਾਰਸ ਦੇ ਠੱਗ ਨੇ।

ਭਗਤ ਰਵਿਦਾਸ ਜੀ ਨੇ ਆਧੁਨਿਕਤਾ ਦੀ ਕਦਰ, ਮਨੁੱਖੀ ਬਰਾਬਰੀ, ਦਾ ਪੱਖ ਪੂਰਦੇ ਹੋਏ ਅਜੇਹੇ ਰਾਜ ਦੀ ਕਲਪਨਾ ਕੀਤੀ ਜਿਸ ਵਿੱਚ ਹਰ ਕਿਸੇ ਨੂੰ ਰੋਟੀ ਮਿਲੇ, ਤੇ ਹਰ ਛੋਟਾ ਬੜਾ ਖ਼ੁਸ਼ ਹੋਵੇ:

**"ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ,**
**ਛੋਟ ਬੜੇ ਸਭ ਸਮ ਬਸੈ ਰਵਿਦਾਸ ਰਹੈ ਪ੍ਰਸੰਨ॥"**

ਆਧੁਨਿਕਤਾ ਦੀਆਂ ਦੋ ਹੋਰ ਕਦਰਾਂ, ਗ਼ੁਲਾਮੀ ਦਾ ਵਿਰੋਧ ਤੇ ਜਨਤੰਤਰ (ਜਮਹੂਰੀਅਤ) ਦੀ ਵਕਾਲਤ, ਦੇ ਬੁਲਾਰੇ ਬਣਦੇ ਹੋਏ ਭਗਤ ਰਵਿਦਾਸ ਜੀ ਫ਼ਰਮਾਉਂਦੇ ਨੇ :

**"ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।**
**ਰਵਿਦਾਸ ਦਾਸ ਪ੍ਰਾਧੀਨ ਸੋਂ ਕੌਣ ਕਰੈ ਹੈ ਪ੍ਰੀਤ।**
**ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।**
**ਰਵਿਦਾਸ ਦਾਸ ਪਰਾਧੀਨ ਕੋ ਸਭਹੀ ਸਮਝੇ ਹੀਨ।**
**ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।**
**ਇੱਕ ਸੁੱਖ ਹੈ ਸਵਰਾਜ ਮੰਹਿ ਦੂਸਰ ਮਰਘਟ ਗਾਂਵ।"**

**ਭਾਵ:** ਗ਼ੁਲਾਮੀ ਪਾਪ ਹੈ। ਗੁਲਾਮ ਦਾ ਕੋਈ ਸੁੱਖ ਅਤੇ ਸਨਮਾਨ ਨਹੀਂ ਹੁੰਦਾ। ਕੋਈ ਉਸ ਨਾਲ ਪ੍ਰੇਮ ਤੇ ਭਾਈਚਾਰਾ ਨਹੀਂ ਕਰਦਾ, ਸਭ ਹੀਨ ਸਮਝਦੇ ਨੇ। ਇਸ ਲਈ ਗੁਲਾਮੀ ਨੂੰ ਗਲੋਂ ਲਾਹੁਣਾ ਚਾਹੀਦਾ ਹੈ, ਗੁਲਾਮੀ ਪ੍ਰਤੀ ਬਗ਼ਾਵਤ ਕਰਨੀ ਚਾਹੀਦੀ ਹੈ। ਸਵੈਰਾਜ 'ਚ ਹੀ ਸੁੱਖ ਹੈ।

ਗਿਆਨ ਤੇ ਵਿੱਦਿਆ, ਦੋ ਆਧੁਨਿਕ ਕਦਰਾਂ-ਕੀਮਤਾਂ, ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਵਿਚਕਾਰ ਸਾਂਝੇ ਤੱਤਾਂ ਵਿੱਚੋਂ ਸਨ। ਮਿਸਾਲ ਵਜੋਂ, ਭਗਤ ਰਵਿਦਾਸ ਜੀ ਨੇ ਸਮਾਜ ਵਿੱਚ ਅਗਿਆਨਤਾ ਨੂੰ ਗਰੀਬੀ ਦੀ ਪਹਿਚਾਣ ਬਣੀ ਤੱਕ ਕੇ ਲੋਕਾਂ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ:

**"ਮਾਧੋ ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ।"**

(ਪੰਨਾ ੪੮੬)

**ਭਾਵ:** ਹੇ ਪ੍ਰਭੂ! ਜੀਵ ਅਗਿਆਨਤਾ ਨਾਲ ਪਿਆਰ ਕਰ ਰਹੇ ਹਨ; ਇਸ ਵਾਸਤੇ ਇਹਨਾਂ ਦੀ ਬੁੱਧੀ ਦਾ ਦੀਵਾ ਧੁੰਧਲਾ ਹੋ ਗਿਆ ਹੈ (ਮਤਲਬ, ਪਰਖ-ਹੀਣ ਹੋ ਰਹੇ ਹਨ, ਏਸ ਲਈ ਭਲੇ ਬੁਰੇ ਦੀ ਪਛਾਣ ਨਹੀਂ ਕਰਦੇ)।

ਗੁਰੂ ਨਾਨਕ ਨੇ ਵੀ ਗਿਆਨ ਨੂੰ ਸਦੀਵੀ ਪਵਿੱਤਰਤਾ ਦਾ ਸੋਮਾ ਦੱਸਿਆ:

**"ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ॥"**

(ਗੁਰੂ ਗ੍ਰੰਥ ਸਾਹਿਬ, ੬੩੭)


ਇਸੇ ਤਰ੍ਹਾਂ ਸੂਫ਼ੀ ਲਹਿਰ ਨੇ ਵੀ ਇਸ ਅਧਿਆਏ ਵਿੱਚ ਵਿਚਾਰੀਆਂ ਗਈਆਂ ਕਈ ਕਦਰਾਂ-ਕੀਮਤਾਂ ਦੀ ਡਟਕੇ ਪ੍ਰੋੜਤਾ ਕੀਤੀ, ਜੋ ਅੱਜ ਆਧੁਨਿਕਤਾ ਵਿੱਚ ਸ਼ਾਮਲ ਨੇ।

**ਸਿੱਟੇ** : ਮੁੱਕਦੀ ਗੱਲ, ਮੱਧਕਾਲੀ ਯੁੱਗ ਵਿੱਚ ਚੱਲੀ ਪੰਜਾਬ ਜਾਗਰਤੀ ਲਹਿਰ ਨੇ ਕਈ ਕਦਰਾਂ-ਕੀਮਤਾਂ ਦੀ ਡਟ ਕੇ ਹਿਮਾਇਤ, ਪ੍ਰੋੜਤਾ, ਤੇ ਰਾਖੀ ਕੀਤੀ, ਜੋ ਬਾਅਦ ਵਿੱਚ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਬਣ ਗਈਆ। ਇਨ੍ਹਾਂ ਵਿੱਚੋ ਕੁਝ ਹਨ: ਜਾਤ-ਪਾਤ ਤੇ ਆਰਥਿਕ ਗ਼ਰੀਬੀ/ਅਮੀਰੀ ਦੇ ਆਧਾਰ ਦਰ੍ਹਾਂਡੇ ਦਾ ਵਿਰੋਧ; ਰਾਜਿਆਂ ਤੇ ਧਾਰਮਿਕ ਆਗੂਆਂ ਵਲੋਂ ਲੋਕਾਂ ਉੱਪਰ ਢਾਏ ਜ਼ੁਲਮ ਤੇ ਉਨ੍ਹਾਂ ਦੀ ਲੁੱਟ-ਖਸੁੱਟ ਦਾ ਵਿਰੋਧ, ਤੇ ਇੰਝ ਮਨੁੱਖੀ ਆਤਮ-ਸਨਮਾਨ ਤੇ ਨਿਆਂ 'ਤੇ ਪਹਿਰਾ; ਜਨਤੰਤਰ (ਜਮਹੂਰੀਅਤ) ਦੀ ਵਕਾਲਤ; ਗ਼ੁਲਾਮੀ ਦਾ ਵਿਰੋਧ, ਆਦਿ। ਕਿਉਂਕਿ ਮੱਧਕਾਲੀ ਯੁੱਗ ਵਿੱਚ ਚੱਲੀ ਪੰਜਾਬ ਜਾਗਰਤੀ ਲਹਿਰ, ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਦੀ ਪ੍ਰੋੜਤਾ, ਤੇ ਵਾਹ ਲੱਗਦੀ ਨੂੰ ਲਾਗੂ ਵੀ, ਕਰ ਰਹੀ ਸੀ, ਇਸ ਲਈ ਅਸੀਂ ਬਿਨ੍ਹਾਂ ਸ਼ੱਕ ਇਹਨੂੰ ਅਗਾਂਹਵਧੂ, ਪ੍ਰਗਤੀਸ਼ੀਲ, ਜਾਂ ਭਵਿੱਖਮੁਖੀ ਲਹਿਰ ਕਹਿ ਸਕਦੇ ਹਾਂ। ਗਿਆਨ ਦੇ ਨਾਲ ਨਾਲ ਆਧੁਨਿਕ ਯੁੱਗ ਦੀਆਂ ਦੋ ਹੋਰ ਮਹੱਤਵਪੂਰਣ ਕਦਰਾਂ-ਕੀਮਤਾਂ ਹਨ: ਵਿਗਿਆਨ ਤੇ ਵਿਗਿਆਨਕ ਪਹੁੰਚ। ਯੂਰਪ ਦੀ ਰੇਨਾਸਾਂਸ ਲਹਿਰ ਵਿਗਿਆਨ ਸੰਗ ਜੋਟੀ ਪਾਉਂਦੀ ਹੋਈ ਪ੍ਰਬੋਧਨ ਲਹਿਰ ਵਿੱਚ ਵਿਕਸਿਤ ਹੋਈ।


ਰੇਨਾਸਾਂਸ ਮਾਨਵਵਾਦ ਲਹਿਰ ਦੀ ਸ਼ੁਰੂਆਤ ਵਾਂਗ ਹੀ, ਅਧਿਆਤਮਿਕਤਾ ਦੇ ਘੇਰੇ ਚੱਲੀ ਪੰਜਾਬ ਜਾਗਰਤੀ ਲਹਿਰ ਦਾ ਵਿਗਿਆਨ ਸੰਗ ਕੀ ਰਿਸ਼ਤਾ ਸੀ? ਇਹ ਵਿਸ਼ਾ, ਅਸੀਂ ਅਗਲੇ ਅਧਿਆਏ ਵਿੱਚ ਛੋਂਹਦੇ ਹਾਂ।

# ਅਧਿਆਏ 4


## ਪੰਜਾਬ ਜਾਗਰਤੀ ਲਹਿਰ ਵਿਗਿਆਨ ਦੀ ਸਰਦਲ 'ਤੇ: ਕੀ ਗੁਰਬਾਣੀ ਤੇ ਵਿਗਿਆਨ ਦਾ ਮੂਲ ਮੰਤਰ ਇੱਕੋ ਹੀ?



*ਬਾਬਾ ਨਾਨਕ ਜੀ (1469-1539) : ਗੁਰਬਾਣੀ ਦੇ ਮੂਲ ਮੰਤਰ ਦੇ ਲੇਖਕ ਤੇ ਪੰਜਾਬ ਦੇ ਮਹਾਨ ਫ਼ਿਲਾਸਫ਼ਰ, ਜਿਨ੍ਹਾਂ ਨੇ ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ ਦੌਰਾਨ ਪੰਜਾਬ ਵਿੱਚ ਜਾਗਰਤੀ ਲਹਿਰ ਸ਼ੁਰੂ ਕੀਤੀ, ਜਿਸ ਵਿੱਚ ਭਗਤ ਜਨਾਂ ਨੇ ਸੂਫ਼ੀਆਂ ਨੇ ਵੀ ਹਿੱਸਾ ਲਿਆ।*



*ਮੂਲ ਮੰਤਰ ਦੀ ਇਬਾਰਤ ਗੁਰੂ ਹਰ ਰਾਏ ਜੀ ਦੀ ਲਿਖਾਈ*



*ਅਲਬਰਟ ਆਈਨਸਟਾਈਨ (1879-1955): ਆਧੁਨਿਕ ਜੀਵਨ ਨੂੰ ਪ੍ਰਭਾਵਤ ਕਰਨ ਵਾਲਾ ਇੱਕ ਮਹਾਨ ਵਿਗਿਆਨੀ, ਜਿਸਦੀ ਖੋਜ ਸਦਕਾ ਸਦੀਆਂ ਤੋਂ ਚੱਲਿਆ ਆ ਰਿਹਾ ਵਿਗਿਆਨ ਦਾ ਇੱਕ ਅਧੂਰਾ ਕੇਂਦਰੀ ਮੂਲ ਸਿਧਾਂਤ, ਮਾਦੇ ਦੀ ਅਵਿਨਾਸ਼ਤਾ ਦਾ ਸਿਧਾਂਤ, ਪੂਰਾ ਹੋਇਆ।*

ਰੇਨਾਸਾਂਸ ਮਾਨਵਵਾਦੀ ਲਹਿਰ ਦੀ ਸ਼ੁਰੂਆਤ ਵਾਂਗ ਹੀ, ਪੰਜਾਬ ਜਾਗਰਤੀ ਲਹਿਰ ਵੀ ਅਧਿਆਤਮਿਕਤਾ ਦੇ ਘੇਰੇ ਵਿੱਚ ਹੀ ਚਲਾਈ ਜਾ ਰਹੀ ਸੀ; ਪਰ ਅਧਿਆਤਮਵਾਦ ਤੇ ਵਿਗਿਆਨ ਦੋ ਵੱਖੋ ਵੱਖ ਖ਼ੇਤਰ ਨੇ। ਦੋ ਵੱਖੋ ਵੱਖ ਖ਼ੇਤਰ ਜਿੱਥੇ ਮਿਲਦੇ ਨੇ ਉਹਨੂੰ ਇੰਟਰਫ਼ੇਸ ਕਿਹਾ ਜਾਂਦਾ ਹੈ। ਇੰਟਰਫ਼ੇਸ ਉੱਪਰ ਅਕਸਰ ਬਹੁਤ ਰੌਚਕ ਤੇ ਅਜਬ ਭਾਣੇ, ਖ਼ਿਆਲ, ਅਤੇ ਰਿਸ਼ਤੇ ਛੁਪੇ ਹੁੰਦੇ ਹਨ। ਕਿਉਂਕਿ ਪੰਜਾਬ ਜਾਗਰਤੀ ਲਹਿਰ ਦਾ ਫ਼ਲਸਫ਼ਾ ਅਧਿਆਤਮਕਤਾ ਪਾਸਿਓਂ ਅਧਿਆਤਮਵਾਦ ਤੇ ਵਿਗਿਆਨ ਦੇ ਇੰਟਰਫ਼ੇਸ ਨਾਲ ਆ ਲੱਗਦਾ, ਇਸ ਅਧਿਆਏ ਵਿੱਚ ਅਸੀਂ ਇਸ ਇੰਟਰਫ਼ੇਸ ਵਿੱਚ ਛੁਪਿਆ ਬਹੁਤ ਰੌਚਕ ਤੇ ਅਜਬ ਖ਼ਿਆਲ ਖ਼ੋਜ ਕੱਢਾਂਗੇ, ਜੋ ਪੰਜਾਬ ਜਾਗਰਤੀ ਲਹਿਰ ਦੇ ਵਿਗਿਆਨ ਸੰਗ ਰਿਸ਼ਤੇ ਨੂੰ ਸਮੁੱਚੇ ਰੂਪ ਵਿੱਚ ਉਜਾਗਰ ਕਰ ਦੇਵੇਗਾ। ਇਸ ਇੰਟਰਫ਼ੇਸ 'ਤੇ ਬੈਠਾ ਹੈ ਗੁਰੂ ਨਾਨਕ ਦੇਵ ਜੀ ਵਲੋਂ ਲਿਖਿਆ ਗੁਰਬਾਣੀ ਦਾ ਮੂਲ ਮੰਤਰ।

ਗੁਰੂ ਨਾਨਕ ਦੇਵ ਜੀ ਇੱਕ ਮਹਾਨ ਫ਼ਿਲਾਸਫ਼ਰ ਸਨ। ਫ਼ਲਸਫ਼ਾ ਸ਼ਬਦ ਦਾ ਮੁੱਢ ਇਕ ਗਰੀਕ ਲਫ਼ਜ਼ ਹੈ, ਜਿਹਦਾ ਅਰਥ ਹੈ ਗਿਆਨ ਤੇ ਸਿਆਣਪ ਲਈ ਪਿਆਰ। ਸੋ, ਫ਼ਲਸਫ਼ਾ ਅਧਿਅਨ ਦਾ ਅਜੇਹਾ ਖ਼ੇਤਰ ਹੈ ਜਿਸ ਵਿੱਚ ਗਿਆਨ ਦੇ ਹਰ ਵਿਸ਼ੇ, ਜਿਵੇਂ ਕਿ ਹੋਂਦ, ਮਨ, ਧਰਮ, ਤਰਕ, ਕੁਦਰਤ, ਬ੍ਰਹਿਮੰਡ, ਆਦਿ ਬਾਰੇ ਬੁਨਿਆਦੀ ਸੁਆਲ ਪੁੱਛੇ ਜਾਂਦੇ ਨੇ, ਅਤੇ ਜੁਆਬ ਲੱਭਣ ਵਿੱਚ ਦਰਪੇਸ਼ ਸਮੱਸਿਆਵਾਂ ਨੂੰ ਪ੍ਰਭਾਸ਼ਿਤ ਕਰਕੇ ਉਨ੍ਹਾਂ ਦਾ ਹੱਲ ਕੱਢਿਆ ਜਾਂਦਾਂ ਹੈ। ਪ੍ਰਾਚੀਨ ਫ਼ਲਸਫ਼ੇ ਵਿੱਚ ਸਣੇ ਵਿਗਿਆਨ ਸੱਭ ਬੌਧਿਕ ਪ੍ਰਯਤਨ ਤੇ ਗਿਆਨ ਵਿਸ਼ੇ ਸ਼ਾਮਲ ਸਨ। ਉਦਾਹਰਣ ਦੇ ਤੌਰ 'ਤੇ ਫ਼ਿਲਾਸਫ਼ਰ ਅਰਸਤੂ (384-322 ਈਸਾ ਪੂਰਵ) ਦੁਨੀਆਂ ਦਾ ਪਹਿਲਾ ਭੌਤਿਕ ਵਿਗਿਆਨੀ ਵੀ ਮੰਨਿਆ ਜਾਂਦਾ ਹੈ। ਸੰਕਲਪ ਤੇ ਖ਼ਿਆਲ, ਫ਼ਲਸਫ਼ੇ ਦੇ ਕਿਸੇ ਵੀ ਵਿਸ਼ੇ ਦੇ ਬੁਨਆਦੀ ਤੱਤ ਹੁੰਦੇ ਨੇ। ਇਹ ਕੋਈ ਅਨਹੋਣੀ ਨਹੀਂ ਕਿ ਫ਼ਲਸਫ਼ੇ ਦੇ ਦੋ ਅਲੱਗ ਖ਼ੇਤਰਾਂ ਵਿੱਚ ਇੱਕੋ ਹੀ ਮੂਲ ਦੇ ਖ਼ਿਆਲ ਨੂੰ ਦੋ ਵੱਖ ਰੂਪਾਂ ਵਿੱਚ ਵਰਤਿਆ ਜਾਏ, ਤੇ ਉਸ ਵਰਤੋਂ ਦੇ ਨਤੀਜੇ ਉਨ੍ਹਾਂ ਦੋ ਖ਼ੇਤਰਾਂ ਵਿੱਚ ਵੱਖ ਵੱਖ ਨਿਕਲਣ। ਇਸ ਸੰਦਰਭ ਵਿੱਚ, ਅਸੀਂ ਇਸ ਅਧਿਆਏ ਵਿੱਚ ਗੁਰਬਾਣੀ ਦੇ ਮੂਲ ਮੰਤਰ ਦੀ ਵਿਗਿਆਨ ਦੇ ਇੱਕ ਕੇਂਦਰੀ ਮੂਲ ਸਿਧਾਂਤ ਨਾਲ ਤੁਲਨਾ ਕਰਦੇ ਹੋਏ ਵੇਖਾਂਗੇ ਕਿ ਕਿਸ ਤਰ੍ਹਾਂ ਇਨ੍ਹਾਂ ਦੋਨ੍ਹਾਂ ਦੇ ਪਿੱਛੇ ਮੂਲ ਖ਼ਿਆਲ ਇੱਕ ਹੀ ਹੈ।

**ਗੁਰਬਾਣੀ ਦਾ ਮੂਲ ਮੰਤਰ :** ਗੁਰਬਾਣੀ ਦਾ 'ਮੂਲ ਮੰਤਰ' ਗੁਰਬਾਣੀ ਦਾ ਕੇਂਦਰੀ ਬਿੰਦੂ ਹੈ ਜਿਸ ਦੁਆਲੇ ਬਾਕੀ ਦੀ ਬਾਣੀ ਘੁੰਮਦੀ ਹੈ। ਇਸ ਵਿੱਚ ਇਲਾਹੀ ਸ਼ਕਤੀ ਦਾ ਨਾਂ ਲਏ ਬਗ਼ੈਰ ਉਹਦੇ ਗੁਣ ਉੱਚਰੇ ਗਏ ਨੇ। ਜਪੁਜੀ ਸਾਹਿਬ ਵਿੱਚ ਦਰਜ ਇਸ ਮੂਲ ਮੰਤਰ ਨਾਲ ਗੁਰੂ ਗ੍ਰੰਥ ਸਾਹਿਬ ਸ਼ੁਰੂ ਹੁੰਦਾ ਹੈ, ਜਦੋਂ ਗੁਰੂ ਨਾਨਕ ਦੇਵ ਜੀ ਆਪਣੇ ਕਲਾਮ ਵਿੱਚ ਫ਼ਰਮਾਉਂਦੇ ਹਨ:

**"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥"**

ਪ੍ਰੋ. ਸਾਹਿਬ ਸਿੰਘ ਦੇ ਸ਼ਬਦਾਂ ਵਿੱਚ ਇਸ ਦੀ ਸੰਖਿਪਤ ਵਿਆਖਿਆ ਹੈ:

"ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ 'ਹੋਂਦ ਵਾਲਾ' ਹੈ ਜੋ ਕਾਇਨਾਤ ਦਾ ਰਚਣਹਾਰ ਹੈ, ਜੋ ਸਭ ਵਿੱਚ ਵਿਆਪਕ ਹੈ, ਭੈ (ਡਰ) ਤੋਂ ਰਹਿਤ ਹੈ, ਵੈਰ ਰਹਿਤ ਹੈ, ਜਿਸ ਦਾ ਸਰੂਪ ਕਾਲ਼ ਤੋਂ ਪਰ੍ਹੇ ਹੈ, ਜੋ ਜੂਨਾਂ ਵਿੱਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ।"

ਜ਼ਰਾ ਹੋਰ ਵੇਰਵੇ ਸਹਿਤ ਵਿਆਖਿਆ ਹੇਠਾਂ ਦਰਜ ਹੈ:

"ੴ": ਉਹ ਇਕ ਹੀ (1); ਉਹ ਮੂਲ ਹੈ, ਸਾਰਾ ਕੁਝ ਉਸ ਤੋਂ ਹੀ ਬਣਿਆ ਹੈ, ਤੇ ਉਹ ਹਰ ਥਾਂ ਨਿਰੰਤਰ ਮੌਜੂਦ ਹੈ, ਅਨੇਕ ਰੂਪਾਂ ਵਿੱਚ: ਸਰਬ ਵਿਆਪਕ (ੳ) (4, 5, 6, 7)।

**"ਸਤਿਨਾਮੁ"** : 'ਸਤਿ' ਸ਼ਬਦ ਦੀ ਜੜ੍ਹ ਵਿੱਚ ਸੰਸਕ੍ਰਿਤ ਦੇ ਦੋ ਲਫ਼ਜ਼ ਹਨ ਜਿਨ੍ਹਾਂ ਦੇ ਅਰਥ ਹਨ: ਹੋਂਦ ਤੇ ਪ੍ਰਮਾਣ। ਇਸ ਲਈ 'ਸਤਿਨਾਮ' ਦਾ ਮਤਲਬ ਹੋਇਆ: ਉਹ ਪ੍ਰਮਾਣਿਤ, ਯਾਨੀ ਕਿ ਸਚੇ, ਗੁਣਾਂ ਦੀ ਹੋਂਦ ਵਾਲਾ।

**"ਕਰਤਾ ਪੁਰਖੁ"** : 'ਕਰਤਾ' ਦਾ ਭਾਵ ਉਹ ਬ੍ਰਹਿਮੰਡ ਦਾ ਰਚਨਹਾਰਾ ਤੇ ਚਲਾਉਣ ਵਾਲਾ ਹੈ। ਹਿੰਦੂ ਫ਼ਲਸਫ਼ਾ, ਜੋ ਗੁਰੂ ਨਾਨਕ ਜੀ ਦਾ ਪ੍ਰਵਾਰਿਕ ਪਿਛੋਕੜ ਸੀ, ਦੇ ਸੰਖਿਆ ਮੱਤ ਅਨੁਸਾਰ 'ਪੁਰਖੁ' ਆਨੰਤ ਇਲਾਹੀ ਆਤਮਾ ਹੈ ਜੋ ਨਸ਼ਟ ਨਹੀਂ ਕੀਤੀ ਜਾ ਸਕਦੀ। ਇੱਥੇ ਵੀ ਪੁਰਖੁ ਦਾ ਇਹੀ ਅਰਥ ਹੈ।

**"ਨਿਰਭਉ ਨਿਰਵੈਰ"** : ਉਹ ਡਰ ਤੇ ਵੈਰ ਤੋਂ ਉੱਪਰ ਹੈ। ਆਪਣੇ ਨਿਯਮਾਂ ਮੁਤਾਬਕ ਚੱਲਦਾ ਹੈ, ਭੈਅ ਜਾਂ ਵੈਰ ਵਿੱਚ ਨਹੀਂ।

**"ਅਕਾਲ ਮੂਰਤਿ"** : ਉਹ ਸਮੇਂ ਤੋਂ ਪਰ੍ਹੇ ਹੈ, ਭਾਵ ਉਹ ਸਦਾ ਤੋਂ ਇੱਥੇ ਹੈ ਤੇ ਨਸ਼ਟ ਨਹੀਂ ਜਾ ਸਕਦਾ (ਅਕਾਲ); ਉਹਦਾ ਆਪਣਾ ਕੋਈ ਰੂਪ ਨਹੀਂ ਪਰ ਫਿਰ ਵੀ ਉਹ ਪ੍ਰਗਟ (ਮੂਰਤਿ) ਰਹਿੰਦਾ ਹੈ (ਬ੍ਰਹਿਮੰਡ ਦੀਆਂ ਅਣਗਿਣਤ ਦੇ ਚੀਜ਼ਾਂ ਦੇ ਰੂਪ ਵਿੱਚ )।

**"ਅਜੂਨੀ"** : ਉਹ ਜੂਨਾਂ ਤੋਂ ਉੱਪਰ ਹੈ; ਜਨਮ-ਮਰਨ ਦੇ ਚੱਕਰ ਤੋਂ ਬਾਹਰ; ਨਾ ਪੈਦਾ ਤੇ ਨਾ ਨਸ਼ਟ ਕੀਤਾ ਜਾ ਸਕਦਾ ਹੈ।

**ਸੈਭੰ** : ਇਹ ਸ਼ਬਦ ਸੰਸਕ੍ਰਿਤ ਦੇ ਉਸ ਲਫ਼ਜ਼ 'ਚੋਂ ਕੱਢਿਆ ਗਿਆ ਹੈ ਜਿਸ ਦਾ ਅਰਥ ਹੈ: ਆਪਣੇ ਆਪ ਤੋਂ ਹੀ ਹੋਣ ਵਾਲਾ, ਜਾਣਿ ਕਿ ਉਹ ਆਪਣਾ ਮੂਲ ਆਪ ਹੈ, ਹੋਰ ਚੀਜ਼ 'ਚੋਂ ਨਹੀਂ ਉਪਜਿਆ।

**ਗੁਰ ਪ੍ਰਸਾਦਿ**: ਉਹਨੂੰ ਗੁਰੂ ਦੀ ਕਿਰਪਾ ਦੁਆਰਾ ਜਾਣਿਆ ਜਾ ਸਕਦਾ ਹੈ।

ਮੂਲ ਮੰਤਰ ਦੇ ਲੇਖਕ, ਗੁਰੂ ਨਾਨਕ ਦੇਵ ਜੀ, ਫ਼ਿਲਾਸਫ਼ਰ ਸਨ ਜਿਨ੍ਹਾਂ ਦਾ ਫ਼ਲਸਫ਼ਾ ਕਾਵਿ ਰੂਪ ਵਿੱਚ ਹੋਰਾਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਕਿਉਂਕਿ ਫ਼ਿਲਾਸਫ਼ਰ ਸੁਆਲ ਤੋਂ ਸ਼ੁਰੂ ਕਰਦੇ ਨੇ, ਤਾਂ ਉਹ ਕਿਹੜਾ ਬੁਨਿਆਦੀ ਸੁਆਲ ਹੋਵੇਗਾ ਜਿਹਦਾ ਜੁਆਬ ਹੈ: ਮੂਲ ਮੰਤਰ? ਮੂਲ ਮੰਤਰ ਤੋਂ ਸ਼ੁਰੂ ਕਰਕੇ, ਥੋੜ੍ਹੀ ਜਿਹੀ ਪੁੱਠੀ, ਯਾਨਿ ਰਿਵਰਸ, ਇੰਜੀਨੀਅਰਿੰਗ ਵਰਤ ਕੇ ਜਿਸ ਵਿਆਪਕ ਬੁਨਿਆਦੀ ਸੁਆਲ ਤੱਕ ਪਹੁੰਚ ਸਕਦੇ ਹਾਂ ਉਹ ਇਹ ਹੋਵੇਗਾ :

"ਉਹ ਕਿਹੜੀ ਚੀਜ਼ ਹੈ ਜਿਸ ਤੋਂ ਬ੍ਰਹਿਮੰਡ ਬਣਿਆ ਜਾਂ ਜਿਸ ਨੇ ਬ੍ਰਹਿਮੰਡ

ਬਣਾਇਆ, ਤੇ ਇਸ ਨੂੰ ਚਲਾਉਂਦੀ ਹੈ, ਅਤੇ ਇਸ ਚੀਜ਼ ਦੇ ਵਿਆਪਕ ਲੱਛਣ ਕੀ ਹਨ?"

ਇਸ ਸੁਆਲ ਦਾ ਉੱਤਰ ਗੁਰੂ ਨਾਨਕ ਜੀ ਮੂਲ ਮੰਤਰ ਵਿੱਚ ਦਿੰਦੇ ਹਨ, ਜਿਸਦੀ ਵਿਆਖਿਆ ਉੱਪਰ ਦਿੱਤੀ ਗਈ ਹੈ। ਸ਼ਬਦ ਸ਼ਬਦ 'ਤੇ ਨਘੋਚਾਂ (negative approach) ਕੱਢਣ ਵਾਲੇ ਤੇ ਵਾਲ ਦੀ ਖੱਲ ਲਾਹੁਣ ਦਾ ਸ਼ੌਂਕ ਪਾਲਣ ਵਾਲੇ ਵਿਦਵਾਨ ਸੱਜਣਾਂ ਲਈ, ਅਸੀਂ ਹੇਠਾਂ ਉਪਰੋਕਤ ਸਮੁੱਚੀ ਵਿਆਖਿਆ ਦਾ ਸੰਖੇਪ ਰੂਪ ਦਿੰਦੇ ਹਾਂ, ਜਿਸ ਦੀ ਪੁਸ਼ਟੀ ਅਨੇਕਾਂ ਹਵਾਲਿਆਂ, ਜਿਵੇਂ ਕਿ (8, 9), ਨਾਲ ਕੀਤੀ ਜਾ ਸਕਦੀ ਹੈ:

ਉਹ ਚੀਜ਼ ਜਿਸ ਤੋਂ ਬ੍ਰਹਿਮੰਡ ਬਣਿਆ ਜਾਂ ਜਿਸ ਨੇ ਬ੍ਰਹਿਮੰਡ ਬਣਾਇਆ, ਤੇ ਇਸ ਨੂੰ ਚਲਾਉਂਦੀ ਹੈ, ਉਹਦੇ ਵਿਆਪਕ ਲੱਛਣ ਨੇ: ਉਹਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਭਾਵ ਉਹ ਮੂਲ ਹੈ ਜਿਸ ਤੋਂ ਜਿਸ ਨੇ ਸਾਰੀ ਕਾਇਨਾਤ ਰਚੀ ਹੈ; ਸਭ ਵਿੱਚ ਵਿਆਪਕ (ਸਰਬ ਵਿਆਪਕ) ਹੈ, ਕਾਲ਼ ਤੋਂ ਪਰ੍ਹੇ ਹੈ, ਪੈਦਾ ਜਾਂ ਨਸ਼ਟ ਨਹੀਂ ਕੀਤੀ ਜਾ ਸਕਦੀ, ਡਰ ਤੋਂ ਰਹਿਤ ਹੈ, ਵੈਰ ਰਹਿਤ ਹੈ, ਤੇ ਅਧਿਆਪਕ ਦੀ ਮੱਦਦ ਨਾਲ ਉਸ ਨੂੰ ਸਮਝਿਆ ਜਾ ਸਕਦਾ ਹੈ।

ਅਸਲ ਵਿੱਚ, ਇਹ ਪ੍ਰਸ਼ਨ ਪ੍ਰਾਚੀਨ ਕਾਲ ਤੋਂ ਹੀ ਇੱਕ ਤੋਂ ਜਿਆਦਾ ਗਿਆਨ ਖ਼ੇਤਰਾਂ ਵਿੱਚ ਅਨੇਕਾਂ ਫ਼ਿਲਾਸਫ਼ਰ ਪੁੱਛਦੇ ਆਏ ਨੇ। ਇਹ ਪ੍ਰਸ਼ਨ ਵਿਗਿਆਨੀਆਂ ਨੇ ਵੀ ਉਠਾਇਆ, ਜਿਨ੍ਹਾਂ ਨੂੰ ਪ੍ਰਾਚੀਨ ਕਾਲ ਤੇ ਮੱਧਕਾਲੀ ਯੁੱਗ ਵਿੱਚ ਕੁਦਰਤੀ ਫ਼ਿਲਾਸਫ਼ਰ ਕਿਹਾ ਜਾਂਦਾ ਸੀ। ਜਿਵੇਂ ਇਸ ਅਧਿਆਏ ਵਿੱਚ ਥੋੜ੍ਹਾ ਅੱਗੇ ਜਾ ਕੇ ਤੁਸੀਂ ਵੇਖੋਗੇ, ਵਿਗਿਆਨਕ ਖ਼ੋਜ ਸਦਕਾ ਇਸ ਪ੍ਰਸ਼ਨ ਦੇ ਜੋ ਉੱਤਰ ਲੱਭੇ ਨੇ ਉਨ੍ਹਾਂ ਦਾ ਨਿਚੋੜ ਜਾਂ 'ਮੂਲ ਮੰਤਰ', ਗੁਰਬਾਣੀ ਦੇ ਮੂਲ ਮੰਤਰ ਨਾਲ ਬਿੱਲਕੁੱਲ ਮਿਲਦਾ ਹੈ, ਮੂਲ ਰੂਪ ਵਿੱਚ। ਇਸ ਨਤੀਜੇ ਵੱਲ ਨੂੰ ਤਰਕਸ਼ੀਲਤਾ ਨਾਲ ਵਧਣ ਲਈ ਆਪਣੇ ਚੌਗਿਰਦੇ ਵੱਲ ਨਜ਼ਰ ਦੁੜਾਓ, ਕਿਉਂਕਿ ਵਿਗਿਆਨ ਭੌਤਿਕ ਪ੍ਰਮਾਣ ਉੱਪਰ ਨਿਰਭਰ ਕਰਦੀ ਹੈ, ਗਿਆਨ ਪ੍ਰਾਪਤ ਕਰਨ ਲਈ।

**ਮਾਦਾ ਜਾਂ ਊਰਜਾ** : ਆਪਣਾ ਆਲਾ ਦੁਆਲਾ ਵਾਚਣ ਤੋਂ ਬਾਅਦ ਜੇ ਤੁਸੀਂ ਕਹਿ ਦਿਓ ਕਿ ਬ੍ਰਹਿਮੰਡ ਚੀਜ਼ਾਂ ਦਾ ਬਣਿਆ ਹੋਇਆ ਹੈ, ਤਾਂ ਗਿਆਨ ਵਿਗਿਆਨ ਦੇ ਮਾਰਗ 'ਤੇ ਚੱਲਦਿਆਂ ਬ੍ਰਹਿਮੰਡ ਨੂੰ ਸਮਝਣ ਲਈ ਵੱਲ ਪੁੱਟਿਆ ਪਹਿਲਾਂ ਕਦਮ ਹੋਏਗਾ। ਅਸੀਂ ਜੋ ਵੀ ਚੀਜ਼ਾਂ ਵੇਖਦੇ ਹਾਂ ਉਨ੍ਹਾਂ ਨੂੰ ਦੋ ਕਿਸਮਾਂ ਵੰਡ ਸਕਦੇ ਹਾਂ: ਮਾਦਾ ਤੇ ਊਰਜਾ। ਮਾਦੇ ਦੀ ਕਿਸਮ ਵਿੱਚ ਉਹ ਸਾਰੀਆਂ ਚੀਜ਼ਾਂ ਆਉਂਦੀਆਂ ਨੇ ਜੋ ਪੁਲਾੜ ਵਿੱਚ ਥਾਂ ਮੱਲਦੀਆਂ ਨੇ ਤੇ ਉਨ੍ਹਾਂ ਦਾ ਪੁੰਜ, ਯਾਨਿ mass, ਹੁੰਦਾ ਹੈ ਜੋ ਗੁਰੂਤਾ ਖਿੱਚ ਕਰਕੇ ਭਾਰ ਬਣ ਜਾਂਦਾ ਹੈ; ਜਿਵੇਂ ਸੂਰਜ, ਤਾਰੇ, ਕਾਰਾਂ, ਬੱਦਲ, ਕਣੀਆਂ, ਇੱਟਾਂ, ਇਮਾਰਤਾਂ, ਰੋਟੀਆਂ, ਤੇ ਅਸੀਂ ਸਭ। ਜੋ ਚੀਜ਼ਾਂ ਮਾਦਾ ਨਹੀਂ ਹਨ, ਉਹ ਊਰਜਾ ਕਿਸਮ ਵਿੱਚ ਆਉਂਦੀਆਂ ਨੇ, ਜਿਵੇਂ ਧੁੱਪ, ਗਰਮੀ, ਬਿਜਲੀ, ਰੌਸ਼ਨੀ, ਆਦਿ। ਊਰਜਾ ਪ੍ਰਤੱਖ ਰੂਪ 'ਚੇ ਮਾਦੇ ਵਿੱਚ ਨਹੀਂ, ਬਲਕਿ ਲਹਿਰਾਂ ਵਿੱਚ ਜਿਉਂਦੀ ਹੈ, ਤੇ ਲਹਿਰਾਂ ਦਾ ਕੋਈ ਪੁੰਜ ਜਾਂ ਭਾਰ ਨਹੀਂ ਹੁੰਦਾ। ਮਿਸਾਲ ਵਜੋਂ, ਧੁੱਪ ਸੂਰਜ ਤੋਂ ਤੇ ਚਾਂਦਨੀ ਚੰਦਰਮਾਂ ਤੋਂ ਲਹਿਰਾਂ ਦੇ ਰੂਪ ਵਿੱਚ ਯਾਤਰਾ

ਕਰਕੇ ਸਾਡੇ ਕੋਲ ਪਹੁੰਚਦੀ ਹੈ। ਮਾਦੇ ਤੇ ਊਰਜਾ (ਜਾਂ ਲਹਿਰ) ਦੇ ਘੇਰੇ ਤੋਂ ਬਾਹਰ ਵਿਗਿਆਨੀਆਂ ਨੂੰ ਕੋਈ ਵੀ ਚੀਜ਼ ਅੱਜ ਤੱਕ ਨਹੀਂ ਲੱਭੀ ਬ੍ਰਹਿਮੰਡ ਵਿੱਚੋਂ।

ਜ਼ਰਾ ਗਹੁ ਨਾਲ ਦੇਖਿਆ ਜਾਵੇ ਤਾਂ ਮਾਦੇ ਤੇ ਊਰਜਾ ਰਿਸ਼ਤਾ ਅਟੁੱਟ ਜਾਪਦਾ ਹੈ। ਉਦਾਹਰਣ ਵਜੋਂ, ਧੁੱਪ ਜਾਂ ਕਿਸੇ ਰੌਸ਼ਨੀ, ਭਾਵ ਊਰਜਾ, ਦੀ ਮੱਦਦ ਨਾਲ ਅਸੀਂ ਮਾਦਾ ਚੀਜ਼ਾਂ ਨੂੰ ਦੇਖਦੇ ਹਾਂ। ਚੁਲ੍ਹੇ ਵਿੱਚ ਲੱਕੜ, ਜੋ ਮਾਦਾ ਹੈ, ਅੱਗ ਪੈਦਾ ਕਰਦਾ ਹੈ। ਅੱਗ ਦੀ ਊਰਜਾ ਰੋਟੀਆਂ, ਜੋ ਮਾਦਾ (ਪਦਾਰਥ) ਨੇ, ਪਕਾਉਂਦੀ ਹੈ। ਰੋਟੀਆਂ ਅਸੀਂ ਖਾਂਦੇ ਹਾਂ ਜਿਨ੍ਹਾਂ ਨੂੰ ਸਾਡੇ ਸਰੀਰਾਂ ਦੇ ਸੈੱਲ ਊਰਜਾ ਵਿੱਚ ਬਦਲ ਦਿੰਦੇ ਹਨ, ਜਿਸ ਊਰਜਾ ਬਿਨ੍ਹਾਂ ਸਾਡਾ ਚਲਣਾ ਫਿਰਨਾ ਤੇ ਕੰਮ ਕਰਨਾ ਤਾਂ ਦੂਰ ਦੀ ਗੱਲ ਰਹੀ, ਅਸੀਂ ਜਿੰਦਾ ਵੀ ਨਹੀਂ ਰਹਿ ਸਕਦੇ। ਇੰਜਨ ਮਾਦਾ ਪੈਟਰੋਲ ਨੂੰ ਊਰਜਾ ਵਿੱਚ ਬਦਲ ਕੇ ਕਾਰਾਂ, ਬੱਸਾਂ, ਹਵਾਈ ਜਹਾਜ਼ਾਂ ਆਦਿ ਨੂੰ ਚਲਾਉਂਦੇ ਹਨ। ਇਸ ਤਰ੍ਹਾਂ, ਅਸੀਂ ਵੇਖ ਸਕਦੇ ਹਾਂ ਕਿ ਸਾਰਾ ਸੰਸਾਰ ਹੀ ਨਹੀਂ, ਬਲਕਿ ਸਾਰਾ ਬ੍ਰਹਿਮੰਡ ਹੀ ਮਾਦੇ, ਊਰਜਾ, ਤੇ ਇਨ੍ਹਾਂ ਦੋ ਕਿਸਮਾਂ ਦਾ ਆਪਸ ਵਿੱਚ ਤਬਦੀਲ ਹੋ ਜਾਣ ਦਾ ਖੇਲ ਹੈ।

ਉਪਰੋਤਕ ਚਰਚਾ ਵਿੱਚ 'ਲੱਕੜਾਂ ਦਾ ਬਲਣਾ' ਤੇ 'ਸਰੀਰ ਦੇ ਸੈੱਲਾਂ ਵਲੋਂ ਭੋਜਨ ਨੂੰ ਊਰਜਾ ਵਿੱਚ ਵਟਾਉਣਾ' ਦੋਨੋਂ ਹੀ ਮਾਦੇ ਦੇ ਊਰਜਾ ਵਿੱਚ ਪਰਿਵ੍ਰਤਤ ਕਰਨ ਦੀਆਂ ਮਿਸਾਲਾਂ ਹਨ। ਭਾਵੇਂ ਰੋਜ਼ਾਨਾ ਜ਼ਿੰਦਗੀ ਵਿੱਚੋਂ ਮਿਸਾਲ ਨਹੀਂ ਮਿਲਦੀ, ਪਰ ਪੁੱਠੀ ਪ੍ਰਕਿਰਿਆ, ਜਾਨਿ ਕਿ ਊਰਜਾ ਦਾ ਮਾਦੇ ਵਿੱਚ ਤਬਦੀਲ ਹੋ ਜਾਣਾ, ਵੀ ਸੰਭਵ ਹੈ। ਉਦਾਹਰਣ ਵਜੋਂ, ਜਦੋਂ ਮੈਂ ਯੂਰਪੀਅਨ ਓਰਗੇਨਾਈਜ਼ੈਸ਼ਨ ਫਾਰ ਨਿਊਕਲੀਅਰ ਰੀਸਰਚ, ਸੰਖੇਪ ਵਿੱਚ ਸਰਨ, ਨਾਮ ਦੀ ਪ੍ਰਯੋਗਸ਼ਾਲਾ ਵਿੱਚ ਰੀਸਰਚ ਸਾਇੰਸਦਾਨ ਦੇ ਤੌਰ 'ਤੇ ਕੰਮ ਕਰਦਾ ਸਾਂ, ਤਾਂ ਸੰਗੀ ਸਾਇੰਸਦਾਨਾਂ ਨਾਲ ਰੋਜ਼ ਊਰਜਾ ਤੋਂ ਮਾਦੇ ਦੇ ਕਣ ਬਣਾਉਣ ਦੇ ਤਜਰਬੇ 'ਚੋਂ ਲੰਘਦਾ ਸਾਂ। ਦੁਨੀਆ ਦੀ ਸੱਭ ਤੋਂ ਵੱਡੀ ਇਸ ਫਿਜ਼ਿਕਸ ਪ੍ਰਯੋਗਸ਼ਾਲਾ ਵਿੱਚ ਮੂਲ ਕਣਾਂ ਇਲੇਕਟ੍ਰਾਨ ਤੇ ਪੌਜ਼ੀਟ੍ਰਾਨ ਨੂੰ ਐਕਸੇਲਾਰੇਟਰ ਵਿੱਚ ਕਰੀਬ ਰੌਸ਼ਨੀ ਦੀ ਗਤੀ ਤੱਕ ਵਿਰੋਧੀ ਦਿਸ਼ਾਵਾਂ ਵਿੱਚ ਦੌੜ੍ਹਾ ਕੇ ਇੱਕ ਦੂਜੇ ਨਾਲ ਸਿੱਧੇ ਮੱਥੇ ਭਿੜਾਇਆ ਜਾਂਦਾ ਸੀ; ਉਨ੍ਹਾਂ ਦੀ ਗਤੀ ਦੀ ਊਰਜਾ ਅਜੇਹੇ ਮੂਲ ਕਣ ਪੈਦਾ ਕਰਦੀ ਜੋ ਬ੍ਰਹਿਮੰਡ ਦੇ ਸ਼ੁਰੂ ਵਿੱਚ ਹੀ ਆਜ਼ਾਦ ਹਾਲਤ ਵਿੱਚ ਸਨ, ਜਿਵੇਂ ਕੁਆਰਕ ਤੇ ਜ਼ੀ ਪਾਰਟੀਕਲ। ਫਿਰ, ਅਸੀਂ ਇਨ੍ਹਾਂ ਪੈਦਾ ਹੋਏ ਕਣਾਂ ਦਾ ਅਧਿਅਨ ਕਰਦੇ, ਬ੍ਰਹਿਮੰਡ ਦਾ ਮੁੱਢ ਖੋਜਣ ਲਈ।

ਉਕਤ ਚਰਚਾ ਤੋਂ ਸਪਸ਼ਟ ਹੈ ਕਿ ਮਾਦਾ ਅਤੇ ਊਰਜਾ ਇੱਕ ਦੂਜੇ ਵਿੱਚ ਤਬਦੀਲ ਹੋ ਸਕਦੇ ਨੇ। ਇਹਦਾ ਮਤਲਬ ਹੈ ਕਿ ਉਹ ਸਮਵਸਤ ਹਨ; ਇੱਕ ਹੀ ਚੀਜ਼ ਦੇ ਦੋ ਰੂਪ। ਸੋ, ਅਸੀਂ ਕਹਿ ਸਕਦੇ ਕਿ ਬ੍ਰਹਿਮੰਡ ਸਿਰਫ਼ ਊਰਜਾ ਤੋਂ ਬਣਿਆ ਹੈ; ਮਾਦਾ ਤਾਂ ਊਰਜਾ ਦਾ ਹੀ ਇੱਕ ਰੂਪ ਹੈ। ਜਾਂ ਫਿਰ, ਜਿਵੇਂ ਅਸੀਂ ਇਸ ਅਧਿਆਏ ਵਿੱਚ ਮੰਨਾਂਗੇ, ਇਹ ਵੀ ਕਹਿ ਸਕਦੇ ਹਾਂ ਕਿ ਬ੍ਰਹਿਮੰਡ ਸਿਰਫ਼ ਮਾਦੇ ਤੋਂ ਬਣਿਆ ਹੈ; ਊਰਜਾ ਤਾਂ ਮਾਦੇ ਦਾ ਹੀ ਇੱਕ ਰੂਪ ਹੈ। ਮਾਦਿਕ ਵਸਤਾਂ ਦੇ ਅਣਗਿਣਤ ਰੂਪ ਨੇ: ਵੱਖੋ-ਵੱਖਰੇ ਬੰਦੇ, ਪਸ਼ੂ, ਦਰੱਖਤ, ਅਨਾਜ, ਕੱਪੜੇ, ਆਦਿ। ਕੁਝ ਮਾਦਿਕ ਵਸਤਾਂ ਨੂੰ ਇੱਕ ਰੂਪ ਤੋਂ ਦੂਜੇ ਰੂਪ ਵਿੱਚ

ਬਦਲਿਆ ਜਾ ਸਕਦਾ ਹੈ; ਮਿਸਾਲ ਵਜੋਂ, ਆਟੇ, ਤੇਲ, ਖੰਡ, ਤੇ ਰੰਗ ਨੂੰ ਜਲੇਬੀਆ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਊਰਜਾ ਤਾਂ ਮਾਦੇ ਦਾ ਰੂਪ ਹੈ ਹੀ; ਆਪਣੇ ਆਪ ਵਿੱਚ ਹੀ ਊਰਜਾ ਦੇ ਕੁਝ ਰੂਪਾਂ ਨੂੰ ਦੂਜੇ ਰੂਪਾਂ ਵਿੱਚ ਬਦਲਿਆ ਜਾ ਸਕਦਾ ਹੈ। ਉਦਾਹਰਣ ਵਜੋਂ ਹਾਈਡਰੋਪਾਵਰ ਪਲਾਂਟ ਡਿਗਦੇ ਪਾਣੀ ਦੀ ਗਤੀਆਤਮਿਕ ਊਰਜਾ ਨੂੰ, ਤੇ ਸੋਲਰ ਸੈੱਲ ਧੁੱਪ ਊਰਜਾ ਨੂੰ, ਬਿਜਲਈ ਊਰਜਾ ਵਿੱਚ ਤਬਦੀਲ ਕਰਦੇ ਨੇ; ਬਿਜਲਈ ਚੁੱਲ੍ਹੇ, ਬਿਜਲਈ ਊਰਜਾ ਨੂੰ ਗਰਮੀ ਊਰਜਾ ਵਿੱਚ ਬਦਲਦੇ ਹਨ; ਤੇ ਸਾਡਾ ਸਰੀਰ ਭੋਜਨ ਦੀ ਕੈਮੀਕਲ ਊਰਜਾ ਨੂੰ ਮੈਕੇਨੀਕਲ ਤੇ ਬਿਜਲਈ ਊਰਜਾ ਵਿੱਚ ਪਰਿਵਰਤਤ ਕਰਦਾ ਹੈ ਤਾਂ ਕਿ ਅਸੀਂ ਚੱਲ-ਫਿਰ ਤੇ ਕੰਮ ਕਰ ਸਕੀਏ।

**ਮਾਦੇ ਦੀ ਅਵਿਨਾਸ਼ਤਾ ਦਾ ਸਿਧਾਂਤ**- ਸਦੀਆਂ-ਬੱਧੀ ਸਮੇਂ ਦੌਰਾਨ ਕੀਤੇ, ਕਈ ਵਿਗਿਆਨੀਆਂ ਦੇ ਕੰਮ ਮਿਲਾ ਕੇ, ਵਿਗਿਆਨ ਵਿੱਚ ਇੱਕ ਕੇਂਦਰੀ ਮੂਲ ਸਿਧਾਂਤ ਸਥਾਪਤ ਹੋਇਆ ਜਿਸ ਉੱਪਰ ਹੋਰ ਕਈ ਸਿਧਾਂਤ ਨਿਰਭਰ ਕਰਦੇ ਹਨ; ਇਸ ਲਈ ਮੈਂ ਇਸ ਅਧਿਆਏ ਵਿੱਚ ਇਸ ਸਿਧਾਂਤ ਨੂੰ ਵਿਗਿਆਨ ਦਾ ਮੂਲ ਮੰਤਰ ਕਿਹਾ ਹੈ। ਊਰਜਾ ਨੂੰ ਮਾਦੇ ਹੀ ਇਕ ਰੂਪ ਸਮਝਦੇ ਹੋਏ, ਵਿਗਿਆਨ ਦਾ ਇਹ ਮੂਲ ਸਿਧਾਂਤ ਇੰਝ ਬਿਆਨ ਸਕਦੇ ਹਾਂ :

"ਬ੍ਰਹਿਮੰਡ ਸਿਰਫ਼ ਮਾਦੇ ਤੋਂ ਬਣਿਆ ਹੋਇਆ ਹੈ। ਮਾਦਾ ਨਾ ਪੈਦਾ ਤੇ ਨਾ ਹੀ ਨਸ਼ਟ ਕੀਤਾ ਜਾ ਸਕਦਾ ਹੈ; ਇਹ ਸਿਰਫ਼ ਰੂਪ ਬਦਲ ਸਕਦਾ ਹੈ। ਮਾਦੇ ਦੀ ਕੁੱਲ ਮਾਤਰਾ ਹਮੇਸ਼ਾ ਹੀ ਸਥਿਰ ਤੇ ਨਿਰੰਤਰ ਰਹਿੰਦੀ ਹੈ; ਵੱਧਦੀ ਘੱਟਦੀ ਨਹੀਂ।"

**ਸਾਰਣੀ 4.1: ਗੁਰਬਾਣੀ ਦੇ ਮੂਲਮੰਤਰ ਵਿੱਚਲੇ ਅਕਾਲ-ਪੁਰਖ ਅਤੇ ਮਾਦੇ ਦੀ ਅਵਿਨਾਸ਼ਤਾ ਦੇ ਸਿਧਾਂਤ ਵਿੱਚਲੇ ਮਾਦੇ ਦੇ ਆਹਮੋ-ਸਾਹਮਣੇ।**

| ਗੁਰਬਾਣੀ ਦੇ ਮੂਲ ਮੰਤਰ ਵਿੱਚਲਾ ਅਕਾਲ-ਪੁਰਖ | ਮਾਦੇ ਦੀ ਅਵਿਨਾਸ਼ਤਾ ਦੇ ਸਿਧਾਂਤ ਵਿੱਚਲਾ ਮਾਦਾ |
|---|---|
| ੧ੴ | ਮਾਦਾ ਇਕ ਹੈ; ਉਹ ਮੂਲ ਹੈ, ਸਾਰਾ ਕੁਝ ਉਸ ਤੋਂ ਹੀ ਬਣਿਆਂ ਹੈ, ਤੇ ਹਰ ਥਾਂ ਨਿਰੰਤਰ ਮੌਜੂਦ ਹੈ, ਅਨੇਕ ਰੂਪਾਂ ਵਿੱਚ : ਸਰਬ ਵਿਆਪਕ। |
| ਸਤਿਨਾਮੁ | ਮਾਦਾ ਪ੍ਰਮਾਣਿਤ, ਯਾਨਿ ਕਿ ਸਚੇ, ਗੁਣਾਂ ਦੀ ਹੋਂਦ ਵਾਲਾ ਹੈ। |
| ਕਰਤਾ ਪੁਰਖੁ | ਬ੍ਰਹਿਮੰਡ ਸਿਰਫ਼ ਮਾਦੇ ਤੋਂ ਬਣਿਆ ਹੋਇਆਂ ਹੈ ਤੇ ਮਾਦੇ ਨਿਯਮਾਂ ਮੁਤਾਬਕ ਚੱਲਦਾ ਹੈ; ਮਾਦਾ ਨਸ਼ਟ ਨਹੀਂ ਕੀਤਾ ਜਾ ਸਕਦਾ। |
| ਨਿਰਭਉ ਨਿਰਵੈਰ | ਮਾਦੇ ਨੂੰ ਕਿਸੇ ਦਾ ਡਰ ਨਹੀਂ ਤੇ ਨਾ ਕਿਸੇ ਨਾਲ ਵੈਰ ਹੀ। ਇਹ ਆਪਣੇ ਨਿਯਮਾਂ ਮੁਤਾਬਕ ਚੱਲਦਾ ਹੈ |
| ਅਕਾਲ ਮੂਰਤਿ | ਮਾਦਾ ਨਸ਼ਟ ਨਹੀਂ ਜਾ ਸਕਦਾ। ਉਹਦਾ ਆਪਣਾ ਕੋਈ ਖ਼ਾਸ ਰੂਪ ਨਹੀਂ, ਪਰ ਫਿਰ ਵੀ ਉਹ ਵੱਖ ਵੱਖ ਰੂਪਾਂ ਵਿੱਚ ਪ੍ਰਗਟ (ਮੂਰਤਿ) ਰਹਿੰਦਾ ਹੈ (ਬ੍ਰਹਿਮੰਡ ਦੀਆਂ ਅਣਗਿਣਤ ਦੇ ਚੀਜ਼ਾਂ ਦੇ ਰੂਪ ਵਿੱਚ)। |
| ਅਜੂਨੀ ਸੈਭੰ | ਮਾਦਾ ਪੈਦਾ ਜਾ ਨਸ਼ਟ ਨਹੀਂ ਕੀਤਾ ਜਾ ਸਕਦਾ; ਇਸ ਲਈ, ਉਹ ਆਪਣਾ ਮੂਲ ਆਪ ਹੀ ਹੈ। |
| ਗੁਰ ਪ੍ਰਸਾਦਿ | ਮਾਦੇ ਤੇ ਇਹਦੇ ਸਿਧਾਂਤਾਂ ਨੂੰ ਗੁਰੂ, ਯਾਨਿ ਅਧਿਆਪਕ ਦੀ ਮੱਦਦ ਨਾਲ ਸਮਝਿਆ ਜਾ ਸਕਦਾ ਹੈ। |

ਇਸ ਨਿਯਮ ਨੂੰ, ਪੰਜਾਬੀ ਵਿੱਚ, 'ਮਾਦੇ ਦੀ ਅਵਿਨਾਸ਼ਤਾ' ਦਾ ਸਿਧਾਂਤ ਕਹਿ ਸਕਦੇ ਹਾਂ।

ਉੱਪਰ ਮੂਲਮੰਤਰ ਵਾਲੇ ਸੈਕਸ਼ਨ ਵਿੱਚ, ਮੂਲਮੰਤਰ ਅਨੁਸਾਰ, ਅਸੀਂ ਉਸ 'ਚੀਜ਼' ਦੇ ਲੱਛਣਾਂ ਦਾ ਜ਼ਿਕਰ ਕੀਤਾ ਜਿਸ ਤੋਂ ਬ੍ਰਹਿਮੰਡ ਬਣਿਆ ਤੇ ਜੋ ਇਸ ਨੂੰ ਚਲਾਉਂਦੀ ਵੀ ਹੈ; ਬਾਕੀ ਬਾਣੀ ਦੇ ਸੰਦਰਭ ਵਿੱਚ ਤੇ ਅਧਿਆਤਮਵਾਦ ਦੇ ਘੇਰੇ ਵਿੱਚ, ਚਲੋ ਉਸ 'ਚੀਜ਼' ਨੂੰ ਅਕਾਲ-ਪੁਰਖ ਕਹਿ ਲੈਂਦੇ ਹੈ। ਇਸ ਸੈਕਸ਼ਨ ਵਿੱਚ, ਅਸੀਂ 'ਮਾਦੇ ਦੀ ਅਵਿਨਾਸ਼ਤਾ' ਦੇ ਸਿਧਾਂਤ ਨੂੰ ਬਿਆਨਿਆ ਹੈ, ਜਿਹਦੇ ਅਨੁਸਾਰ, ਜਿਸ ਤੋਂ ਬ੍ਰਹਿਮੰਡ ਬਣਿਆ ਤੇ ਜਿਹਦੇ ਨਿਯਮ ਬ੍ਰਹਿਮੰਡ ਨੂੰ ਚਲਾਉਂਦੇ ਹਨ, ਉਸ 'ਚੀਜ਼' ਦਾ ਨਾਂ 'ਮਾਦਾ' ਹੈ।

ਇਸ ਸੈਕਸ਼ਨ ਵਿੱਚ, ਅਸੀਂ ਸਾਰਣੀ 4.1 ਪੇਸ਼ ਕਰਦੇ ਹਾਂ, ਜਿਸ ਵਿੱਚ ਗੁਰਬਾਣੀ ਦੇ ਮੂਲਮੰਤਰ ਵਿਚਲੇ ਅਕਾਲ-ਪੁਰਖ ਅਤੇ ਮਾਦੇ ਦੀ ਅਵਿਨਾਸ਼ਤਾ ਦੇ ਸਿਧਾਂਤ ਵਿਚਲੇ ਮਾਦੇ ਦੇ ਲੱਛਣਾਂ ਦੀ ਤੁਲਨਾ ਕੀਤੀ ਗਈ ਹੈ: ਆਹਮੋ-ਸਾਹਮਣੇ। ਇਸ ਸਾਰਣੀ ਦੀ ਦੂਜੀ ਪੱਟੀ, ਜਾਨਿ ਕਾਲਮ, ਵਿੱਚ 'ਮਾਦੇ ਦੀ ਅਵਿਨਾਸ਼ਤਾ ਦੇ ਸਿਧਾਂਤ ਵਿੱਚਲਾ ਮਾਦਾ' ਸਿਰਲੇਖ ਹੇਠਾਂ ਮਾਦੇ ਦੇ ਲੱਛਣ ਦਰਜ਼ ਕੀਤੇ ਗਏ ਹਨ। ਇਹ ਲੱਛਣ ਮਾਦੇ ਦੀ ਅਵਿਨਾਸ਼ਤਾ ਦੇ ਸਿਧਾਂਤ ਅਤੇ 'ਮਾਦਾ ਜਾਂ ਊਰਜਾ' ਦੇ ਸੈਕਸ਼ਨ 'ਚੇ ਵਿਚਾਰੇ ਮਾਦੇ ਤੇ ਊਰਜਾ ਦੇ ਗੁਣਾਂ ਉੱਪਰ ਆਧਾਰਿਤ ਹਨ। ਸਾਰਣੀ 4.1 ਦੀ ਪਹਿਲੀ ਪੱਟੀ ਵਿੱਚ 'ਗੁਰਬਾਣੀ ਦੇ ਮੂਲਮੰਤਰ ਵਿੱਚਲਾ ਅਕਾਲ-ਪੁਰਖ' ਸਿਰਲੇਖ ਹੇਠਾਂ ਮੂਲਮੰਤਰ ਵਿੱਚ ਅਕਾਲ-ਪੁਰਖ ਦੇ ਦਰਸਾਏ ਲੱਛਣ ਦਰਜ਼ ਕੀਤੇ ਗਏ ਹਨ। ਅਕਾਲ-ਪੁਰਖ ਦੇ ਇਨ੍ਹਾਂ ਲੱਛਣਾਂ ਵਿੱਚੋਂ ਕਿਸੇ ਵੀ ਲੱਛਣਾਂ ਦੀ ਵਿਆਖਿਆ, ਜੇ 'ਗੁਰਬਾਣੀ ਦਾ ਮੂਲ ਮੰਤਰ' ਵਾਲੇ ਸੈਕਸ਼ਨ ਵਿੱਚ ਵੇਖੀਏ, ਤਾਂ ਉਹ ਸਾਰਣੀ 4.1 ਦੀ ਦੂਜੀ ਪੱਟੀ ਵਿੱਚ ਦਰਜ਼ ਮਾਦੇ ਦੇ ਲੱਛਣਾਂ ਨਾਲ ਬਿਲਕੁਲ ਮਿਲਦੀ ਹੋਏਗੀ। ਉਦਾਹਰਣ ਵਜੋਂ, ਸਾਰਣੀ 4.1 ਵਿੱਚ ਦਰਜ਼ ਅਕਾਲ-ਪੁਰਖ ਦੇ ਲੱਛਣ '੧ੴ' ਦੀ ਵਿਆਖਿਆ 'ਗੁਰਬਾਣੀ ਦਾ ਮੂਲ ਮੰਤਰ' ਵਾਲੇ ਸੈਕਸ਼ਨ ਵਿੱਚ ਇੰਝ ਹੈ: "ਉਹ ਇਕ ਹੀ; ਉਹ ਮੂਲ ਹੈ, ਸਾਰਾ ਕੁਝ ਉਸ ਤੋਂ ਹੀ ਬਣਿਆ ਹੈ, ਤੇ ਉਹ ਹਰ ਥਾਂ ਨਿਰੰਤਰ ਮੌਜ਼ੂਦ ਹੈ, ਅਨੇਕ ਰੂਪਾਂ ਵਿੱਚ: ਸਰਬ ਵਿਆਪਕ।" ਇਹ ਵਿਆਖਿਆ ਸਾਰਣੀ 4.1 ਵਿੱਚ ਦਰਜ ਮਾਦੇ ਦੇ ਲੱਛਣਾਂ ਦੀ ਪਹਿਲੀ ਪੰਕਤੀ ਨਾਲ ਬਿਲਕੁਲ ਮਿਲਦੀ ਹੈ, ਜੋ ਮਾਦੇ ਦੀ ਅਵਿਨਾਸ਼ਤਾ ਦੇ ਸਿਧਾਂਤ ਅਤੇ 'ਮਾਦਾ ਜਾਂ ਊਰਜਾ' ਦੇ ਸੈਕਸ਼ਨ 'ਚੇ ਵਿਚਾਰੇ ਮਾਦੇ ਤੇ ਊਰਜਾ ਦੇ ਗੁਣਾਂ ਉੱਪਰ ਆਧਾਰਿਤ ਹੈ।

ਉੱਪਰ ਮੈਂ ਦਿਖਾਇਆ ਹੈ ਕਿੰਝ ਗੁਰਬਾਣੀ ਦਾ 'ਮੂਲ ਮੰਤਰ' ਤੇ 'ਮਾਦੇ ਦੇ ਸੰਕਲਪ ਸਮੇਤ ਮਾਦੇ ਦੀ ਅਵਿਨਾਸ਼ਤਾ ਦਾ ਸਿਧਾਂਤ' ਮੂਲ ਅਰਥਾਂ ਤੋਂ ਇੱਕ ਦੂਜੇ ਦੇ ਐਨ ਫਿੱਟ ਬਹਿੰਦੇ ਨੇ; ਨਾ ਕੋਈ ਘੱਟ ਤੇ ਨਾ ਕੋਈ ਵੱਧ। ਮੂਲ ਮੰਤਰ ਵਿੱਚ ਉੱਚਰੇ ਇਲਾਹੀ ਸ਼ਕਤੀ ਦੇ ਬਾਹਲੇ ਗੁਣਾਂ ਦਾ ਜ਼ਿਕਰ ਹੋਰਨਾਂ ਕਈ ਧਾਰਮਿਕ ਫ਼ਲਸਫ਼ਿਆਂ ਵਿੱਚ ਵੀ ਮਿਲ ਜਾਂਦਾ ਹੈ, ਪਰ ਅਕਸਰ ਖਿੱਲਰੇ ਰੂਪ ਵਿੱਚ। ਇਹ ਗ਼ਜ਼ਬ ਦੀ ਗੱਲ ਕਿ ਅਧਿਆਤਮਵਾਦੀ ਫ਼ਲਸਫ਼ੇ ਦੀ ਕਿਸੇ ਕਿਤਾਬ 'ਚੋਂ ਇਬਾਰਤ ਦਾ ਕੋਈ ਸਾਬਤਾ ਟੋਟਾ ਵਿਗਿਆਨ ਦੇ ਇੰਨੇ ਮੂਲ

ਸੰਕਲਪ ਤੇ ਸਿਧਾਂਤ ਦੇ ਐਨ ਸੂਤ ਬਹਿੰਦਾ ਹੋਵੇ, ਮੂਲ ਸ਼ਬਦੀ ਅਰਥਾਂ ਵਿੱਚ।

ਇੰਨਾਂ ਕੁਛ ਕਹਿਣ ਤੋਂ ਬਾਅਦ, ਇੱਥੇ ਮੈਂ ਸਪਸ਼ਟ ਕਰ ਦਿਆਂ ਕਿ ਉੱਪਰ ਮੈਂ ਨਾ ਤਾਂ ਇਹ ਕਿਹਾ ਹੈ ਕਿ ਗੁਰੂ ਨਾਨਕ ਨੇ ਮੂਲਮੰਤਰ ਵਿਚਲੇ ਸਾਰੇ ਵਿਸ਼ੇਸ਼ਣ (ਲੱਛਣ) ਮਾਦੇ ਲਈ ਵਰਤੇ ਹਨ, ਅਤੇ ਨਾ ਹੀ ਮੈਂ ਇਹ ਦਾਅਵਾ ਕੀਤਾ ਹੈ ਕਿ ਅਕਾਲ-ਪੁਰਖ ਤੇ ਮਾਦਾ/ ਊਰਜਾ ਇੱਕ ਹੀ ਚੀਜ਼ ਨੇ; ਇੰਝ ਕਰਨਾਂ ਗੁਰੂ ਨਾਨਕ ਤੇ ਵਿਗਿਆਨ ਦੋਹਾਂ ਨਾਲ ਹੀ ਧੱਕਾ ਹੋਵੇਗਾ। ਮੈਂ ਤਾਂ ਸਿਰਫ਼ ਇਹ ਦਿਖਾਇਆ ਹੈ ਕਿ ਗੁਰਬਾਣੀ ਦੇ ਮੂਲਮੰਤਰ ਵਿੱਚ ਬਿਆਨੇ ਅਕਾਲ-ਪੁਰਖ ਦੇ ਲੱਛਣਾਂ ਤੇ ਵਿਗਿਆਨ ਵਿੱਚ ਮਾਦੇ ਦੀ ਅਵਿਨਾਸ਼ਤਾ ਦੇ ਸਿਧਾਂਤ ਵਿੱਚਲੇ ਮਾਦੇ ਦੇ ਲੱਛਣਾਂ ਦੇ ਮੂਲ ਅਰਥ ਬਿਲਕੁਲ ਇੱਕੋ ਜਿਹੇ ਨੇ। ਪਰ, ਇਨ੍ਹਾਂ ਲੱਛਣਾਂ ਦੇ ਦਾਅਵੇ ਤਾਂ ਸਿਰਫ਼ ਬਿਆਨ ਹਨ, ਕਿਵੇਂ ਕਹਿ ਸਕਦੇ ਹਾਂ ਕਿ ਉਹ ਸੱਚੇ ਹਨ? ਫ਼ਰਕ ਇੱਥੋਂ ਸ਼ੁਰੂ ਹੁੰਦਾ ਹੈ, ਕਿਉਂਕਿ ਇਸ ਸੁਆਲ ਦਾ ਜੁਆਬ ਦੇਣ ਜਾਂ ਲੱਭਣ ਲਈ ਅਧਿਆਤਮਵਾਦ ਅਤੇ ਵਿਗਿਆਨ ਦੀਆਂ ਵਿਧੀਆਂ ਅਲੱਗ ਨੇ। ਕਿਉਂਕਿ ਮੂਲਮੰਤਰ ਅਧਿਆਤਮਵਾਦੀ ਫ਼ਲਸਫ਼ੇ ਦੇ ਘੇਰੇ ਵਿੱਚ ਆਂਉਦਾ ਹੈ, ਅਧਿਆਤਮਵਾਦੀ ਵਿਧੀ ਅਨੁਸਾਰ ਅਕਾਲ-ਪੁਰਖ ਚੇਤਨ ਹੈ, ਤੇ ਸੱਚ ਉਹਦੀ ਚੇਤਨਾ ਤੇ ਮਰਜ਼ੀ ਵਿੱਚ ਹੈ। ਇਸ ਲਈ, ਗੁਰਬਾਣੀ ਦੇ ਮੂਲ ਮੰਤਰ ਵਿੱਚਲੇ ਇਲਾਹੀ ਸੱਚ ਨੂੰ ਮੰਨਣ ਲਈ ਕੇਵਲ ਵਿਸ਼ਵਾਸ ਦੀ ਲੋੜ ਹੈ। ਵਿਗਿਆਨ ਕਿਸੇ ਵੀ ਖ਼ਿਆਲ ਜਾਂ ਬਿਆਨ ਦੇ ਸੱਚ/ਝੂਠ ਦਾ ਨਿਤਾਰਾ ਭੌਤਿਕ ਪ੍ਰਮਾਣ 'ਤੇ ਆਧਾਰਿਤ ਵਿਧੀ ਨਾਲ ਕਰਦਾ ਹੈ, ਜਿਸਨੂੰ ਵਿਗਿਆਨਕ ਵਿਧੀ ਕਿਹਾ ਜਾਂਦਾ ਹੈ। ਮਾਦੇ ਦਾ ਸੰਕਲਪ ਤੇ ਮਾਦੇ ਦੀ ਅਵਿਨਾਸ਼ਤਾ ਦਾ ਸਿਧਾਂਤ ਅਜੇਹੇ ਭੌਤਿਕ ਸੱਚ ਨੇ ਜੋ ਸਦੀਆਂ-ਬੱਧੀ ਵਿਗਿਆਨਕ ਵਿਧੀ ਦੇ ਛਾਨਣੇ ਵਿੱਚ ਮੁੜ ਮੁੜ ਛਣ ਚੁੱਕੇ ਹਨ। ਵਿਗਿਆਨ ਦੇ ਖ਼ੇਤਰ ਵਿੱਚ ਕੋਈ ਵੀ ਬਿਆਨ ਗਿਆਨ ਪ੍ਰਾਪਤੀ ਦੀ ਵਿਧੀ ਦੇ ਕਈ ਕਦਮਾਂ 'ਚੋਂ ਸਿਰਫ਼ ਇੱਕ ਕਦਮ ਹੈ, ਆਖ਼ਰੀ ਸੱਚ ਨਹੀਂ ਹੁੰਦਾ।

**ਵਿਗਿਆਨਕ ਵਿਧੀ ਤੇ ਵਿਗਿਆਨਕ ਪਹੁੰਚ** : ਪਹੁੰਚ ਤੇ ਵਿਗਿਆਨਕ ਵਿਧੀ ਅਜੇਹਾ ਤਰੀਕਾ ਹੈ ਜਿਹਦੇ ਤਹਿਤ ਭੌਤਿਕ ਪ੍ਰਮਾਣ ਦੇ ਆਧਾਰ ਉੱਪਰ ਯੋਜਨਾਬੱਧ ਢੰਗ ਨਾਲ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਇਸ ਵਿਧੀ ਅਧੀਨ ਕਿਸੇ ਵਿਚਾਰ-ਗੋਚਰੇ ਚੀਜ਼, ਵਰਤਾਰੇ, ਜਾਂ ਸਮੱਸਿਆ ਦੀ ਨਜ਼ਰਸਾਨੀ ਜਾਂ ਨਿਰੀਖ਼ਣ ਦੌਰਾਨ ਇਕੱਤਰ ਕੀਤੇ ਤੱਥਾਂ ਤੇ ਗਿਣਤੀਆਂ-ਮਿਣਤੀਆਂ ਨੂੰ ਅੰਕੜੇ ਕਿਹਾ ਜਾਂਦਾ ਹੈ। ਇਨ੍ਹਾਂ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਤਰਕਸ਼ੀਲ ਢੰਗਾਂ ਨਾਲ ਨਤੀਜਿਆਂ 'ਤੇ ਪਹੁੰਚਿਆ ਜਾਂਦਾ ਹੈ; ਅਤੇ ਇਨ੍ਹਾਂ ਨਤੀਜਿਆਂ ਦੇ ਅਧਾਰ 'ਤੇ ਸਚਾਈ ਦਾ ਅੰਦਾਜ਼ਾ ਲਗਾਇਆਂ ਜਾਂਦਾ, ਬਿਆਨ ਜਾਂ ਬਿਆਨਾਂ ਦੇ ਰੂਪ ਵਿੱਚ, ਜਿਹਨੂੰ ਪਰੀਸਿਧਾਂਤ, ਯਾਨੀ ਕਿ ਹਾਈਪੋਥੇਸਿਜ਼ (Hypothesis) ਕਿਹਾ ਜਾਂਦਾ ਹੈ। ਹਰ ਪਰੀਸਿਧਾਂਤ ਦਾ ਇੱਕ ਲਾਜ਼ਮੀ ਲੱਛਣ ਹੈ ਕਿ ਉਹ ਚੀਜ਼ਾਂ ਤੇ ਵਰਤਾਰਿਆਂ ਬਾਰੇ ਭਵਿਖ਼ਬਾਣੀਆਂ ਕਰੇ। ਫਿਰ ਇਨ੍ਹਾਂ ਭਵਿਖ਼ਬਾਣੀਆਂ ਨੂੰ ਪ੍ਰਯੋਗ ਜਾਂ ਸਬੂਤ ਦੀ ਕਸੌਟੀ ਚਾੜ੍ਹਿਆ ਜਾਂਦਾ ਹੈ। ਜੇ ਇਨ੍ਹਾਂ ਭਵਿਖ਼ਬਾਣੀਆਂ ਵਿੱਚੋਂ ਇੱਕ ਵੀ ਪ੍ਰਯੋਗ ਦੀ ਕਸੌਟੀ ਪੂਰੀ ਨਾ ਉੱਤਰੇ ਤਾਂ ਇਹ ਭਵਿਖ਼ਬਾਣੀ ਕਰਨ ਵਾਲੇ

ਪਰੀਸਿਧਾਂਤ ਨੂੰ ਜਾਂ ਤਾਂ ਸ਼ੱਕ ਦੀ ਨਜ਼ਰੇ ਵੇਖਿਆ ਜਾਂਦਾ ਹੈ, ਸੋਧ ਕੇ ਫਿਰ ਪਰਖਿਆ ਜਾਂਦਾ ਹੈ, ਤੇ ਜਾਂ ਉਹਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਜਾਂਦਾ ਹੈ, ਅਤੇ ਪ੍ਰਾਪਤ ਅੰਕੜਿਆਂ ਤੇ ਪ੍ਰਯੋਗਾਂ-ਨਤੀਜਿਆਂ 'ਤੇ ਅਧਾਰਿਤ ਨਵਾਂ ਪਰੀਸਿਧਾਂਤ ਬਣਾਇਆ ਅਤੇ ਪ੍ਰਯੋਗ ਜਾਂ ਸਬੂਤ ਦੀ ਕਸੌਟੀ ਚਾੜ੍ਹਿਆ ਜਾਂਦਾ ਹੈ; ਇਹ ਚੱਕਰ ਚੱਲਦਾ ਰਹਿੰਦਾ ਹੈ। ਜਿਸ ਪਰੀਸਿਧਾਂਤ ਦੀਆਂ ਭਵਿਖ਼ਬਾਣੀਆਂ ਵਾਰ ਵਾਰ ਵਰ੍ਹਿਆਂ-ਬੱਧੀ ਵੱਖ ਵੱਖ ਹਾਲਾਤਾਂ ਅਧੀਨ ਪ੍ਰਯੋਗ ਦੀ ਕਸੌਟੀ ਉੱਪਰ ਪੂਰੀਆਂ ਉੱਤਰਦੀਆਂ ਚਲੀਆਂ ਜਾਣ ਤਾਂ ਉਹ ਪਰੀਸਿਧਾਂਤ ਫਿਰ ਸਿਧਾਂਤ ਬਣ ਜਾਂਦਾ ਹੈ। ਇਸ ਵਿਗਿਆਨਕ ਵਿਧੀ ਜਾਂ ਪਹੁੰਚ ਦੇ ਨਜ਼ਰੀਏ ਤੋਂ ਚੀਜ਼ਾਂ, ਚੀਜ਼ਾਂ ਦੇ ਆਪਸੀ ਸਬੰਧਾਂ, ਵਰਤਾਰਿਆਂ, ਤੇ ਸਮੱਸਿਆਵਾਂ ਬਾਰੇ ਸੋਚਣ ਢੰਗ ਨੂੰ ਹੀ ਵਿਗਿਆਨਕ ਸੋਚਣੀ ਕਿਹਾ ਜਾਂਦਾ ਹੈ। ਚੀਜ਼ਾਂ, ਵਰਤਾਰਿਆਂ, ਸਮੱਸਿਆਵਾਂ, ਤੇ ਸਮੱਸਿਆਵਾਂ ਦੇ ਹੱਲ ਲੱਭਣ ਪ੍ਰਤੀ ਵਿਗਿਆਨਕ ਸੋਚ 'ਤੇ ਆਧਾਰਿਤ ਪਹੁੰਚ ਨੂੰ ਵਿਗਿਆਨਕ ਪਹੁੰਚ ਕਿਹਾ ਜਾਂਦਾ ਹੈ।

ਇਸ ਤਰ੍ਹਾਂ, ਵਿਗਿਆਨਕ ਖ਼ੋਜ ਦੇ ਖ਼ੇਤਰ ਵਿੱਚ ਬਿਆਨਾਂ ਜਾਂ ਫ਼ੁਰਮਾਨਾਂ ਨੂੰ ਸਿਧਾਂਤ ਬਣਦੇ ਬਣਦੇ ਲੰਬਾ ਅਰਸਾ ਲੱਗ ਜਾਂਦਾ ਹੈ, ਤੇ ਇਸ ਪ੍ਰਕਿਰਿਆ ਦੌਰਾਨ ਨਾ ਜਾਣੇ ਕਿਤਨੇ ਬਿਆਨਾਂ/ਫ਼ੁਰਮਾਨਾਂ ਜਾਂ ਪਰੀਸਿਧਾਂਤਾਂ ਨੂੰ ਰੱਦੀ ਦੀ ਟੋਕਰੀ ਨਸੀਬ ਹੁੰਦੀ ਹੈ। ਪਰ, 'ਸਹਿਜ ਪੱਕੇ ਸੋ ਮੀਠਾ ਹੋ' ਦੇ ਅਖਾਣ ਮੂਜਬ, ਸਹਿਜੇ ਸਹਿਜੇ ਪਕਾਏ ਇਨ੍ਹਾਂ ਸਿਧਾਂਤਾਂ ਵਿੱਚ ਮਨੁੱਖੀ ਸਮਾਜਾਂ ਉੱਪਰ ਜਬਰਦਸਤ ਪ੍ਰਭਾਵ ਪਾਓਣ ਤੇ ਯੁੱਗ ਪ੍ਰੀਵਰਤਨ ਲਿਆਓਣ ਦੀ ਸ਼ਕਤੀ ਹੁੰਦੀ ਹੈ। ਉਦਾਹਰਣ ਵਜੋਂ, ਚੌਦਵੀਂ ਸਦੀ ਤੋਂ ਸਤਾਰ੍ਹਵੀਂ ਸਦੀ ਤੱਕ ਯੂਰਪ ਵਿੱਚ ਚੱਲੀ ਜਾਗਰਿਤੀ ਲਹਿਰ, ਜਾਣਿ ਰੇਨਾਸਾਂਸ, ਪੈਦਾ ਤੇ ਵਿਕਸਿਤ ਹੋਣ ਵਿੱਚ ਵਿਗਿਆਨ ਨੇ ਸਿੱਧੇ ਤੇ ਅਸਿੱਧੇ ਤੌਰ 'ਤੇ ਮਹੱਤਵ ਪੂਰਨ ਭੂਮਿਕਾ ਨਿਵਾਈ। ਵਿਗਿਆਨ ਦੇ ਖ਼ੋਜੇ ਹੋਏ ਸਿਧਾਂਤਾਂ ਦੇ ਸਹਾਰੇ ਰੇਨਾਸਾਂਸ ਲਹਿਰ ਨੇ ਮਨੁੱਖੀ ਜ਼ਿੰਦਗੀ ਦੇ ਹਰ ਖ਼ੇਤਰ ਨੂੰ ਪ੍ਰਭਾਵਿਤ ਕਰਦੇ ਹੋਏ ਹੌਲੀ ਹੌਲੀ ਯੂਰਪ ਨੂੰ ਮੱਧਕਾਲੀਨ ਯੁੱਗ ਵਿੱਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਵਿਗਿਆਨ ਦੇ ਖ਼ੋਜੇ 'ਮਾਦੇ ਦੀ ਅਵਿਨਾਸ਼ਤਾ' ਤੇ ਹੋਰ ਸਿਧਾਂਤਾਂ ਦੇ ਉੱਪਰ ਹੀ ਟਿਕੀਆਂ ਹੋਈਆਂ ਨੇ ਆਧੁਨਿਕ ਯੁੱਗ ਦੀਆਂ ਅਣਗਿਣਤ ਤੇ ਕਰੀਬਣ ਸਾਰੀਆਂ ਲੋੜਾਂ ਤੇ ਸਹੂਲਤਾਂ: ਇੰਜਨ ਤੋਂ ਟਿਊਬਵੈੱਲ, ਟਰੱਕ/ਕਾਰਾਂ, ਤੇ ਹਵਾਈ ਜਹਾਜ਼ਾਂ ਤੱਕ; ਬਿਜਲਈ ਚੁੱਲ੍ਹਿਆਂ, ਫਰਿੱਜਾਂ, ਤੇ ਏਅਰਕੰਡੀਸ਼ਨਰਾਂ ਤੋਂ ਘਰਾਂ, ਸੜਕਾਂ, ਤੇ ਸ਼ਹਿਰਾਂ ਨੂੰ ਜਗਮਗਾਉਂਦੀ ਰੰਗ-ਬਰੰਗੀ ਰੌਸ਼ਨੀ ਤੱਕ; ਰੇਡੀਓ, ਟੀ.ਵੀ., ਤੇ ਕੰਪਿਊਟਰਾਂ ਤੋਂ ਇੰਟਰਨੈੱਟ, ਸ਼ੋਸ਼ਲ ਮੀਡੀਆ, ਤੇ ਸਮਾਰਟ ਫ਼ੋਨਾਂ ਤੱਕ; ਅਤੇ ਵੈਕਸੀਨਾਂ ਤੋਂ ਭਿੰਨ ਭਿੰਨ ਬਿਮਾਰੀਆਂ ਦੇ ਇਲਾਜਾਂ ਤੱਕ।


**ਸਿੱਟੇ** : ਮੁੱਕਦੀ ਗੱਲ, ਇਸ ਅਧਿਆਏ ਦੇ ਸਿੱਟੇ ਵਿੱਚ ਨਿੱਕਲਿਆ ਪਹਿਲਾ ਤੱਥ ਹੈ ਕਿ ਸਦੀਆਂ-ਬੱਧੀ ਸਮੇਂ ਦੌਰਾਨ ਵਿਗਿਆਨਕ ਕੋਸ਼ਿਸ਼ਾਂ ਨਾਲ ਸਥਾਪਤ ਹੋਏ ਯੁੱਗ ਪ੍ਰੀਵਰਤਕ ਵਿਗਿਆਨਕ ਸਿਧਾਂਤਾਂ ਵਿੱਚੋਂ ਇੱਕ ਬਹੁਤ ਹੀ ਮੂਲ ਸਿਧਾਂਤ ਨਾਲ ਗੁਰਬਾਣੀ ਦੇ ਮੂਲ ਮੰਤਰ ਦਾ ਮੂਲ ਅਰਥਾਂ ਵਜੋਂ ਐਨ ਮਿਲਦਾ ਹੈ। ਦੂਸਰਾ ਤੱਥ ਹੈ ਕਿ ਭਾਵੇਂ ਮਾਦਾ ਦੀ ਅਵਿਨਾਸ਼ਤਾ ਦਾ ਖ਼ਿਆਲ ਗਰੀਕ ਫ਼ਿਲਾਸਫ਼ਰ ਥੇਲਜ਼ (624 ਤੋਂ 546 ਈਸਾ ਪੂਰਵ)

ਤੱਕ ਜਾਂਦਾ ਹੈ, ਪਰ ਇਸ ਸਿਧਾਂਤ ਦੇ ਮੁਕੰਮਲ ਰੂਪ ਦਾ ਅਹਿਸਾਸ 20ਵੀਂ ਸਦੀ ਵਿੱਚ ਉਦੋਂ ਹੋਇਆ ਜਦ ਆਈਨਸਟਾਈਨ ਨੇ ਖ਼ੋਜਿਆ ਕਿ ਮਾਦਾ ਅਤੇ ਊਰਜਾ ਸਮਵਸਤ ਹਨ, ਭਾਵ ਉਹ ਇੱਕ ਦੂਜੇ ਵਿੱਚ ਤਬਦੀਲ ਹੋ ਸਕਦੇ ਨੇ; ਜਦ ਕਿ ਮੂਲ ਮੰਤਰ ਇਸ ਤੋਂ ਕਰੀਬ ਚਾਰ ਸਦੀਆਂ ਪਹਿਲਾਂ ਲਿਖਿਆ ਗਿਆ ਸੀ। ਇਹ ਦੋ ਤੱਥ ਮਿਲ ਕੇ ਬੜਾ ਕੁਝ ਦੱਸਦੇ ਨੇ। ਮੇਰੀ ਜਾਚੇ ਸੱਭ ਤੋਂ ਮਹੱਤਵਪੂਰਣ ਗੱਲ ਉਹ ਇਹ ਦੱਸਦੇ ਨੇ ਕਿ ਅਧਿਆਤਮਵਾਦੀ ਫ਼ਲਸਫ਼ੇ ਦੇ ਚੌਖਟੇ ਵਿੱਚ ਵੀ ਗੁਰੂ ਨਾਨਕ ਦੇਵ ਜੀ ਦੀ ਸੋਚ ਸਹਿਜ ਹੀ ਵਿਗਿਆਨਕ ਸੁਭਾਅ ਵਾਲੀ ਤੇ ਪਹੁੰਚ ਭੂਤਮੁਖੀ ਨਾ ਹੋ ਕੇ ਭਵਿੱਖਮੁਖੀ ਸੀ। ਉਨ੍ਹਾਂ ਦੀ ਬਾਣੀ ਵਿੱਚ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜ਼ਾ, ਜ਼ੁਲਮ ਦਾ ਵਿਰੋਧ, ਕਿਰਤ ਤੇ ਹੱਕ ਸੱਚ ਦਾ ਸਾਥ, ਤੇ ਹੋਰ ਮਾਨਵਵਾਦੀ ਮੁੱਲ ਵੀ ਉਨ੍ਹਾਂ ਦੀ ਪਹੁੰਚ ਦੇ ਭਵਿੱਖਮੁਖੀ ਹੋਣ ਵੱਲ ਸਪਸ਼ਟ ਇਸ਼ਾਰਾ ਕਰਦੇ ਹਨ, ਉਸ ਸਮੇਂ ਦੇ ਲਿਹਾਜ਼ ਨਾਲ। ਸੋ, ਮੌਜੂਦਾ ਪੰਜਾਬੀ ਚਿੰਤਕਾਂ ਸਣੇ ਅਸੀਂ, ਨਾਨਕ-ਬਾਣੀ ਤੋਂ ਜੋ ਸਬਕ ਸਿੱਖ ਸਕਦੇ ਹਨ ਉਨ੍ਹਾਂ ਵਿੱਚੋਂ ਸੱਭ ਤੋਂ ਮਹੱਤਵਪੂਰਣ ਹੋਏਗਾ: ਆਧੁਨਿਕ ਸਮਾਜ ਵਿੱਚ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਲੱਭਣ ਲਈ ਇਤਿਹਾਸਕ ਸ਼ਖ਼ਸੀਅਤਾਂ ਤੋਂ ਸੇਧਾਂ ਭਾਲਣ ਦੀਆਂ ਕੋਸ਼ਿਸ਼ਾਂ ਕਰਨ ਦੀ ਭੂਤਮੁਖੀ ਪਹੁੰਚ ਅਪਨਾਉਣ ਦੇ ਬਜਾਏ ਅੱਜ ਦੇ ਹਾਲਾਤਾਂ 'ਤੇ ਆਧਾਰਿਤ ਭਵਿੱਖ-ਮੁਖੀ ਵਿਗਿਆਨਕ ਪਹੁੰਚ ਅਪਣਾਈਏ (ਬੇਸ਼ਕ, ਅਸੀਂ ਸਣੇ ਇਤਿਹਾਸਕ ਸ਼ਖ਼ਸੀਅਤਾਂ ਦੇ ਅਤੀਤ ਕੋਲੋਂ ਉਸ ਸਮੇਂ ਦੇ ਸੰਦਰਭ ਵਿੱਚ ਸਿੱਖ ਜ਼ਰੂਰ ਸਕਦੇ ਹਾਂ)।

ਗੁਰਬਾਣੀ ਦੇ ਮੂਲ ਮੰਤਰ ਤੇ ਵਿਗਿਆਨ ਦੇ ਇੱਕ ਕੇਂਦਰੀ ਸਿਧਾਂਤ, ਮਾਦੇ ਦੀ ਅਵਿਨਾਸ਼ਤਾ, ਪਿੱਛੇ ਮੂਲ ਖ਼ਿਆਲ ਇੱਕ ਹੀ ਹੋਣਾ, ਅਜੇਹੀ ਮਿਸਾਲ ਪੇਸ਼ ਕਰਦਾ ਹੈ ਕਿ ਅਧਿਆਤਮਵਾਦੀ ਫ਼ਲਸਫ਼ੇ ਵਿੱਚ ਵੀ ਅਜੇਹੇ ਖ਼ਿਆਲ ਜਾਂ ਮਾਡਲ ਹੋ ਸਕਦੇ ਨੇ, ਜੋ ਜੇ ਅਧਿਆਤਮਵਾਦ ਦਾ ਘੇਰਾ ਤੋੜ ਸੁੱਟਣ ਤਾਂ ਵਿਗਿਆਨ ਦੀ ਕਸੌਟੀ 'ਤੇ ਚੜ੍ਹ ਕੇ ਅਜੇਹੇ ਖ਼ਿਆਲਾਂ ਜਾਂ ਮਾਡਲਾਂ ਵਿੱਚ ਵਿਕਸਿਤ ਹੋ ਸਕਦੇ ਨੇ ਜੋ ਦੁਨੀਆ ਵਿੱਚ ਯੁੱਗ ਪਲਟਾਊ ਭੌਤਿਕ ਤਬਦੀਲੀਆਂ ਲਿਆਉਣ। ਇਸ ਅਧਿਆਏ ਵਿੱਚ, ਅਸੀਂ ਗੁਰਬਾਣੀ ਵਿੱਚੋਂ ਸਿਰਫ਼ 'ਮੂਲ ਮੰਤਰ' ਦੀ ਉਦਾਹਰਣ ਵਰਤੀ ਹੈ, ਇਹ ਦਿਖਾਉਣ ਲਈ ਕਿ ਗੁਰਬਾਣੀ ਅਧਿਆਤਮਵਾਦ ਦੇ ਘੇਰੇ ਰਹਿੰਦੀ ਹੋਈ ਵੀ ਵਿਗਿਆਨਕ ਸੋਚ ਨੂੰ ਹੱਥ ਲਾ ਆਉਂਦੀ ਹੈ। ਇਹ ਗੁਣ ਸਾਰੀ ਗੁਰਬਾਣੀ ਵਿੱਚ ਸਹਿਜ ਹੀ ਖਿੱਲਰਿਆ ਪਿਆ ਹੈ, ਕਿਉਂਕਿ ਗੁਰਬਾਣੀ ਦਾ 'ਮੂਲ ਮੰਤਰ' ਗੁਰਬਾਣੀ ਦਾ ਕੇਂਦਰੀ ਬਿੰਦੂ ਹੈ ਜਿਸ ਦੁਆਲੇ ਬਾਕੀ ਦੀ ਬਾਣੀ ਘੁੰਮਦੀ ਹੈ। ਮੂਲ ਮੰਤਰ ਦੇ ਇਲਾਵਾ ਗੁਰਬਾਣੀ ਨੂੰ ਵਿਗਿਆਨਕ ਸੋਚ ਨਾਲ ਜੋੜ੍ਹਣ ਵਾਲਾ ਦੂਸਰਾ ਪੁਲ ਹੈ: ਤਰਕ, ਜੋ ਗੁਰੂਆਂ ਸਣੇ ਭਗਤ ਜਨਾਂ ਤੇ ਸੂਫ਼ੀਆਂ ਦੇ ਕੰਮਾਂ ਤੇ ਬਾਣੀ/ਕਾਵਿ ਵਿੱਚ ਵੀ ਮੌਜੂਦ ਸੀ। ਇਹ ਸੱਭ ਅਗਲੇ ਅਧਿਆਏ ਦੇ ਵਿਸ਼ੇ ਵਿੱਚ ਆਉਂਦਾ ਹੈ, ਜਿੱਥੇ ਅਸੀਂ ਪੰਜਾਬ ਜਾਗਰਤੀ ਲਹਿਰ ਦੇ ਤਰਕ, ਵਿਗਿਆਨ, ਤੇ ਵਿਗਿਆਨਕ ਸੋਚ ਨਾਲ ਰਿਸ਼ਤੇ ਦੀ ਜਾਂਚ ਕਰਦੇ ਹਾਂ।

# ਅਧਿਆਏ 5

## ਯੂਰਪੀਅਨ ਰੇਨਾਸਾਂਸ ਦੇ ਸੰਦਰਭ ਵਿੱਚ:
## ਪੰਜਾਬ ਜਾਗਰਤੀ ਲਹਿਰ ਵਿੱਚ ਤਰਕ, ਵਿਗਿਆਨ, ਤੇ ਵਿਗਿਆਨਕ ਸੋਚ



*ਭਗਤ ਕਬੀਰ ਜੀ (1440-1518), ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ ਦੌਰਾਨ ਪੰਜਾਬ ਸਣੇ ਭਾਰਤ ਵਿੱਚ ਚੱਲੀ ਭਗਤੀ ਜਾਗਰਤੀ ਲਹਿਰ ਦੇ ਇੱਕ ਮਹਾਂ-ਨਾਇਕ।*



*ਸੁਲਤਾਨ ਬਾਹੂ (1630-1691) ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ ਦੌਰਾਨ ਸੂਫ਼ੀ ਲਹਿਰ ਦੇ ਇੱਕ ਨਾਇਕ ਤੇ ਪੰਜਾਬੀ ਸੂਫ਼ੀ ਕਵੀ।*

ਇਸ ਅਧਿਆਏ ਵਿੱਚ ਅਸੀਂ ਯੂਰਪੀਅਨ ਰੇਨਾਸਾਂਸ ਦੇ ਸੰਦਰਭ ਵਿੱਚ ਪੰਜਾਬ ਜਾਗਰਤੀ ਲਹਿਰ ਵਿੱਚ ਤਰਕ, ਵਿਗਿਆਨ, ਤੇ ਵਿਗਿਆਨਕ ਸੋਚ ਨੂੰ ਵਿਚਾਰਦੇ ਹਾਂ। ਇਹ ਦਿਖਾਇਆ ਜਾਏਗਾ ਹੈ ਕਿ ਕਿਵੇਂ ਸਿੱਖ ਲਹਿਰ ਸਣੇ ਪੰਜਾਬ ਜਾਗਰਤੀ ਲਹਿਰ ਦੇ ਸੰਚਾਲਕਾਂ ਨੇ ਆਪਣੇ ਜੀਵਨ ਤੇ ਬਾਣੀ ਦੋਵ੍ਹਾਂ ਵਿੱਚ ਤਰਕ ਨੂੰ ਲਹਿਰ ਦੇ ਉਦੇਸ਼ਾਂ ਲਈ ਇੱਕ ਹਥਿਆਰ ਵਜੋਂ ਵਰਤਿਆ। ਇਹਦੇ ਨਾਲ ਹੀ ਅਸੀਂ, ਕੁੱਲ ਮਿਲਾ ਕੇ, ਅਧਿਆਮਤਵਾਦ/ਆਦਰਸ਼ਵਾਦ ਦੇ ਘੇਰੇ ਵਿੱਚ ਰਹਿੰਦੀ ਗੁਰਬਾਣੀ ਦੇ ਵਿਗਿਆਨ ਸੰਗ ਰਿਸ਼ਤੇ ਦੀ ਛਾਣਬੀਨ ਵੀ ਕਰਦੇ ਹਾਂ।

**ਰੇਨਾਸਾਂਸ ਤੇ ਪੰਜਾਬ ਜਾਗਰਤੀ ਵਿੱਚ ਤਰਕ** : ਯੂਰਪੀਅਨ ਰੇਨਾਸਾਂਸ ਲਹਿਰ ਦਾ ਤਾਂ ਜਨਮ ਹੀ ਤਰਕ, ਜਾਂ ਦਲੀਲ, ਵਿੱਚੋਂ ਹੋਇਆ, ਕਿਉਂਕਿ ਇਹ ਸੱਭਿਆਚਾਰਿਕ ਪੁਨਰ-ਜਨਮ ਜਾਂ ਜਾਗਰਤੀ ਲਹਿਰ ਸੀ, ਜਿਸ ਦੌਰਾਨ ਯੂਰਪ ਦਾ ਅਤੀਤ ਤੇ ਉਦੋਂ ਦਾ 'ਅੱਜ' ਤਰਕਸ਼ੀਲ ਦ੍ਰਿਸ਼ਟੀਕੋਨ ਤੋਂ ਵੇਖੇ ਤੇ ਪਰਖੇ ਜਾਣ ਲੱਗੇ। ਜਿਵੇਂ ਅਧਿਆਏ 1 ਤੋਂ ਹੀ ਅਸੀਂ ਜਾਣਦੇ ਹਾਂ, ਇਸ ਮਾਨਵਵਾਦੀ ਲਹਿਰ ਨੇ ਐਸੇ ਨਾਗਰਿਕ ਤਿਆਰ ਕਰਨ ਦੀ ਯੋਜਨਾ ਉਲੀਕੀ ਜੋ ਬੜੀ ਅੱਛੀ ਤਰ੍ਹਾਂ ਪੜ੍ਹ-ਲਿਖ ਸਕਣ ਤੇ ਬੜੀ ਸਪਸ਼ਟਤਾ ਨਾਲ ਆਪਣੇ ਵਿਚਾਰ ਪੇਸ਼ ਕਰ ਸਕਣ; ਐਸੇ ਨਾਗਰਿਕ ਜੋ ਆਪੋ ਆਪਣੇ ਭਾਈਚਾਰਿਆਂ (communities) ਵਿੱਚ ਸਰਗਰਮ ਹੋ ਕੇ ਲੋਕਾਂ ਨੂੰ ਭਲੇ, ਤਰਕਸ਼ੀਲ, ਤੇ ਅਕਲਮੰਦ ਕੰਮ ਕਰਨ ਲਈ ਪ੍ਰੇਰਣ। ਇਸ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਕ ਵਿੱਦਿਅਕ ਖ਼ੇਤਰ ਸ਼ੁਰੂ ਕੀਤਾ ਗਿਆ, ਜਿਹਨੂੰ ਅੱਜਕਲ ਹਿਊਮੈਨਿਟੀਜ਼ ਕਿਹਾ ਜਾਂਦਾ ਹੈ। ਭਾਵੇਂ,

ਬਾਹਲੇ ਮਾਨਵਵਾਦੀ ਬੁੱਧੀਜੀਵੀ ਧਾਰਮਿਕ ਸਨ, ਲੇਕਿਨ ਚਰਚ ਦੀਆਂ ਕੁਰੀਤੀਆਂ, ਦੁਰਉਪਯੋਗ, ਤੇ ਦੁਰਵਿਵਹਾਰ ਵਿਰੁੱਧ ਤਰਕ ਦਾ ਹੱਲਾ ਬੋਲ ਰਹੇ ਸਨ। ਜੋ ਮਾਨਵਵਾਦੀ ਗੁਣਾਂ ਦਾ ਮਾਲਕ ਹੋਵੇ, ਭਾਵ ਬਹੁ-ਵਿਸ਼ਿਆਂ ਦਾ ਮਾਹਿਰ, ਬਹੁ-ਹੁਨਰੀ, ਅੰਧ-ਵਿਸ਼ਵਾਸਾਂ ਤੋਂ ਆਜ਼ਾਦ, ਤੇ ਤਰਕਸ਼ੀਲ ਸਵਤੰਤਰ ਚਿੰਤਕ ਹੋਵੇ, ਉਹਨੂੰ 'ਰੇਨਾਸਾਂਸ ਮੈਨ' ਕਿਹਾ ਜਾਂਦਾ ਸੀ।

ਪੰਜਾਬ ਜਾਗਰਿਤੀ ਲਹਿਰ ਦੇ ਸੰਚਾਲਕ ਵੀ, ਕਹਿਣੀ-ਕਰਨੀ ਦੇ ਪੂਰੇ ਹੋਣ ਸਦਕਾ, ਸਿਰਫ਼ ਲੇਖਣੀ ਤੇ ਬੋਲਣੀ ਰਾਹੀਂ ਹੀ ਤਰਕਸ਼ੀਲ ਨਹੀਂ ਸਨ, ਸਗੋਂ ਜ਼ਿੰਦਗੀ ਵਿੱਚ ਵੀ ਤਰਕ ਲਾਗੂ ਕਰਦੇ ਸਨ। ਭਗਤ ਜਨਾਂ ਤੇ ਸੂਫ਼ੀਆਂ/ਸੰਤਾਂ ਦੇ ਬਾਣੀ/ਕਾਵਿ ਸਣੇ ਗੁਰਬਾਣੀ ਵਿੱਚ ਤਰਕ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਥਾਂ ਥਾਂ ਇਹਦੀਆਂ ਜੜ੍ਹਾਂ ਵਿੱਚ ਪਿਆ ਹੈ। ਪੰਜਾਬ ਜਾਗਰਿਤੀ ਲਹਿਰ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਤਰਕ ਇੱਕ ਹਥਿਆਰ ਵਜੋਂ ਵਰਤਿਆ।

ਲਗਭਗ ਹਰੇਕ ਤਰਕ ਵਿੱਚ ਕੋਈ ਮੰਨਿਆ ਸੱਚ ਹੁੰਦਾ ਹੈ ਜਿਸ ਉੱਪਰ ਤਰਕ ਖੜ੍ਹਾ ਹੁੰਦਾ ਹੈ; ਅਜੇਹੇ ਧਾਰੇ ਹੋਏ 'ਸੱਚ' ਨੂੰ ਤਰਕ ਦਾ ਅਹਾਤਾ (premises) ਕਿਹਾ ਜਾਂਦਾ ਹੈ। ਮਿਸਾਲ ਵਜੋਂ, ਕੋਈ ਧਾਰਮਿਕ ਤਰਕ ਇਹ ਮੰਨ ਕੇ ਤੁਰ ਸਕਦਾ ਹੈ ਕਿ ਸਭ ਕੁਛ ਰੱਬ ਦੀ ਮਰਜ਼ੀ ਨਾਲ ਹੀ ਹੁੰਦਾ ਹੈ। ਏਸ ਅਹਾਤੇ ਉੱਪਰ ਕੋਈ ਇਹ ਤਰਕ ਉਸਾਰ ਸਕਦਾ ਹੈ ਕਿ ਬੰਦੇ ਨੂੰ ਆਪਣੀ ਹਾਲਤ ਬਦਲਣ ਦੀ ਕੋਸ਼ਿਸ ਨਹੀਂ ਕਰਨੀ ਚਾਹੀਦੀ, ਜਾਂ ਕੋਸ਼ਿਸ਼ ਦੇ ਨਾਲ ਨਾਲ ਰੱਬ ਅੱਗੇ ਪ੍ਰਾਰਥਨਾ ਵੀ ਕਰਨੀ ਚਾਹੀਦੀ ਹੈ ਕਿਉਂਕਿ ਰੱਬ ਦੀ ਮਰਜ਼ੀ ਬਗੈਰ ਤਾਂ ਪੱਤਾ ਵੀ ਨਹੀਂ ਹਿੱਲਦਾ। ਹੁਣ, ਜੇ ਅਹਾਤੇ ਨੂੰ ਗ਼ਲਤ ਸਿੱਧ ਕਰ ਦਿਓ ਕਿ 'ਸਭ ਕੁਛ ਰੱਬ ਦੀ ਮਰਜ਼ੀ ਨਾਲ ਹੀ ਹੁੰਦਾ ਹੈ' ਤਾਂ ਉਪਰੋਤਕ ਤਰਕ ਦਾ ਸਾਰਾ ਜੁਗਾੜ ਢਹਿ ਢੇਰੀ ਹੋ ਜਾਂਦਾ ਹੈ। ਇਸ ਹਿਸਾਬ ਨਾਲ ਅਧਿਆਤਮਵਾਦ ਤੇ ਵਿਗਿਆਨ ਦੇ ਪ੍ਰਸੰਗ ਵਿੱਚ ਤਰਕ ਨੂੰ ਤਿੰਨ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ: 1) ਤਰਕ ਜਿਹਦਾ ਅਹਾਤਾ ਅਧਿਆਤਮਵਾਦੀ ਜਾਂ ਅਰਧ-ਅਧਿਆਤਮਵਾਦੀ ਹੋਵੇ, ਤੇ ਤਰਕ ਅਧਿਆਮਤਵਾਦ ਦੇ ਘੇਰੇ ਵਿੱਚ ਹੀ ਰਹੇ; 2) ਤਰਕ ਜਿਹਦਾ ਅਹਾਤਾ ਅਧਿਆਤਮਵਾਦੀ ਜਾਂ ਅਰਧ-ਅਧਿਆਤਮਵਾਦੀ ਹੋਵੇ, ਪਰ ਤਰਕ ਖ਼ੁਦ ਵਿਗਿਆਨ ਪਹੁੰਚ ਨੂੰ ਹੱਥ ਲਾ ਆਵੇ, 3) ਤਰਕ ਜੋ ਸਣੇ ਅਹਾਤਾ ਅਧਿਆਤਮਵਾਦ ਦੇ ਘੇਰੇ ਤੋਂ ਬਾਹਰ ਤੇ ਸਿਰਫ਼ ਵਿਗਿਆਨਕ ਸੋਚ 'ਤੇ ਆਧਾਰਿਤ ਹੋਵੇ। ਰੇਨਾਸਾਂਸ ਮਾਨਵਵਾਦੀਆਂ ਤੇ ਪੰਜਾਬ ਲਹਿਰ ਦੇ ਸੰਚਾਲਕਾਂ ਵਿੱਚ ਤਿੰਨੋਂ ਤਰ੍ਹਾਂ ਦਾ ਤਰਕ ਮਿਲਦਾ ਹੈ।

ਸਾਵਧਾਨ ! ਤਰਕ ਸਿਰਫ਼ ਵਿਗਿਆਨ ਵਿੱਚ ਹੀ ਨਹੀਂ, ਸਗੋਂ ਅਕਸਰ ਹਰੇਕ ਫ਼ਲਸਫ਼ੇ ਵਿੱਚ ਹੁੰਦਾ ਹੈ। ਅਧਿਆਤਮਵਾਦੀ ਫ਼ਲਸਫ਼ੇ ਵਿੱਚ ਤਰਕ ਦੇ ਅਹਾਤੇ ਦਾ ਇੱਕ ਸਥਾਈ, ਪ੍ਰਤੱਖ ਕਦੇ ਗੁੱਝਾ, ਮੈਂਬਰ ਹੁੰਦਾ ਹੈ: ਚੇਤੰਨ ਸਰਬਸ਼ਕਤੀਮਾਨ ਸਿਰਜਨਹਾਰ।

ਉਦਾਹਰਣ ਵਜੋਂ, ਹਿੰਦੂ ਧਰਮ ਦਾ ਇੱਕ ਪ੍ਰਚੱਲਤ ਵਿਸ਼ਵਾਸ਼ ਹੈ ਕਿ ਤੀਰਥ ਅਸਥਾਨਾਂ, ਭਾਵ ਵੱਡੇ ਧਾਰਮਿਕ ਮੰਦਰਾਂ ਦੇ ਨਾਲ ਬਣੇ ਸਰੋਵਰਾਂ, ਵਿੱਚ ਨਹਾਉਣ ਨਾਲ

ਰੱਬ ਮਿਲ ਜਾਂ ਖੁਸ਼ ਹੋ ਜਾਂਦਾ ਹੈ, ਬੰਦੇ ਦੇ ਪਾਪ ਕੱਟੇ ਜਾਂਦੇ ਹਨ, ਤੇ ਮੰਨਾਉਤਾਂ ਪੂਰੀਆਂ ਹੁੰਦੀਆਂ ਹਨ; ਖ਼ਾਸ ਕਰ ਉਚੇਚੇ ਮੌਕਿਆਂ 'ਤੇ ਨਹਾਉਣ ਨਾਲ, ਜਿਵੇਂ ਮੱਸਿਆ, ਪੁੰਨਿਆ, ਸੰਗਰਾਂਦ, ਕੁੰਭ ਦੇ ਮੇਲੇ, ਚੰਦ ਗ੍ਰਹਿਣਾਂ, ਆਦਿ ਦੇ ਸਮੇਂ। ਪਾਖ਼ੰਡ ਵਿੱਚਲਾ ਤਰਕ ਇਸ ਅਹਾਤੇ 'ਤੇ ਖੜ੍ਹਾ ਹੈ ਕਿ 'ਧਾਰਮਿਕ ਮੰਦਰਾਂ ਦੇ ਨਾਲ ਬਣੇ ਸਰੋਵਰਾਂ ਵਿੱਚ ਨਹਾਉਣ ਨਾਲ ਰੱਬ ਮਿਲ ਜਾਂ ਖੁਸ਼ ਹੋ ਜਾਂਦਾ ਹੈ'। ਏਸ ਅਹਾਤੇ ਉੱਪਰ ਹਮਲਾ ਕਰਦਾ ਸਹਿਜ ਤਰਕ ਉਸਾਰਦੀ ਗੁਰਬਾਣੀ ਇਸ ਪਾਖ਼ੰਡ ਦਾ ਖ਼ੰਡਨ ਕਰਦੀ ਹੈ:

**"ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥**
**ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥"**

(ਭਗਤ ਕਬੀਰ, ਪੰਨਾ: ੪੮੪)

**ਭਾਵ:** ਜੇ ਸਰੋਵਰਾਂ ਵਿੱਚ ਨਹਾਉਣ ਨਾਲ ਰੱਬ ਮਿਲਦਾ, ਤਾਂ ਉਹ ਪਹਿਲਾਂ ਡੱਡੂਆਂ/ਮੱਛੀਆਂ ਨੂੰ ਮਿਲਦਾ, ਜੋ ਹਮੇਸ਼ਾਂ ਪਾਣੀ ਵਿੱਚ ਹੀ ਰਹਿੰਦੇ ਹਨ।

ਏਸੇ ਤਰ੍ਹਾਂ ਸੂਫ਼ੀ ਕਵੀ ਸੁਲਤਾਨ ਬਾਹੂ ਵੀ ਵਿਅੰਗਮਈ ਤਰਕ ਨਾਲ ਅਜੇਹੇ ਅੰਧਵਿਸ਼ਵਾਸਾਂ ਦੇ ਪੜਛੇ ਲਾਹੁੰਦਾ ਹੈ:

**"ਜੇ ਰੱਬ ਨ੍ਹਾਤਿਆਂ ਧੋਤਿਆਂ ਮਿਲਦਾ, ਮਿਲਦਾ ਡੱਡੂਆਂ ਮੱਛੀਆਂ ਹੂ।**
**ਜੇ ਰੱਬ ਮਿਲਦਾ ਮੋਨ ਮੁਨਾਇਆਂ, ਮਿਲਦਾ ਭੇਡਾਂ ਸੱਸੀਆਂ ਹੂ।**
**ਜੇ ਰੱਬ ਰਾਤੀਂ ਜਾਗਿਆਂ ਮਿਲਦਾ, ਮਿਲਦਾ ਕਾਲ-ਕੜੱਛੀਆਂ ਹੂ।**
**ਜੇ ਰੱਬ ਜਤੀਆਂ ਸਤੀਆਂ ਮਿਲਦਾ, ਮਿਲਦਾ ਡਾਂਡਾਂ ਖੱਸੀਆਂ ਹੂ।**
**ਰੱਬ ਉਨ੍ਹਾਂ ਨੂੰ ਮਿਲਦਾ ਬਾਹੂ, ਨੀਤਾਂ ਜਿਨ੍ਹਾਂ ਅੱਛੀਆਂ ਹੂ।"**

ਇੰਝ ਗੁਰੂ ਸਾਹਿਬਾਨਾਂ, ਭਗਤ ਜਨਾਂ, ਤੇ ਸੂਫ਼ੀਆਂ/ਸੰਤਾਂ ਨੇ ਅੰਧਵਿਸ਼ਵਾਸਾਂ ਤੇ ਪਾਖ਼ੰਡਾਂ ਦਾ ਤਰਕਸ਼ੀਲ ਖ਼ੰਡਨ ਕੀਤਾ।

**ਵਿਚਾਰਣ ਲਈ ਪ੍ਰਸ਼ਨ:** ਕਈ ਥਾਂ ਗੁਰਬਾਣੀ ਤੀਰਥ/ਸਰੋਵਰ ਇਸ਼ਨਾਨ ਦੇ ਅੰਧਵਿਸ਼ਵਾਸ/ਪਾਖ਼ੰਡ ਦਾ ਖੰਡਨ ਕਰਦੀ ਹੈ; ਫਿਰ ਵੀ ਲੋਕ/ਸਿੱਖ ਸ਼ਰਧਾਲੂ ਗੁਰਦੁਆਰਿਆਂ ਨਾਲ ਬਣੇ ਸਰੋਵਰਾਂ ਵਿੱਚ ਸੰਗਰਾਂਦ, ਮੱਸਿਆ ਜਿਹੇ ਖਾਸ ਮੌਕਿਆਂ 'ਤੇ ਹਿੰਦੂ ਸ਼ਰਧਾਲੂਆਂ ਵਰਗੀ ਸ਼ਰਧਾ ਤੇ ਭਾਵਨਾਵਾਂ ਨਾਲ ਇਸ਼ਨਾਨ ਕਰਦੇ ਵੇਖੇ ਜਾਂਦੇ ਨੇ। ਮਨ ਵਿੱਚ ਵਿਚਾਰੋ: ਕਿਉਂ?

ਮੈਂ ਹੁਣ ਦਿਖਾਵਾਂਗਾ ਕਿ ਕਿੰਝ ਉਪਰੋਤਕ ਅੰਧਵਿਸ਼ਵਾਸ ਵਿਰੁੱਧ ਗੁਰਬਾਣੀ ਤੇ ਸੁਲਤਾਨ ਬਾਹੂ ਵਲੋਂ ਪੇਸ਼ ਕੀਤਾ ਤਰਕ ਅਧਿਆਤਮਵਾਦ ਦੇ ਘੇਰੇ ਤੋਂ ਬਾਹਰ ਸ਼ੁੱਧ ਵਿਗਿਆਨਕ ਤਰਕ ਹੈ। ਮੰਨ ਲਓ ਕਿ ਸਰੋਵਰ ਵਿੱਚ ਨਹਾਉਣ ਨਾਲ ਬੰਦੇ ਨੂੰ ਰੱਬ ਮਿਲ ਜਾਂਦਾ ਹੈ; ਬੰਦਾ ਇੱਕ ਜੀਵ ਹੈ; ਸੋ, ਕੋਈ ਵੀ ਜੋ ਸਰੋਵਰ ਵਿੱਚ ਨਹਾਵੇ, ਉਹਨੂੰ ਰੱਬ ਮਿਲ ਜਾਣਾ ਚਾਹੀਦਾ ਹੈ। ਇਸ ਕਿਸਮ ਦੇ ਤਰਕ ਨੂੰ ਅਨੁਗਮ ਦੁਆਰਾ ਤਰਕ, ਯਾਨੀ logic by induction, ਕਹਿੰਦੇ ਹਾਂ। ਅਨੁਗਮ, ਯਾਨੀ induction, ਦੁਆਰਾ ਅਸੀਂ 'ਸਰੋਵਰ ਵਿੱਚ ਨਹਾਉਣ ਨਾਲ ਬੰਦੇ ਨੂੰ ਰੱਬ ਮਿਲ ਜਾਂਦਾ ਹੈ' ਤੋਂ 'ਸਰੋਵਰ ਵਿੱਚ ਨਹਾਉਣ ਨਾਲ

ਹਰ ਜੀਵ ਨੂੰ ਰੱਬ ਮਿਲ ਜਾਂਦਾ ਹੈ' ਤੱਕ ਪਹੁੰਚ ਗਏ। ਹੁਣ, ਜੇ ਸਰੋਵਰ ਵਿੱਚ ਨਹਾਉਣ ਨਾਲ ਹਰ ਜੀਵ ਨੂੰ ਰੱਬ ਮਿਲ ਜਾਂਦਾ ਹੈ, ਤਾਂ ਸਰੋਵਰ (ਜਾਂ ਕਿਸੇ ਵੀ ਪਾਣੀ) ਵਿੱਚਲੇ ਡੱਡੂਆਂ ਤੇ ਮੱਛੀਆਂ ਨੂੰ ਵੀ ਰੱਬ ਮਿਲਣਾ ਚਾਹੀਦਾ ਹੈ, ਕਿਉਂਕਿ ਉਹ ਵੀ ਜੀਵ ਹਨ ਜੋ ਸਰੋਵਰ/ਪਾਣੀ ਵਿੱਚ ਹਮੇਸ਼ਾਂ ਨਹਾਉਂਦੇ ਨੇ। ਇਸ ਕਿਸਮ ਦੇ ਤਰਕ ਨੂੰ ਨਿਗਮਨ ਦੁਆਰਾ ਤਰਕ, ਯਾਨੀ logic by deduction, ਕਹਿੰਦੇ ਹਾਂ। ਨਿਗਮਨ, ਯਾਨੀ dedution, ਦੁਆਰਾ ਅਸੀਂ 'ਸਰੋਵਰ ਵਿੱਚ ਨਹਾਉਣ ਨਾਲ ਹਰ ਜੀਵ ਨੂੰ ਰੱਬ ਮਿਲ ਜਾਂਦਾ ਹੈ' ਤੋਂ 'ਸਰੋਵਰ (ਜਾਂ ਕਿਸੇ ਵੀ ਪਾਣੀ) ਵਿੱਚ ਨਹਾਉਣ ਨਾਲ ਡੱਡੂਆਂ ਤੇ ਮੱਛੀਆਂ ਰੱਬ ਮਿਲ ਜਾਂਦਾ ਹੈ' ਤੱਕ ਪਹੁੰਚ ਗਏ। ਜੇ ਅਸੀਂ ਇਸ ਗੱਲ ਨਾਲ ਸਹਿਮਤ ਨਹੀਂ ਕਿ ਡੱਡੂਆਂ ਤੇ ਮੱਛੀਆਂ ਨੂੰ ਰੱਬ ਮਿਲਿਆ ਹੋਇਆ ਹੈ, ਤਾਂ ਸਾਨੂੰ ਉਸ ਗੱਲ ਨਾਲ ਵੀ ਅਸਹਿਮਤ ਹੋਣਾ ਪਏਗਾ ਜਿੱਥੋਂ ਅਸੀਂ ਸ਼ੁਰੂ ਹੋਏ ਸੀ: "ਸਰੋਵਰ ਵਿੱਚ ਨਹਾਉਣ ਨਾਲ ਬੰਦੇ ਨੂੰ ਰੱਬ ਮਿਲ ਜਾਂਦਾ ਹੈ।" ਏਸ ਤੇ ਏਸ ਤਰ੍ਹਾਂ ਦੇ ਤਰਕ ਵਿੱਚ ਵਰਤੇ ਅਨੁਗਮ ਤੇ ਨਿਗਮਨ ਵਿਗਿਆਨਕ ਤਰਕ ਵਿਧਾਨ ਦੇ ਦੋ ਮਹੱਤਵਪੂਰਣ ਸੰਦ ਨੇ, ਜੋ ਫ਼ਲਸਫੇ, ਵਿਗਿਆਨ, ਤੇ ਹੋਰ ਵਿਸ਼ਿਆਂ ਵਿੱਚ ਵਰਤੇ ਜਾਂਦੇ ਨੇ। ਇਸ ਤਰਕ ਵਿੱਚ ਕੋਈ ਅਧਿਆਤਮਕ ਅੰਸ਼ ਨਹੀ; ਇਸ ਤਰ੍ਹਾਂ ਇਹ ਤਰਕ ਅਧਿਆਤਮਵਾਦ ਦੇ ਘੇਰੇ ਤੋਂ ਬਾਹਰ ਸ਼ੁੱਧ ਵਿਗਿਆਨਕ ਤਰਕ ਹੈ।

ਪੰਜਾਬ ਵਿੱਚ ਇੱਕ ਹੋਰ ਅੰਧਵਿਸ਼ਵਾਸ ਪ੍ਰਚੱਲਤ ਰਿਹਾ ਹੈ ਕਿ ਧਰਤੀ ਨੂੰ ਬਲਦ ਨੇ ਆਪਣੇ ਸਿੰਗਾਂ ਉੱਪਰ ਚੁੱਕਿਆ ਹੋਇਆ ਹੈ। ਇਸ ਅੰਧਵਿਸ਼ਵਾਸ ਨੂੰ ਦਲੀਲ ਨਾਲ ਨਿਕਾਰਦੇ ਹੋਏ ਗੁਰੂ ਨਾਨਕ ਜੀ ਪੁੱਛਦੇ ਨੇ:

**"ਧਵਲੈ ਉਪਰਿ ਕੇਤਾ ਭਾਰੁ ॥**
**ਧਰਤੀ ਹੋਰੁ ਪਰੈ ਹੋਰੁ ਹੋਰੁ ॥**
**ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥"**

(ਪੰਨਾ: ੩)

**ਭਾਵ:** ਜੇ ਧਰਤੀ ਨੂੰ ਬਲਦ ਨੇ ਸਿੰਗਾਂ 'ਤੇ ਚੁੱਕਿਆ ਹੋਇਆ ਹੈ ਤਾਂ ਫਿਰ ਬਲਦ ਕਿਸ ਧਰਤੀ ਤੇ ਖੜ੍ਹਾ ਹੈ? ਜੇ ਉਸ ਬਲਦ ਹੇਠਾਂ ਕੋਈ ਹੋਰ ਧਰਤੀ ਹੈ, ਫਿਰ ਉਸ ਧਰਤੀ ਨੂੰ ਕਿਸ ਨੇ ਚੁੱਕਿਆ ਹੋਇਆ ਹੈ? ਇਹ ਬੇਅੰਤ ਧਰਤੀਆਂ ਕਿਸ ਆਸਰੇ ਖੜੀਆਂ ਹਨ?

ਇੰਝ ਗੁਰੂ ਜੀ ਇਸ ਅੰਧਵਿਸ਼ਵਾਸ ਨੂੰ ਚੱਕਨਾ-ਚੂਰ ਕਰਦੇ ਅਣਗਣਿਤ ਧਰਤੀਆਂ, ਭਾਵ ਪੁਲਾੜੀ ਪਿੰਡਾਂ, ਦਾ ਸਿਧਾਂਤ ਵੀ ਪੇਸ਼ ਕਰ ਜਾਂਦੇ ਹਨ। ਰੇਨਾਸਾਂਸ ਦੌਰਾਨ ਹੀ ਕੈਪਲਿਰ, ਗੈਲੇਲਿਓ, ਤੇ ਨਿਊਟਨ ਜਿਹੇ ਵਿਗਿਆਨੀਆਂ ਦੀਆਂ ਖ਼ੋਜਾਂ ਤੋਂ ਸਪਸ਼ਟ ਹੋ ਗਿਆ ਕਿ ਧਰਤੀ ਸਣੇ ਸਾਰੇ ਪੁਲਾੜੀ ਪਿੰਡ, ਭਾਵ ਗ੍ਰਹਿ, ਚੰਨ, ਸੂਰਜ ਤੇ ਹੋਰ ਤਾਰੇ, ਆਦਿ ਇੱਕ ਦੂਜੇ ਨਾਲ ਆਪਸੀ ਗੁਰੂਤਾ ਖ਼ਿੱਚ ਦੁਆਰਾ ਬੱਝੇ ਹੋਏ ਨੇ; ਸੋ ਕਿਸੇ ਬਲਦ ਜਾਂ ਝੋਟੇ ਦੇ ਸਿੰਗਾਂ ਦੀ ਕੋਈ ਜ਼ਰੂਰਤ ਨਹੀਂ। ਉਪਰੋਕਤ ਤਰਕ ਵਿੱਚ ਵੀ ਕੋਈ ਅਧਿਆਤਮਕ ਅੰਸ਼ ਨਹੀ; ਤੇ ਇਹ ਅਧਿਆਤਮਵਾਦ ਦੇ ਘੇਰੇ ਤੋਂ ਬਾਹਰ ਸ਼ੁੱਧ ਵਿਗਿਆਨਕ ਤਰਕ ਹੈ।

**ਵਿਚਾਰਣ ਲਈ ਪ੍ਰਸ਼ਨ:** ਅੱਜ ਅਜੇਹੇ ਸਿੱਖ ਸ਼ਰਧਾਲੂਆਂ ਦੀ ਕੋਈ ਥੋੜ੍ਹ ਨਹੀਂ ਜੋ

ਵਹਿਮਾਂ ਤੇ ਅੰਧਵਿਸ਼ਵਾਸ ਵਿੱਚ ਜਕੜੇ ਪਾਖੰਡੀ ਬਾਬਿਆਂ, ਤਾਂਤਰਿਕ ਪਾਖ਼ੰਡੀਆਂ, ਜੋਤਸ਼ੀਆਂ ਆਦਿ ਹੱਥੋਂ ਲੁੱਟ ਹੋ ਰਹੇ ਨੇ। ਜੇ ਕੋਈ ਗੁਰੂਆਂ ਦੇ ਦੱਸੇ ਮੁਤਾਬਕ ਪਾਖੰਡੀ ਬਾਬਿਆਂ ਆਦਿ ਦੇ ਵਿਰੁੱਧ ਦਲੀਲ ਕਰੇ ਤਾਂ ਉਹਨੂੰ ਸ਼ਰਧਾਲੂ ਧਰਮ ਵਿਰੋਧੀ ਕਰਾਰ ਦੇ ਦਿੰਦੇ ਹਨ। ਮਨ ਵਿੱਚ ਵਿਚਾਰੋ: ਕਿਉਂ?

**ਸੱਚ ਲੱਭਣ ਤੇ ਜਾਣਨ ਲਈ ਤਰਕ ਜ਼ਰੂਰੀ** : ਕਿਸੇ ਵੀ ਲਹਿਰ ਦੀ ਸਫ਼ਲਤਾ/ ਅਸਫ਼ਲਤਾ ਵਿੱਚ ਉਸ ਲਹਿਰ ਦਾ 'ਸੱਚ' ਨਾਲ ਰਿਸ਼ਤਾ ਮਹੱਤਵਪੂਰਣ ਰੋਲ ਨਿਭਾਉਂਦਾ ਹੈ। ਕੁਦਰਤ ਦੇ ਭੇਤਾਂ, ਜਾਂ ਕੁਦਰਤ ਵਿੱਚਲੀ ਕਿਸੇ ਵੀ ਚੀਜ਼, ਬਾਰੇ ਸੱਚ ਜਾਣਨ ਲਈ ਪ੍ਰਸ਼ਨ ਪੁੱਛਣਾ ਜ਼ਰੂਰੀ ਹੁੰਦਾ ਹੈ; ਸੱਚ ਦੀ ਤਲਾਸ਼ ਪ੍ਰਸ਼ਨ ਤੋਂ ਹੀ ਸ਼ੁਰੂ ਹੁੰਦੀ ਹੈ। ਕੁਦਰਤ ਆਪਣੇ ਭੇਦ ਸਾਡੇ ਨਾਲ ਸਾਂਝੇ ਕਰਨ ਲਈ ਹਰ ਵੇਲੇ ਤਤਪਰ ਰਹਿੰਦੀ ਹੈ ਜੇ ਅਸੀਂ ਠੀਕ ਪ੍ਰਸ਼ਨ ਪੁੱਛ ਸਕੀਏ। ਠੀਕ ਪ੍ਰਸ਼ਨ ਪੁੱਛਣ ਦੀ ਜਾਚ ਅਕਸਰ ਗਿਆਨ ਦੇ ਠੀਕ ਖ਼ੇਤਰ ਵਿੱਚ ਵਰ੍ਹਿਆਂ ਬੱਧੀ ਤਜਰਬੇ ਨਾਲ ਆਉਂਦੀ ਹੈ। ਪਰ, ਕਿਸੇ ਪੱਧਰ 'ਤੇ ਸੱਚ ਤਲਾਸ਼ ਤਾਂ ਆਮ ਲੋਕਾਂ ਨੂੰ ਵੀ ਕਰਨੀ ਪੈਂਦੀ ਹੈ, ਜਾਂ ਕਰਨੀ ਚਾਹੀਦੀ ਹੈ, ਇਹ ਤੈਅ ਕਰਨ ਲਈ ਕਿ ਉਨ੍ਹਾਂ ਨੂੰ ਜੋ ਪੇਸ਼ ਕੀਤਾ ਜਾ ਰਿਹਾ ਹੈ, ਉਸ ਵਿੱਚੋਂ ਸੱਚ ਦਾ ਝੂਠ, ਦੰਭ, ਪਾਖੰਡ, ਤੇ ਅੰਧਵਿਸ਼ਵਾਸ ਤੋਂ ਨਿਤਾਰਾ ਕਰਨ ਲਈ। ਇਹ ਨਿਤਾਰਾ, ਜੋ ਕਿਹਾ ਜਾ ਰਿਹਾ ਹੈ, ਉਹਨੂੰ ਤਰਕ ਦੀ ਕਸਵੱਟੀ 'ਤੇ ਪਰਖ਼ ਕੇ ਕੀਤਾ ਜਾ ਸਕਦਾ ਹੈ। ਇਸ ਸੰਦਰਭ ਵਿੱਚ ਪੁੱਛਿਆ ਪ੍ਰਸ਼ਨ ਤਰਕ ਨੂੰ ਹਾਕ ਹੁੰਦੀ ਹੈ, ਆਪਣੇ ਵਿਸ਼ਵਾਸਾਂ ਦੇ ਕਾਰਨਾਂ ਨੂੰ ਖੋਜਣ ਲਈ, ਤਾਂ ਜੋ ਇਸ ਤਰ੍ਹਾਂ ਵਿਸ਼ਵਾਸਾਂ ਦੀ ਉਚਿਤਤਾ ਪਰਖ਼ਿਆ ਜਾ ਸਕੇ। ਜਿਵੇਂ ਭਗਤ ਨਾਮਦੇਵ ਜੀ ਫ਼ਰਮਾਉਂਦੇ ਨੇ:

**"ਤਰਕੁ ਨ ਚਾ ॥ ਭ੍ਰਮੀਆ ਚਾ ॥"**

(ਭਗਤ ਨਾਮਦੇਵ, ਪੰਨਾ ੬੯੩)

**ਭਾਵ:** ਜਿੱਥੇ ਤਰਕ ਨਹੀਂ ਹੁੰਦਾ ਉਥੇ ਭਰਮ/ਅਗਿਆਨਤਾ ਹੁੰਦੀ ਹੈ (ਸੱਚ ਨਹੀਂ)।

ਸਾਨੂੰ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਦੇ ਧਾਰਮਿਕ ਵਿਸ਼ਵਾਸ ਦੀ ਜਕੜ ਵਿੱਚ ਵਿਕਸਿਤ ਹੋਇਆ ਤਰਕ ਸ਼ਾਸਤਰ ਵਿਰਸੇ ਵਿੱਚ ਮਿਲਿਆਂ ਹੈ; ਇਹ ਤਰਕ ਸ਼ਾਸਤਰ ਜਾਂ ਤਰਕ ਵਿਧਾਨ ਸਚਾਈ ਲੱਭਣ ਦੇ ਮਨੋਰਥ ਨਾਲ ਤਰਕ ਦੇ ਖ਼ਰੇ ਜਾਂ ਖ਼ੋਟੇ ਹੋਣ ਉੱਪਰ ਘੱਟ ਆਧਾਰਿਤ ਹੈ ਅਤੇ ਜਿੱਤਣ ਦੀ ਨੀਅਤ ਤੇ ਚਲਾਕੀ ਉੱਪਰ ਵੱਧ। ਮਿਸਾਲ ਦੇ ਤੌਰ 'ਤੇ, ਹਿੰਦੂ ਧਰਮ ਦੇ ਘੇਰੇ ਵਿੱਚ ਵਿਦਵਾਨ/ਬ੍ਰਾਹਮਣ 'ਸ਼ਾਸਤਾਰਥ' ਕਰਿਆ ਕਰਦੇ ਸਨ, ਜਿਸ ਦੌਰਾਨ ਸੰਵਾਦ/ਬਹਿਸ ਦਾ ਉਦੇਸ਼ ਸੱਚ ਦੀ ਖ਼ੋਜ ਦੀ ਥਾਂ ਖ਼ੁਦ ਜਿੱਤਣਾ ਤੇ ਵਿਰੋਧੀ ਦੀ ਪਿੱਠ ਲਗਵਾਉਣਾ ਹੁੰਦਾ ਸੀ। ਇਹਤੋਂ ਉਲਟ ਗੁਰੂ ਨਾਨਕ ਜੀ ਨੇ ਸਚਾਈ ਲੱਭਣ ਦੇ ਮਨੋਰਥ ਨਾਲ ਤਰਕ ਦੀ ਵਰਤੋਂ ਕੀਤੀ ਤੇ ਪੰਜਾਬੀ ਲੋਕ ਸੱਭਿਆਚਾਰ ਵਿੱਚ ਗੋਸ਼ਟੀ ਦੀ ਪਿਰਤ ਪਾਈ। ਉਨ੍ਹਾਂ ਜਿੱਥੋਂ ਵੀ ਹੋ ਸਕਿਆ ਦਰਪੇਸ਼ ਮੁੱਢਲੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਹਾਸਲ ਕਰਕੇ ਚਿੰਤਨ ਕੀਤਾ, ਤੇ ਸਮੱਸਿਆਵਾਂ ਦੇ ਹੱਲ ਵਜੋਂ ਆਪਣੇ ਸੁਝਾਅ ਪੇਸ਼ ਕੀਤੇ। ਇਸ ਪ੍ਰਕਿਰਿਆ ਦੌਰਾਨ ਉਨ੍ਹਾਂ ਵੱਖ ਵੱਖ ਧਰਮਾਂ ਦੇ ਨੁਮਾਇੰਦਿਆਂ

ਅਤੇ ਪੈਰੋਕਾਰਾਂ ਨਾਲ ਸੰਵਾਦ ਜਾਂ ਗੋਸ਼ਟੀਆਂ ਰਚਾਈਆਂ; ਇਹ ਕਿਸੇ ਧਰਮ, ਫ਼ਿਰਕੇ, ਜਾਂ ਖ਼ਿੱਤੇ ਦੇ ਪੱਖ ਨਹੀਂ, ਸਗੋ ਸਾਰੀ ਮਨੁੱਖਤਾ ਲਈ ਕੀਤਾ, ਤੇ ਸਚਾਈ ਦੀ ਭਾਲ ਵਿੱਚ। ਉਹ ਧਰਮਾਂ, ਫ਼ਿਰਕਿਆਂ, ਖ਼ਿੱਤਿਆਂ ਤੋਂ ਉੱਪਰ ਦੀ ਹੋ ਕੇ ਮਨੱਖਤਾ ਦੇ ਪੱਧਰ ਤੋਂ ਵਿਚਾਰ-ਵਟਾਂਦਰੇ ਦੀ ਸਿਫ਼ਾਰਸ਼ ਕਰਦੇ ਹਨ :

**ਜਬਿ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥**

(ਪੰਨਾ ੬੬੦)

ਅਤੇ ਮਨ ਦੀ ਗੱਲ ਸੱਚ ਦੀ ਕਸਵੱਟੀ ਉੱਪਰ ਲਾਕੇ ਵੇਖੋ ਕਿ ਉਹ ਪੂਰੀ ਉਤਰਦੀ ਹੈ?

**"ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥"**

(ਪੰਨਾ ੨੨)

ਇੰਝ ਸੁਕਰਾਤ, ਅਰਸਤੂ, ਤੇ ਪਲੈਟੋ ਵਰਗੇ ਗ਼ਰੀਕ ਫ਼ਿਲਾਸਫ਼ਰਾਂ ਵਾਂਗ, ਪੰਜਾਬ ਸਮੇਤ ਭਾਰਤ ਦੇ ਸੰਦਰਭ ਵਿੱਚ, ਵਿਗਿਆਨਕ ਤਰਕ ਵਿਧਾਨ ਦੇ ਵਿਕਾਸ ਵਿੱਚ ਹਿੱਸਾ ਪਾਇਆ। ਗੁਰੂ ਨਾਨਕ ਜੀ ਦੀਆਂ ਤਰਕ ਤੇ ਗੋਸ਼ਟੀ ਦੇ ਖ਼ੇਤਰ ਵਿੱਚ ਦੋ ਵਿਸ਼ੇਸ਼ ਦੇਣਾਂ ਹਨ: 1) ਗੁਰੂ ਜੀ ਤਰਕ ਤੇ ਗੋਸ਼ਟੀ ਨੂੰ ਬ੍ਰਾਹਮਣਵਾਦ ਦੀ ਚੁੰਗਲ ਵਿੱਚੋਂ ਕੱਢ ਕੇ ਜਨ-ਸਮੂਹ ਵਿੱਚ ਲੈ ਆਏ, ਲੋਕਾਂ ਦੀ ਭਾਸ਼ਾ ਵਿੱਚ, ਤੇ 2) ਤਰਕ ਤੇ ਗੋਸ਼ਟੀ ਵਿੱਚ ਚਲਾਕੀ ਦੀ ਜਗਾਹ ਦਿਆਨਤਦਾਰੀ ਫੂਕੀ।

ਗੁਰਬਾਣੀ ਵਿੱਚ ਸਿਰਫ਼ ਵਿਗਿਆਨਕ ਤਰਕ ਉਸਾਰਣ ਵਾਲੀਆਂ ਤੁਕਾਂ ਹੀ ਨਹੀਂ ਹਨ, ਬਲਕਿ ਵਿਗਿਆਨਕ ਤੱਤ ਨਾਲ ਭਰੀਆਂ ਤੁਕਾਂ ਵੀ ਹਨ।

ਗੁਰਬਾਣੀ ਵਿੱਚ ਵਿਗਿਆਨਕ ਕਾਵਿ - ਕੋਈ ਵੀ ਲਿਖਤ ਵਿਗਿਆਨਕ ਹੁੰਦੀ ਹੈ ਜੋ ਵਿਗਿਆਨ ਦੇ ਵਿਸ਼ਾ ਵਸਤੂ ਜਾਂ ਤੱਤ ਬਾਰੇ ਹੋਵੇ, ਵਿਗਿਆਨ ਤੇ ਮਨੁੱਖੀ ਸਮਾਜ ਦੇ ਇੱਕ ਦੂਜੇ ਉੱਪਰ ਪ੍ਰਸਪਰ ਪ੍ਰਭਾਵ ਬਾਰੇ ਹੋਵੇ, ਜਾਂ ਵਿਗਿਆਨਿਕ ਪਹੁੰਚ ਤੇ ਸੋਚਣੀ ਨੂੰ ਲਾਗੂ ਕਰੇ ਜਾਂ ਉਤਸ਼ਾਹਿਤ/ਪ੍ਰੋਤਸਾਹਿਤ ਕਰਦੀ ਹੋਈ ਉਹਨੂੰ ਅੱਗੇ ਵਧਾਉਣ ਵਿੱਚ ਯੋਗਦਾਨ ਪਾਵੇ। 'ਵਿਗਿਆਨਕ ਪਹੁੰਚ' ਚੀਜ਼ਾਂ ਤੇ ਮਸਲਿਆਂ ਪ੍ਰਤੀ ਅਪਣਾਈ ਅਜੇਹੀ ਪਹੁੰਚ ਹੁੰਦੀ ਹੈ ਜੋ ਵਿਗਿਆਨਕ ਵਿਧੀ 'ਤੇ ਆਧਾਰਿਤ ਹੋਵੇ। ਵਿਗਿਆਨਕ ਵਿਧੀ, ਅਜੇਹੀ ਵਿਧੀ ਹੈ ਜਿਸਦੇ ਤਹਿਤ ਭੌਤਿਕ ਪ੍ਰਮਾਣ ਜਾਂ ਪੁਸ਼ਟੀ ਤੇ ਸਬੂਤ ਦੇ ਆਧਾਰ ਉੱਪਰ ਯੋਜਨਾਬੱਧ ਤਰੀਕੇ ਨਾਲ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਇਸ ਵਿਧੀ ਅਧੀਨ ਕਿਸੇ ਵਿਚਾਰ-ਗੋਚਰੀ ਚੀਜ਼, ਵਰਤਾਰੇ, ਜਾਂ ਸਮੱਸਿਆ ਦੀ ਨਜ਼ਰਸਾਨੀ ਜਾਂ ਨਿਰੀਖ਼ਣ ਦੌਰਾਨ ਇਕੱਤਰ ਕੀਤੇ ਤੱਥਾਂ ਤੇ ਗਿਣਤੀਆਂ-ਮਿਣਤੀਆਂ ਨੂੰ ਅੰਕੜੇ ਕਿਹਾ ਜਾਂਦਾ ਹੈ। ਇਨ੍ਹਾਂ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਤਰਕਸ਼ੀਲ ਢੰਗਾਂ ਨਾਲ ਨਤੀਜਿਆਂ 'ਤੇ ਪਹੁੰਚਿਆ ਜਾਂਦਾ ਹੈ, ਸੱਚ ਲੱਭਣ ਲਈ। ਵਿਗਿਆਨਕ ਪਹੁੰਚ ਦੇ ਨਜ਼ਰੀਏ ਤੋਂ ਚੀਜ਼ਾਂ, ਚੀਜ਼ਾਂ ਦੇ ਆਪਸੀ ਸਬੰਧਾਂ, ਵਰਤਾਰਿਆਂ, ਸਮੱਸਿਆਵਾਂ, ਸਮੱਸਿਆਵਾਂ ਦੇ ਹੱਲਾਂ ਬਾਰੇ ਸੋਚਣ ਢੰਗ ਨੂੰ ਹੀ ਵਿਗਿਆਨਕ ਸੋਚ ਜਾਂ ਵਿਗਿਆਨਕ ਸੋਚਣੀ ਕਿਹਾ ਜਾਂਦਾ ਹੈ।

ਭਾਵੇਂ ਸਮੁੱਚੇ ਰੂਪ ਵਿੱਚ ਅਧਿਆਤਮਵਾਦ ਦੇ ਘੇਰੇ ਵਿੱਚ ਹੀ ਸਹੀ, ਗੁਰੂ ਨਾਨਕ ਜੀ ਤੇ ਪੰਜਾਬ ਜਾਗਰਿਤੀ ਲਹਿਰ ਦੇ ਹੋਰ ਸੰਚਾਲਕਾਂ ਦੀ ਵਿਗਿਆਨਕ ਸੋਚ ਗੁਰਬਾਣੀ ਵਿੱਚ ਥਾਂ ਥਾਂ ਪ੍ਰਗਟ ਹੁੰਦੀ ਹੈ। ਗੁਰਬਾਣੀ ਵਿੱਚ ਅਜੇਹੀਆ ਟੂਕਾਂ ਵੀ ਮਿਲਦੀਆਂ ਹਨ, ਜੋ ਬਿਨ੍ਹਾਂ ਕਿਸੇ ਅਧਿਆਤਮਵਾਦ ਦੇ ਘੇਰੇ ਤੋਂ, ਆਪਣੇ ਆਪ ਵਿੱਚ ਹੀ ਪੂਰੀਆਂ ਵਿਗਿਆਨਕ ਕਾਵਿ ਟੂਕਾਂ ਨੇ। ਮਿਸਾਲ ਵਜੋਂ, ਭਗਤ ਕਬੀਰ ਜੀ ਗੁਰਬਾਣੀ ਵਿੱਚ ਸਰਾਧਾਂ ਦਾ ਵਿਗਿਆਨਕ ਤਰਕ ਨਾਲ ਖ਼ੰਡਨ ਕਰਦੇ ਨੇ:

**"ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ।**
**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ।"**

(ਪੰਨਾ ੩੩੨)

**ਭਾਵ:** ਜੀਉਂਦੇ ਮਾਤਾ ਪਿਤਾ ਦੀ ਕੋਈ ਸੇਵਾ ਨਹੀਂ ਕਰਦਾ ਹੈ, ਪਰ ਮਰਨ ਉਪਰੰਤ ਉਨ੍ਹਾਂ ਦਾ ਸਰਾਧ ਕਰਵਾਉਂਦੇ ਨੇ, ਯਾਨਿ ਕੇ ਬ੍ਰਾਹਮਣਾਂ ਨੂੰ ਭੋਜਨ ਛਕਾਉਣਾ, ਤੇ (ਰਹਿੰਦਾ ਖੂੰਹਦਾ) ਕਾਂ ਕੁੱਤੇ ਖਾ ਜਾਂਦੇ ਨੇ। ਵਿਚਾਰੇ ਪਿਤਰਾਂ ਕੀ ਮਿਲਦਾ ਹੈ?

**ਵਿਚਾਰਣ ਲਈ ਪ੍ਰਸ਼ਨ:** ਅੱਜ ਦਾ ਕੌੜਾ ਸੱਚ ਇਹ ਵੀ ਹੈ ਕਿ ਸਰਾਧ ਪ੍ਰਥਾ ਕਿਸੇ ਨਾ ਕਿਸੇ ਰੂਪ ਵਿੱਚ ਸਿੱਖ ਪਰਿਵਾਰਾਂ ਵਿੱਚ ਵੀ ਚੱਲਦੀ ਆ ਰਹੀ ਹੈ; ਭੋਜਨ ਚਾਹੇ ਬ੍ਰਾਹਮਣਾਂ ਨੂੰ ਜਾਂ ਬ੍ਰਾਹਮਣਾਂ ਦੀ ਜਗ੍ਹਾ ਸਿੱਖਾਂ ਨੂੰ ਛਕਾ ਦਿੱਤਾ ਜਾਂਦਾ ਹੈ। ਮਨ ਵਿੱਚ ਵਿਚਾਰੋ: ਕਿਉਂ?

ਬੰਦੇ ਨੂੰ ਕੀ ਖਾਣਾ ਚਾਹੀਦਾ, ਕੀ ਨਹੀ; ਇਸ ਬਾਰੇ ਵਿਗਿਆਨਕ ਪਹੁੰਚ ਅਪਣਾਉਂਦੇ ਗੁਰੂ ਨਾਨਕ ਜੀ ਫ਼ਰਮਾਉਂਦੇ ਨੇ:

**"ਬਾਬਾ ਹੋਰੁ ਖਾਣਾ ਖੁਸੀ ਖੁਆਰੁ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥"**

(ਪੰਨਾ ੧੬-੧੭)

**ਭਾਵ:** ਉਹ ਪਦਾਰਥ ਖਾਣੇ ਤਾਂ ਖ਼ੁਸ਼ੀ ਨਸ਼ਟ ਕਰਨ ਦੇ ਸਮਾਨ ਹੈ, ਜਿਨ੍ਹਾਂ ਦੇ ਖਾਧਿਆਂ ਸਰੀਰ ਰੋਗੀ ਹੋ ਜਾਵੇ ਤੇ ਮਨ ਵਿਚ ਬੁਰੇ ਖ਼ਿਆਲ ਆਉਣ ਲੱਗ ਪੈਣ।

ਉਪਰੋਤਕ ਕਾਵਿ ਟੂਕ ਸ਼ੁੱਧ ਵਿਗਿਆਨਕ ਕਾਵਿ ਦਾ ਨਮੂਨਾ ਹੈ ਕਿਉਂਕਿ ਇਹ ਟੂਕ ਅੰਕੜਿਆਂ 'ਤੇ ਆਧਾਰਿਤ ਭੌਤਿਕ ਸਚਾਈ ਉੱਪਰ ਖੜ੍ਹੀ ਹੈ; ਇਹ ਵਿਗਿਆਨ ਦੁਆਰਾ ਠੀਕ ਸਿੱਧ ਕੀਤੀ ਜਾ ਚੁੱਕੀ ਸਚਾਈ ਹੈ ਕਿ ਗ਼ਲਤ ਭੋਜਨ ਤਨ ਤੇ ਮਨ ਦੋਹਾਂ ਨੂੰ ਬੀਮਾਰ ਕਰਦਾ ਹੈ। ਵਿਗਿਆਨੀਆਂ ਤੇ ਫ਼ਿਲਾਸਫ਼ਰਾਂ ਨੇ ਚਿਰ ਤੋਂ ਕਿਆਸਿਆ ਹੈ ਕਿ ਬ੍ਰਹਿਮੰਡ ਦੇ ਆਕਾਰ ਦਾ ਕੋਈ ਅੰਤ ਨਹੀਂ; ਹੁਣ ਵਿਗਿਆਨ ਦੇ ਜਰੀਏ ਅਸੀਂ ਜਾਣਦੇ ਹਾਂ ਕਿ ਬ੍ਰਹਿਮੰਡ ਵਿੱਚ ਅਰਬਾਂ ਹੀ ਗੈਲੈਕਸੀਆਂ ਹਨ। ਐਸਾ ਹੀ ਵਿਗਿਆਨਕ ਵਿਚਾਰ ਪੇਸ਼ ਕਰਦੇ ਗੁਰੂ ਨਾਨਕ ਜੀ ਕਹਿੰਦੇ ਹਨ:

**"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥**
**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥"**

(ਪੰਨਾ ੫)

**ਭਾਵ**: ਪਾਤਾਲਾਂ ਦੇ ਹੇਠ ਹੋਰ ਲੱਖਾਂ ਪਾਤਾਲ ਹਨ ਅਤੇ ਆਕਾਸ਼ਾਂ ਦੇ ਉੱਤੇ ਹੋਰ ਲੱਖਾਂ ਆਕਾਸ਼ ਹਨ, (ਬੇਅੰਤ ਰਿਸ਼ੀ ਮੁਨੀ ਇਹਨਾਂ ਦਾ) ਅੰਤ ਭਾਲ ਦੇ ਥੱਕ ਗਏ, ਪਰ ਅਸਫ਼ਲ।

ਅਤੇ:

**"ਖੰਡ ਪਤਾਲ ਅਸੰਖ ਮੈ ਗਣਤ ਨਾ ਹੋਈ॥"**

(ਪੰਨਾ ੧੨੮੩)

ਗੁਰਬਾਣੀ ਵਿੱਚ ਅਨੇਕਾਂ ਐਸੀਆਂ ਤੁਕਾਂ ਨੇ ਜੋ ਅਧਿਆਤਮਵਾਦ ਦੇ ਘੇਰੇ ਵਿੱਚ ਹਨ, ਪਰ ਜੇ ਇੱਕ ਵਿਗਿਆਨਕ ਕੋਡ ਤੇ ਕੋਡ-ਕੁੰਜੀ ਵਰਤੋ, ਤਾਂ ਉਹ ਆਪਣੇ-ਆਪ ਹੀ ਸ਼ੁੱਧ ਵਿਗਿਆਨਕ ਤੁਕਾਂ ਵਿੱਚ ਵਟ ਜਾਂਦੀਆਂ ਨੇ।

**ਗੁਰਬਾਣੀ ਦੇ ਵਿਗਿਆਨਕ ਕੋਡ ਤੇ ਕੋਡ**-ਕੁੰਜੀ ਦੀ ਖ਼ੋਜ- ਗੁਰਬਾਣੀ ਵਿਗਿਆਨਕ ਖ਼ਿਆਲਾਂ ਦਾ ਗੁੱਝਾ ਖ਼ਜ਼ਾਨਾ ਹੈ। ਇਸ ਅਧਿਆਏ ਵਿੱਚ ਹੁਣ ਤੱਕ ਮੈਂ ਗੁਰਬਾਣੀ ਵਿੱਚੋਂ ਤਰਕ ਤੇ ਤੱਤ ਦੇ ਰੂਪਾਂ ਵਿੱਚ ਪ੍ਰਗਟ ਵਿਗਿਆਨਕ ਖ਼ਿਆਲਾਂ ਦੀਆਂ ਕੁਛ ਉਦਾਹਰਣਾਂ ਦਿੱਤੀਆਂ ਹਨ; ਹੋਰ ਵੀ ਦਿੱਤੀਆਂ ਜਾ ਸਕਦੀਆਂ ਨੇ। ਪਰ ਗੁਰਬਾਣੀ ਵਿੱਚ ਇੱਕ ਕੋਡ, ਯਾਨੀ ਸੰਕੇਤ, ਸ਼ਬਦ ਹੈ, ਜਿਹਦਾ ਜੇ ਸਹੀ ਵਿਗਿਆਨਕ ਅਰਥ ਲੱਭ ਲਿਆਂ ਜਾਵੇ, ਉਸ ਅਰਥ ਨੂੰ ਕੁੰਜੀ ਵਾਂਗ ਵਰਤ ਕੇ ਗੁਰਬਾਣੀ ਦਾ ਜੰਦਰਾ ਖੋਲ੍ਹਿਆ ਜਾ ਸਕਦਾ ਹੈ। ਇੰਝ ਜੰਦਰਾ ਖੋਲ੍ਹਿਆਂ, ਗੁਰਬਾਣੀ ਵਿੱਚੋਂ ਸ਼ੁੱਧ ਵਿਗਿਆਨਕ ਖ਼ਿਆਲਾਂ ਦੀ ਇੱਕ ਧਾਰਾ ਵਹਿ ਤੁਰਦੀ ਹੈ, ਬਿਨ੍ਹਾ ਅਧਿਆਤਮਵਾਦ ਦੇ ਘੇਰੇ ਤੋਂ।

**ਇਹ ਕੋਡ ਸ਼ਬਦ ਹੈ**: ਸਿਰਜਨਹਾਰ, ਜਿਹਦੇ ਗੁਣ ਗੁਰਬਾਣੀ ਦੇ ਮੂਲਮੰਤਰ ਵਿੱਚ ਅੰਕਿਤ ਕੀਤੇ ਗਏ ਨੇ, ਜਿਵੇਂ ਉਹ ਬ੍ਰਹਿਮੰਡ ਦਾ ਸਿਰਜਨਹਾਰ, ਸਰਬ ਵਿਆਪਕ, ਨਿਰੰਕਾਰ, ਤੇ ਅਕਾਲ ਹੈ, ਪਰ ਉਹਨੂੰ ਕੋਈ ਖ਼ਾਸ ਨਾਮ ਨਹੀਂ ਦਿੱਤਾ ਗਿਆ। ਜੇ ਵਿਗਿਆਨ ਦਾ ਜੰਦਰਾ ਖੋਲ੍ਹਣ ਲਈ, ਕੁੰਜੀ ਵਜੋਂ 'ਸਿਰਜਨਹਾਰ' ਨੂੰ 'ਮਾਦਾ' (ਮੈਟਰ) ਜਾਂ 'ਊਰਜਾ' ਦਾ ਨਾਮ ਦੇ ਦੇਈਏ ਤਾਂ ਗੁਰਬਾਣੀ ਦੀਆਂ ਅਨੇਕਾਂ ਟੂਕਾਂ ਤੇ ਖ਼ਿਆਲ ਆਪਣੇ-ਆਪ ਹੀ, ਥੋਕ ਵਿੱਚ, ਧੜਾਧੜ, ਸ਼ੁੱਧ ਵਿਗਿਆਨਕ ਟੂਕਾਂ ਤੇ ਵਿਗਿਆਨਕ ਖ਼ਿਆਲਾਂ ਵਿੱਚ ਵੱਟ ਜਾਣ, ਅੱਖ ਦੇ ਫੋਰ 'ਚੇ। ਮਿਸਾਲ ਵਜੋਂ, ਆਓ ਕੁਝ ਟੂਕਾਂ ਵਿਚਾਰੀਏ:

ਗੁਰੂ ਨਾਨਕ ਜੀ ਦੇ ਬ੍ਰਹਿਮੰਡ ਦੀ ਉਤਪੱਤੀ ਉੱਪਰ ਵਿਚਾਰ ਪੇਸ਼ ਕਰਦੇ ਨੇ:

**"ਕੀਤਾ ਪਸਾਉ ਏਕੋ ਕਵਾਉ॥**
**ਤਿਸ ਤੇ ਹੋਏ ਲਖ ਦਰੀਆਉ॥"**

(ਪੰਨਾ ੩)

**ਭਾਵ**: ਬ੍ਰਹਿਮੰਡ ਦਾ ਪਸਾਰ ਇੰਜ ਹੋਇਆ ਜਿਵੇਂ ਇੱਕੋ ਹੀ ਖ਼ੂਹ ਦੇ ਵਿੱਚੋਂ ਲੱਖਾਂ ਦਰਿਆ ਫੁੱਟ ਤੁਰਨ। ਖ਼ੂਹ ਦਾ ਮਤਲਬ ਇੱਥੇ ਹੈ: ਸਿਰਜਨਹਾਰ। ਜੇ ਸਿਰਜਨਹਾਰ ਨੂੰ 'ਊਰਜਾ' ਕਹਿ ਲਈਏ, ਤਾਂ ਉਪਰੋਕਤ ਟੂਕ ਵਿਗਿਆਨਕ ਕਾਵਿ ਬਣ ਜਾਂਦੀ ਹੈ, ਕਿਉਂਕਿ ਵਿਗਿਆਨ ਦੀ ਖੋਜ, ਜਿਸ ਵਿੱਚ ਮੈਂ ਖ਼ੁਦ ਹਿੱਸਾ ਲਿਆ ਹੈ, ਅਨੁਸਾਰ ਬ੍ਰਹਿਮੰਡ

ਦੀ ਉਤਪੱਤੀ ਊਰਜਾ ਅਤੇ ਊਰਜਾ ਤੋਂ ਉਪਜੇ ਉਂਗਲਾਂ 'ਤੇ ਗਿਣੇ ਜਾ ਸਕਣ ਜੋਗੇ ਅਣੂਆਂ (ਮਾਦਾ) ਤੋਂ ਸ਼ੁਰੂ ਹੋਈ, ਜੋ ਅਨੇਕਾਂ ਕਿਸਮ ਦੀ ਊਰਜਾ ਅਤੇ ਅਣਗਿਣਤ ਕਿਸਮਾਂ ਦੇ ਪਦਾਰਥਾਂ ਵਿੱਚ ਵੱਟ ਗਏ।

ਬ੍ਰਹਿਮੰਡ ਦੀ ਸਿਰਜਨਾ ਬਾਰੇ ਹੀ ਗੁਰੂ ਅਰਜਨ ਜੀ ਫ਼ਰਮਾਉਂਦੇ ਨੇ:

**"ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥**
**ਕਈ ਕੋਟਿ ਕੀਨੇ ਬਹੁ ਭਾਤਿ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥"**

(ਪੰਨਾ ੨੭੬)

ਭਾਵ: (ਸਿਰਜਨਹਾਰ ਤੋਂ) ਕਈ ਵਾਰੀ ਬ੍ਰਹਿਮੰਡ ਰਚਨਾ ਹੋਈ ਹੈ, (ਆਪਾ ਸਮੇਟ ਕੇ) ਹਰ ਵਾਰ ਆਪ ਹੀ ਹੋ ਜਾਂਦਾ ਹੈ; ਸਿਰਜਨਹਾਰ ਨੇ ਕਈ ਕਿਸਮਾਂ ਦੇ ਕਰੋੜਾਂ ਹੀ ਜੀਵ ਪੈਦਾ ਕੀਤੇ ਹੋਏ ਹਨ, ਜੋ ਸਿਰਜਨਹਾਰ ਤੋਂ ਪੈਦਾ ਹੋ ਕੇ, ਫਿਰ ਸਿਰਜਨਹਾਰ ਵਿਚ ਲੀਨ ਹੋ ਜਾਂਦੇ ਹਨ।

ਉਪਰੋਕਤ ਟੂਕ ਤੇ ਵਿਆਖਿਆ ਵਿੱਚ ਸਿਰਜਨਹਾਰ (ਜਾਂ ਪ੍ਰਭੂ) ਦੀ ਥਾਂ ਊਰਜਾ (ਜਾਂ ਮਾਦਾ) ਲਿਖ ਦਿਓ, ਤਾਂ ਇਹ ਬ੍ਰਹਿਮੰਡ ਬਾਰੇ ਦਰੁਸਤ ਵਿਗਿਆਨਕ ਬਿਆਨ ਬਣ ਜਾਂਦੀ ਹੈ। ਬ੍ਰਹਿਮੰਡ ਬਾਰੇ ਇਕ ਵਿਗਿਆਨਕ ਮਾਡਲ ਅਨੁਸਾਰ, ਹੁਣ ਸਾਡਾ ਬ੍ਰਹਿਮੰਡ ਪਸਰ ਰਿਹਾ ਹੈ; ਕਾਫ਼ੀ ਪਸਰਣ ਤੋਂ ਬਾਅਦ ਇਹ ਆਪਣੀ ਹੀ ਗੁਰੂਤਾ ਖਿੱਚ ਕਾਰਣ ਸੁੰਘੜਨਾ ਸ਼ੁਰੂ ਕਰ ਦਏਗਾ; ਤੇ ਆਖ਼ਿਰਕਾਰ ਸਿਰਫ਼ ਮਾਦੇ ਤੇ ਊਰਜਾ ਦੇ ਰੂਪ ਵਿੱਚ ਇੱਕ ਬਿੰਦੂ ਤੱਕ ਸੁੰਘੜ ਜਾਏਗਾ; ਤੇ ਇਹ ਬਿੰਦੂ ਫਟ ਕੇ ਬ੍ਰਹਿਮੰਡ ਨੂੰ ਦੁਬਾਰਾ ਸ਼ੁਰੂ ਕਰ ਸਕਦਾ ਹੈ, ਜੋ ਪਸਰਣਾ ਸ਼ੁਰੂ ਹੋ ਜਾਏਗਾ; ਤੇ ਇੰਝ ਪਸਰਣ ਤੇ ਸੁੰਘੜਣ ਦਾ ਚੱਕਰ ਚੱਲਦਾ ਰਹੇਗਾ।

ਇਕ ਹੋਰ ਮਿਸਾਲ ਵਜੋਂ, ਗੁਰੂ ਨਾਨਕ ਖੋਜੀ ਦੀ ਸਿਫ਼ਤ ਕਰਦੇ ਹੋਏ ਕਹਿੰਦੇ ਨੇ:

**ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ** (ਪੰਨਾ 1255)

ਭਾਵ: ਸਿਰਜਨਹਾਰ (ਮਾਦੇ) ਦੀ ਖੋਜ (ਨਾ ਕਿ ਪੂਜਾ) ਕਰਨ ਵਾਲਾ ਮਨੁੱਖ ਆਤਮਕ ਜਨਮ ਲੈਂਦਾ ਹੈ, ਪਰ (ਨਿੱਤ ਮਾਇਆ/ਦੁਨੀਆਵੀ) ਝਗੜੇ ਕਰਨ ਵਾਲਾ ਬੰਦਾ ਆਤਮਕ ਮੌਤੇ ਮਰ ਜਾਂਦਾ ਹੈ। ਇਹ ਕਥਨ ਵਿਗਿਆਨਕ ਸੋਚ ਦਾ ਪ੍ਰਤੀਕ ਹੈ।

ਇੱਥੇ ਹੀ ਬੱਸ ਨਹੀਂ, ਇਹ ਕੁੰਜੀ (ਸਿਰਜਨਹਾਰ = ਊਰਜਾ ਜਾਂ ਮਾਦਾ) ਗੁਰਬਾਣੀ ਦੇ ਧੁਰੇ, ਮੂਲਮੰਤਰ, ਨੂੰ ਵਿਗਿਆਨ ਦੇ ਇੱਕ ਕੇਂਦਰੀ ਸਿਧਾਂਤ ਵਿੱਚ ਬਦਲ ਦਿੰਦੀ ਹੈ। ਇਹ ਵਿਸਤਾਰ ਸਹਿਤ ਅਸੀਂ ਪਿਛਲੇ ਅਧਿਆਏ ਵਿੱਚ ਵੇਖ ਚੁਕੇ ਹਾਂ।

ਆਖਰ ਵਿੱਚ ਅਸੀਂ 'ਆਰਤੀ' ਦੀ ਉਦਾਹਰਣ ਵਿਚਾਰਦੇ ਹਾਂ। ਹਿੰਦੂ ਮਤ ਅਨੁਸਾਰ ਦੇਵਤੇ ਦੀ ਮੂਰਤੀ, ਜਾਂ ਕਿਸੇ ਹੋਰ ਪੂਜਨੀਕ, ਅੱਗੇ ਥਾਲ ਵਿੱਚ ਜਲਦੇ ਦੀਵੇ ਆਦਿ ਰੱਖ ਕੇ ਘੁਮਾਉਣ ਦੀ ਪੂਜਾ ਰੀਤ ਨੂੰ ਆਰਤੀ ਕਿਹਾ ਜਾਂਦਾ ਹੈ। ਗੁਰੂ ਨਾਨਕ ਜੀ ਵਿਗਿਆਨਕ ਸੋਚ ਸੰਗ ਇਸ ਪੂਜਾ ਰੀਤ ਨੂੰ ਨਿਕਾਰਦੇ ਹੋਏ ਕੁਦਰਤ ਵਿੱਚ ਆਪਣੇ-ਆਪ, ਦੇਵਤਿਆਂ ਦੀ ਥਾਂ ਕੁਦਰਤ-ਰਚਨਾ ਦੀ, ਹੋ ਰਹੀ ਆਰਤੀ ਵੱਲ ਇਸ਼ਾਰਾ ਕਰਦੇ ਨੇ:

**"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**

**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥**
**ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥**
**ਅਨਹਤਾ ਸਬਦ ਵਾਜੰਤ ਭੇਰੀ॥"**

(ਪੰਨਾ ੬੬੩)

**ਭਾਵ**: ਸਾਰਾ ਅਸਮਾਨ ਥਾਲ ਹੈ, (ਜਿਸ ਵਿਚ) ਸੂਰਜ ਤੇ ਚੰਦ ਦੀਵੇ ਬਣੇ ਹੋਏ ਹਨ ਅਤੇ ਤਾਰਿਆਂ ਦੇ ਸਮੂਹ ਜਿਵੇਂ ਥਾਲ ਵਿੱਚ ਰੱਖੇ ਹੋਏ ਮੋਤੀ ਹੋਣ। ਮਲਯ (ਅਨਲੋ) ਪਰਬਤ ਵਲੋਂ ਆਉਂਦੀ ਹਵਾ (ਧੁਖ ਰਹੇ) ਧੂਫ਼ ਤੇ ਚੌਰ ਦਾ ਕੰਮ ਕਰ ਰਹੀ ਹੈ। ਸਾਰੀ (ਕੁਦਰਤੀ) ਬਨਸਪਤੀ ਇਸ ਜੋਤ (ਆਰਤੀ) ਲਈ ਫੁੱਲ ਦੇ ਰਹੀ ਹੈ। ਸਿਰਜਨਹਾਰ ਦੀ (ਕੁਦਰਤ ਵਿਚ) ਇਹ ਕੈਸੀ ਸੁੰਦਰ ਆਰਤੀ ਹੋ ਰਹੀ ਹੈ! ਇੱਕ-ਰਸ ਜੀਵਨ-ਰੌਅ ਵਿੱਚ ਆਰਤੀ ਵਾਸਤੇ ਨਗਾਰੇ ਵੱਜ ਰਹੇ ਹਨ।

ਇਹ ਆਰਤੀ ਕਿਸੇ ਦੇਵੀ ਦੇਵਤੇ ਦੀ ਨਹੀਂ, ਸਗੋਂ ਸਿਰਜਨਹਾਰ ਦੀ ਆਪਣੇ ਰੂਪ ਵਿੱਚ ਸਿਰਜੀ ਹੋਈ ਰਚਨਾ/ਜ਼ਿੰਦਗੀ ਦੀ ਹੈ:

**"ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥**
**ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥"**

(ਪੰਨਾ ੬੬੩)

**ਭਾਵ**: ਤੇਰੀਆਂ ਅਨੇਕਾਂ ਅੱਖਾਂ ਹਨ (ਪਰ, ਨਿਰਾਕਾਰ ਹੋਣ ਕਰ ਕੇ) ਤੇਰੀਆਂ ਕੋਈ ਅੱਖਾਂ ਨਹੀਂ। ਹਜ਼ਾਰਾਂ ਤੇਰੀਆਂ ਸ਼ਕਲਾਂ ਹਨ, ਪਰ ਤੇਰੀ ਕੋਈ ਭੀ ਸ਼ਕਲ ਨਹੀਂ ਹੈ। ਤੇਰੇ ਅਨੇਕਾਂ ਸੋਹਣੇ ਪੈਰ ਹਨ, ਪਰ (ਨਿਰਾਕਾਰ ਹੋਣ ਕਰ ਕੇ) ਤੇਰਾ ਇੱਕ ਵੀ ਪੈਰ ਨਹੀਂ। ਅਨੇਕਾਂ ਤੇਰੇ ਨੱਕ ਹਨ, ਪਰ ਤੂੰ ਨੱਕ ਤੋਂ ਬਿਨਾ ਵੀ ਹੈਂ। ਤੇਰੇ ਅਜੇਹੇ ਕੌਤਕਾਂ ਨੇ ਮੈਨੂੰ ਹੈਰਾਨ ਕੀਤਾ ਹੋਇਆ ਹੈ। ਇਥੇ ਮਨੁੱਖ ਤੇ ਹੋਰ ਅਣਗਣਿਤ ਜੀਵਾਂ ਦੀਆਂ ਸ਼ਕਲਾਂ ਦਾ ਹਵਾਲਾ ਹੈ।

ਭਾਵੇਂ ਸਿਰਜਨਹਾਰੇ ਦਾ ਜ਼ਿਕਰ ਹੈ, ਪਰ ਉਪਰੋਤਕ ਟੂਕਾਂ ਕੁਦਰਤੀ ਭੌਤਿਕ ਚੀਜ਼ਾਂ ਤੇ ਵਰਤਾਰਿਆਂ ਉੱਪਰ ਪ੍ਰਮਾਣਿਕ ਸਚਾਈ 'ਤੇ ਆਧਾਰਿਤ ਹਨ, ਕਿਸੇ ਅੰਧਵਿਸ਼ਵਾਸ ਜਾਂ ਪਾਖੰਡ ਉੱਪਰ ਨਹੀਂ। ਇਸ ਲਈ ਇਹਨਾਂ ਟੂਕਾਂ ਨੂੰ ਅਸੀਂ ਅਧਿਆਤਮਵਾਦ ਦੇ ਘੇਰੇ ਰਚੇ ਵਿਗਿਆਨਕ ਕਾਵਿ ਦਾ ਨਾਮ ਦੇ ਸਕਦੇ ਹਾਂ। ਜੇ ਸ਼ਬਦ 'ਸਿਰਜਨਹਾਰ' ਦੀ ਥਾਂ 'ਮਾਦਾ ਤੇ ਮਾਦੇ ਦੇ ਨਿਯਮ' ਵਰਤ ਲਈਏ, ਤਾਂ ਇਹ ਕਾਵਿ ਸੁਧਾ ਵਿਗਿਆਨਕ ਕਾਵਿ ਬਣ ਜਾਂਦਾ ਹੈ, ਬਿਨਾਂ ਕਿਸੇ ਅਧਿਆਤਮਵਾਦ ਦੇ ਘੇਰੇ ਤੋਂ, ਕਿਉਂਕਿ ਇਹ ਵਿਗਿਆਨਕ ਸਚਾਈ ਹੈ ਕਿ ਕੁਦਰਤ ਵਿੱਚ ਸਾਰੀਆਂ ਚੀਜ਼ਾਂ ਮਾਦੇ ਤੋਂ ਮਾਦੇ ਦੇ ਨਿਯਮਾਂ ਅਨੁਸਾਰ ਬਣੀਆਂ ਹੋਈਆਂ ਨੇ ਤੇ ਮਾਦੇ ਦਾ ਹੀ ਵੱਖ ਵੱਖ ਰੂਪ ਹਨ।

**ਵਿਚਾਰਣ ਲਈ ਪ੍ਰਸ਼ਨ**: ਅੱਜ ਦਾ ਕੌੜਾ ਸੱਚ ਇਹ ਵੀ ਹੈ ਕਿ ਸਿੱਖ ਧਰਮ ਦੇ ਤਾਣੇ-ਬਾਣੇ ਅੰਦਰ ਵੀ ਆਰਤੀ ਦੇ ਪਾਖ਼ੰਡ ਨੂੰ ਨਕਾਰਨ ਵਾਲੇ ਇਸ ਸ਼ਬਦ ਨੂੰ ਪੜ੍ਹਦਿਆਂ ਹੀ ਥਾਲ ਵਿੱਚ ਦੀਵੇ ਬਾਲ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਆਰਤੀਆਂ ਹੋ ਰਹੀਆਂ ਨੇ। ਏਹੀ ਮਜ਼ਾਕ ਭਗਤ ਰਵਿਦਾਸ ਜੀ ਦੇ ਨਾਮ ਤੇ ਬਣੇ ਮੰਦਰਾਂ ਵਿੱਚ ਉਨ੍ਹਾਂ ਦਾ ਹੇਠਲੀ

ਤੁਕ ਵਾਲਾ ਸ਼ਬਦ ਪੜਦਿਆਂ ਵੀ ਕੀਤਾ ਜਾ ਰਿਹਾ ਹੈ:

**"ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥"**

(ਪੰਨਾ ੬੯੪)

**ਭਾਵ**: ਅਨਜਾਣ ਲੋਕ ਤੇਰੀ ਮੂਰਤੀ ਦੀ ਆਰਤੀ ਕਰਦੇ ਹਨ, ਪਰ ਮੇਰੇ ਲਈ, ਪ੍ਰਭੂ, ਤੇਰਾ ਨਾਮ ਹੀ ਆਰਤੀ ਹੈ; ਹੋਰ ਸਾਰੇ ਇਹ ਕੂੜ੍ਹ ਅਡੰਬਰ ਨੇ। ਮਨ ਵਿੱਚ ਵਿਚਾਰੋ: ਕਿਉਂ?

ਇਸ ਅਧਿਆਏ ਵਿੱਚ ਖੋਜੇ ਵਿਗਿਆਨਕ ਕੋਡ ਤੇ ਕੋਡ-ਕੁੰਜੀ ਦੁਆਰਾ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਦਾ ਵਿਗਿਆਨਕ ਖ਼ਿਆਲਾਂ, ਮਾਡਲਾਂ, ਤੇ ਨਿਯਮਾਂ ਵਿੱਚ ਵਿਗਿਆਨੀਕਰਣ ਹੋ ਜਾਣਾ ਇਸ ਸਚਾਈ ਦਾ ਪ੍ਰਗਟਾਵਾ ਹੈ ਕਿ ਗੁਰਬਾਣੀ ਵਿੱਚ ਐਸਾ ਤਰਕ ਤੇ ਤੱਤ ਵੀ ਹੈ ਜੋ ਅਧਿਆਮਤਵਾਦੀ ਘੇਰੇ ਵਿੱਚ ਰਹਿੰਦਾ ਹੋਇਆ ਵੀ ਵਿਗਿਆਨਕ ਸੋਚ ਨੂੰ ਹੱਥ ਲਾ ਆਉਂਦਾ ਹੈ। ਇੱਥੇ ਕਹਿਣਾ ਬਣਦਾ ਹੈ ਕਿ ਹਰੇਕ ਅਧਿਆਤਮਵਾਦੀ ਫ਼ਲਸਫ਼ੇ ਨਾਲ ਇੰਝ ਨਹੀਂ ਵਾਪਰਦਾ ਕਿ ਉਸ ਫ਼ਲਸਫ਼ੇ ਵਿੱਚੋਂ ਇੱਕ ਸ਼ਬਦ ਲਈ ਕੋਡ ਤੇ ਕੋਡ-ਕੁੰਜੀ ਲੱਭ ਲਵੋ, ਜਿਵੇਂ ਮੈਂ ਗੁਰਬਾਣੀ ਦੇ ਮਾਮਲੇ ਵਿੱਚ ਕੀਤਾ ਹੈ, ਤੇ ਉਸ ਫ਼ਲਸਫ਼ੇ ਦੇ ਅਧਿਆਤਮਵਾਦੀ ਘੇਰੇ ਵਿੱਚਲੀਆਂ ਅਨੇਕਾਂ ਟੂਕਾਂ ਤੇ ਖ਼ਿਆਲ, ਕੋਡ ਤੇ ਕੋਡ-ਕੁੰਜੀ ਨੂੰ ਲਾਗੂ ਕੀਤਿਆਂ, ਵਿਗਿਆਨਕ ਟੂਕਾਂ ਤੇ ਵਿਗਿਆਨਕ ਖ਼ਿਆਲਾਂ ਵਿੱਚ ਵਟ ਜਾਂਦੇ ਹਨ, ਅਤੇ ਫ਼ਲਸਫ਼ੇ ਦਾ ਧੁਰਾ ਵਿਗਿਆਨ ਦੇ ਇੱਕ ਕੇਂਦਰੀ ਸਿਧਾਂਤ ਵਿੱਚ, ਜਿਸ ਤਰ੍ਹਾਂ ਗੁਰਬਾਣੀ ਵਿੱਚ ਹੁੰਦਾ ਹੈ। ਇਹ ਸਭ ਕੁਛ ਏਨਾਂ ਮਾਮੂਲੀ (trivial) ਨਹੀਂ ਹੈ। ਗੁਰਬਾਣੀ ਵਿੱਚ ਇਸ ਭਾਣੇ ਦਾ ਵਾਪਰਨਾ ਇਸ ਸਚਾਈ ਦਾ ਪ੍ਰਗਟਾਵਾ ਹੈ ਕਿ ਖ਼ਾਸਕਰ ਗੁਰੂ ਨਾਨਕ ਦੀ, ਤੇ ਆਮ ਤੌਰ 'ਤੇ ਪੰਜਾਬ ਜਾਗਰਤੀ ਲਹਿਰ ਦੇ ਹੋਰ ਕਿੰਨੇ ਹੀ ਸੰਚਾਲਕਾਂ ਦੀ, ਸੋਚ ਤੇ ਪਹੁੰਚ ਵਿਗਿਆਨਕ ਤੇ ਭਵਿੱਖਮੁਖੀ ਸੀ, ਭਾਵੇਂ ਅਧਿਆਤਮਵਾਦ ਦੇ ਘੇਰੇ ਵਿੱਚ ਹੀ ਸਹੀ, ਯੂਰਪੀਅਨ ਰੇਨਾਸਾਂਸ ਮਾਨਵਵਾਦੀਆਂ ਵਾਂਗ ਹੀ। ਰੇਨਾਸਾਂਸ ਲਹਿਰ ਵਿੱਚ ਵਿਗਿਆਨ ਤੇ ਵਿਗਿਆਨਕ ਸੋਚ ਅਧਿਆਏ 7 ਵਿੱਚ ਵਿਚਾਰੀ ਜਾਏਗੀ।


**ਸਿੱਟੇ** : ਮੁੱਕਦੀ ਗੱਲ, ਸਿੱਖ ਲਹਿਰ ਸਣੇ ਪੰਜਾਬ ਜਾਗਰਤੀ ਲਹਿਰ ਦੇ ਸੰਚਾਲਕਾਂ ਨੇ ਆਪਣੇ ਜੀਵਨ ਤੇ ਬਾਣੀ ਦੋਵ੍ਹਾਂ ਵਿੱਚ ਤਰਕ ਨੂੰ ਲਹਿਰ ਦੇ ਉਦੇਸ਼ਾਂ ਲਈ ਜਾਣੇ/ਅਨਜਾਣੇ ਇੱਕ ਹਥਿਆਰ ਵਜੋਂ ਵਰਤਿਆ। ਤਰਕ ਅਤੇ ਵਿਗਿਆਨ ਵਿੱਚ ਬੜਾ ਗੂੜ੍ਹਾ ਰਿਸ਼ਤਾ ਹੁੰਦਾ ਹੈ; ਗੁਰਬਾਣੀ ਏਸ ਸਚਾਈ ਦੇ ਪ੍ਰਗਟਾਵੇ ਦਾ ਵਧੀਆ ਨਮੂਨਾ ਹੈ। ਗੁਰਬਾਣੀ ਵਿੱਚ ਅਜੇਹੀਆ ਟੂਕਾਂ ਵੀ ਮਿਲਦੀਆਂ ਨੇ, ਜੋ ਅਧਿਆਮਤਵਾਦ ਦੇ ਘੇਰੇ ਤੋਂ ਬਾਹਰ ਆਜ਼ਾਦਾਨਾ ਰੂਪ ਵਿੱਚ ਵਿਗਿਆਨਕ ਹਨ; ਅਜਿਹੀਆਂ ਤੁਕਾਂ ਵਿਗਿਆਨਕ ਤਰਕ ਉਸਾਰਦੀਆਂ ਨੇ, ਜਾਂ ਵਿਗਿਆਨਕ ਤੱਤ ਨਾਲ ਭਰੀਆਂ ਹੋਈਆਂ ਹਨ। ਇਸ ਅਧਿਆਏ ਵਿੱਚ ਪੇਸ਼ ਕੀਤਾ ਗੁਰਬਾਣੀ ਦਾ ਕੋਡ ਸ਼ਬਦ ਤੇ ਕੋਡ-ਕੁੰਜੀ ਲਾਗੂ ਕੀਤਿਆਂ ਗੁਰਬਾਣੀ ਦੀਆਂ ਅਨੇਕਾਂ ਅਧਿਆਤਮਵਾਦੀ ਘੇਰੇ ਵਿੱਚਲੀਆਂ ਤੁਕਾਂ ਤੇ ਖ਼ਿਆਲ ਵੀ ਵਿਗਿਆਨਕ ਤੁਕਾਂ ਤੇ ਵਿਗਿਆਨਕ ਖ਼ਿਆਲਾਂ ਵਿੱਚ ਵਟ ਜਾਂਦੇ ਹਨ। ਏਸ

ਵਿਗਿਆਨੀਕਰਣ ਦਾ ਮੁੱਖ ਕਾਰਣ ਹੈ ਗੁਰਬਾਣੀ ਦਾ ਧੁਰਾ ਸਮਝਿਆ ਜਾਂਦਾ ਗੁਰਬਾਣੀ ਦਾ ਮੂਲਮੰਤਰ, ਜੋ ਗੁਰਬਾਣੀ ਦਾ ਕੋਡ ਸ਼ਬਦ ਤੇ ਕੋਡ-ਕੁੰਜੀ ਲਾਗੂ ਕੀਤਿਆਂ ਵਿਗਿਆਨ ਦੇ ਇੱਕ ਕੇਂਦਰੀ ਸਿਧਾਂਤ ਵਿੱਚ ਵਟ ਜਾਂਦਾ ਹੈ। ਇਹ ਵਿਗਿਆਨੀਕਰਣ ਇਸ ਸਚਾਈ ਦਾ ਵੀ ਪ੍ਰਗਟਾਵਾ ਹੈ ਕਿ ਗੁਰਬਾਣੀ ਵਿੱਚ ਐਸਾ ਤਰਕ ਤੇ ਤੱਤ ਵੀ ਹੈ ਜੋ ਅਧਿਆਮਤਵਾਦੀ ਘੇਰੇ ਵਿੱਚ ਰਹਿੰਦਾ ਹੋਇਆ ਵੀ ਵਿਗਿਆਨਕ ਸੋਚ ਨੂੰ ਹੱਥ ਲਾ ਆਉਂਦਾ ਹੈ।


ਇਸ ਤੇ ਪਿਛਲੇ ਅਧਿਆਏ ਵਿੱਚ ਅਸੀਂ ਅਧਿਆਤਮਵਾਦੀ ਫ਼ਲਸਫ਼ੇ, ਵਿਗਿਆਨ, ਵਿਗਿਆਨਕ ਵਿਧੀ, ਵਿਗਿਆਨਕ ਸੋਚ, ਤੇ ਵਿਗਿਆਨੀਕਰਣ ਆਦਿ ਸੰਕਲਪਾਂ ਨੂੰ ਛੇੜਿਆ ਹੈ। ਇਹ ਵੱਡੀਆਂ ਗੱਲਾਂ ਨੇ, ਤੇ ਪਾਠਕਾਂ ਨੂੰ ਅਣਚਾਹਿਆਂ ਵੀ ਉਲਝਾਉਣ ਜਾਂ ਗ਼ੁੰਮਰਾਹ ਕਰਨ ਦੀ ਗੁੰਜਾਇਸ਼ ਰੱਖਦੀਆਂ ਹਨ। ਖ਼ਾਸਕਰ ਇਸ ਮਾਹੌਲ ਵਿੱਚ, ਜਿੱਥੇ ਅਨੇਕਾਂ ਪੰਜਾਬੀ ਚਿੰਤਕ, ਇਨ੍ਹਾਂ ਤੇ ਹੋਰ ਵਿਗਿਆਨਕ ਸੰਕਲਪਾਂ ਦੀਆਂ ਪ੍ਰੀਭਾਸ਼ਾਵਾਂ ਦਿੱਤੇ ਬਗ਼ੈਰ, ਜਾਂ ਗ਼ਲਤ ਪ੍ਰੀਭਾਸ਼ਾਵਾਂ ਪੇਸ਼ ਕਰਦੇ ਹੋਏ, ਇਨ੍ਹਾਂ ਵਿੱਚੋਂ ਕੁਝ ਸੰਕਲਪਾਂ ਨੂੰ ਰਲਗਡ ਕਰੇ ਰਹੇ ਹਨ, ਜਿਵੇਂ ਗਿਆਨ, ਵਿਗਿਆਨਕ ਸੋਚ, ਫ਼ਲਸਫ਼ੇ ਆਦਿ ਨੂੰ। ਇਸ ਅਤੇ ਪਿਛਲੇ ਅਧਿਆਏ ਵਿੱਚ ਪੇਸ਼ ਕੀਤੇ ਖ਼ਿਆਲਾਂ ਦਾ ਗ਼ਲਤ ਮਤਲਬ ਨਾ ਕੱਢਿਆ ਜਾ ਸਕੇ, ਅਗਲੇ ਅਧਿਆਏ ਵਿੱਚ, ਅਸੀਂ ਕੁਝ ਆਪਸੀ ਸਬੰਧਿਤ ਪਰ ਅਲੱਗ ਸੰਕਲਪਾਂ ਜਾਂ ਵਿਸ਼ਿਆਂ ਵਿਚਕਾਰ ਸਪਸ਼ਟ ਨਿਖੇੜਾ ਪੇਸ਼ ਕਰਦੇ ਹਾਂ।

# ਅਧਿਆਏ 6

## ਰਿਸ਼ਤਾ ਗੁਰੂ ਨਾਨਕ ਦੇਵ ਦਾ ਵਿਗਿਆਨ ਸੰਗ: ਵਿਗਿਆਨ, ਵਿਗਿਆਨਕ, ਤੇ ਅਧਿਆਤਮਵਾਦ ਵਿਚਕਾਰ ਨਿਖੇੜਾ



*ਵਿਲਿਅਮ ਹਰਸ਼ਲ (1738-1822) : 1785 ਵਿੱਚ ਆਕਾਸ਼ਗੰਗਾ ਦਾ ਵਿਗਿਆਨਕ ਅਧਿਐਨ ਇਹਦੇ ਵੱਖ-ਵੱਖ ਖਿਤਿਆਂ ਵਿੱਚ ਤਾਰਿਆਂ ਦੀ ਗਿਣਤੀ ਕਰਕੇ ਇਹਦੀ ਸ਼ਕਲ ਮਾਪਣ/ਵਿਆਖਣ ਦਾ ਕਾਰਜ ਆਰੰਭਿਆਂ।*



*ਮੀਲੇਟੁਸ ਦੇ ਥੇਲਜ਼ (624-546 ਈਸਾ ਪੂਰਵ): ਪਹਿਲੇ ਗਰੀਕ ਫ਼ਿਲਾਸਫ਼ਰ ਤੇ ਵਿਗਿਆਨੀ ਜਿਨ੍ਹਾਂ ਇਹ ਵਿਚਾਰ ਵਿਕਸਤ ਕੀਤਾ ਕਿ ਬ੍ਰਹਿਮੰਡ ਅਤੇ ਇਸ ਵਿਚਲੇ ਵਰਤਾਰਿਆਂ ਨੂੰ ਰੱਬ, ਧਰਮ ਤੇ ਮਿਥਹਾਸ ਦਾ ਸਹਾਰਾ ਲਏ ਬਿਨਾਂ ਹੀ ਸਮਝਿਆ ਜਾ ਸਕਦਾ ਹੈ।*

ਕਿਉਂਕਿ ਪਿਛਲੇ ਦੋ ਅਧਿਆਵਾਂ ਵਿੱਚ ਅਸੀ ਨਾਨਕਬਾਣੀ ਦੇ ਵਿਗਿਆਨ ਸੰਗ ਰਿਸ਼ਤੇ ਬਾਰੇ ਪੰਜਾਬੀ ਗੱਲਾਂ ਕੀਤੀਆਂ ਨੇ, ਇਸ ਅਧਿਆਏ ਵਿੱਚ ਅਸੀਂ ਵਿਗਿਆਨ, ਵਿਗਿਆਨਕ, ਤੇ ਅਧਿਆਤਮਵਾਦ ਆਦਿ ਦੇ ਸੰਕਲਪਾਂ ਵਿਚਕਾਰ, ਪ੍ਰੀਭਾਸ਼ਾਵਾਂ ਤੇ ਵਿਆਖਿਆਵਾਂ ਸਹਿਤ, ਸਪਸ਼ਟ ਨਿਖੇੜਾ ਕੀਤਾ ਹੈ, ਤਾਂ ਜੋ ਕੋਈ ਭੁਲੇਖਾ ਨਾ ਰਹਿ ਜਾਏ। ਇਹ ਸਪਸ਼ਟਤਾ ਤੇ ਨਿਖੇੜਾ ਜ਼ਰੂਰੀ ਹੈ ਕਿਉਂਕਿ ਇਸ ਕਿਤਾਬ ਵਿੱਚ ਪੰਜਾਬ

ਜਾਗਰਤੀ ਲਹਿਰ ਦੀ ਰੇਨਾਸਾਂਸ ਜਾਗਰਤੀ ਲਹਿਰ ਸੰਗ ਤੁਲਨਾ ਕੀਤੀ ਗਈ। ਰੇਨਾਸਾਂਸ ਲਹਿਰ ਤੇ ਇਹਦੀ ਵਾਰਿਸ ਪ੍ਰਬੋਧਨ ਲਹਿਰ ਵਿੱਚ ਫ਼ਲਸਫ਼ੇ ਦੇ ਨਾਲ ਨਾਲ ਵਿਗਿਆਨ ਨੇ ਵੀ ਮਹੱਤਵਪੂਰਨ ਰੋਲ ਨਿਭਾਇਆ। ਇਸ ਨਿਖੇੜੇ ਦੇ ਪ੍ਰਸੰਗ ਵਿੱਚ, ਅਸੀਂ ਵਿਚਾਰਦੇ ਹਾਂ ਕਿ ਕਿੰਝ ਵੱਖ ਵੱਖ ਉਦੇਸ਼ਾਂ ਕਾਰਣ ਫ਼ਲਸਫ਼ੇ, ਆਰਟ, ਅਤੇ ਵਿਗਿਆਨ ਦੇ ਕਾਰਜ, ਨਤੀਜੇ, ਤੇ ਪ੍ਰਭਾਵ ਵੱਖ ਵੱਖ ਹੀ ਹੁੰਦੇ ਨੇ। ਇੰਝ ਵੱਖ ਵੱਖ ਵੱਖ ਰਾਹਾਂ 'ਤੇ ਚੱਲਦਿਆਂ, ਫ਼ਲਸਫ਼ੇ ਦੇ ਮੁਕਾਬਲੇ ਵਿਗਿਆਨ ਵਿੱਚ ਨਿਸ਼ਚਿਤਤਾ (specificity), ਡੂੰਘਾਈ, ਤੇ ਸ਼ੁੱਧਤਾ (accuracy) ਦੇ ਵੱਖ ਪੱਧਰ 'ਤੇ ਮੰਗ ਤੇ ਲੋੜ ਨੂੰ ਵੀ ਵਿਚਾਰਿਆ ਗਿਆ ਹੈ।

**ਵਿਗਿਆਨ ਨਾਲ ਰੌਲ ਮਾਰ ਰਿਹਾ ਧਰਮ**- ਇੱਥੇ ਅਸੀਂ ਅਧਿਆਤਮਵਾਦ/ਧਰਮ ਤੇ ਵਿਗਿਆਨ ਨੂੰ ਰਲਗੱਡ ਕਰਦੀ ਪਹੁੰਚ ਦੀ ਸ਼ਿਕਾਰ ਸੋਚ ਦੀ ਇੱਕ ਮਿਸਾਲ ਨਾਲ ਸ਼ੁਰੂ ਕਰਦੇ ਹਾਂ। ਇੱਕ ਪੰਜਾਬੀ ਚਿੰਤਕ ਪੰਜਾਬੋਂ ਨਿੱਕਲਦੇ ਚੋਟੀ ਦੇ ਪੰਜਾਬੀ ਅਖ਼ਬਾਰ ਵਿੱਚ ਲਿਖਦੇ ਨੇ:

"ਵਿਗਿਆਨੀ ਹੌਲੀ-ਹੌਲੀ ਪ੍ਰਮਾਤਮਾ ਦੀ ਰਚਨਾ ਨੂੰ ਜਾਣਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਪੂਰੀ ਸ੍ਰਿਸ਼ਟੀ ਇੰਨੀ ਵਿਸ਼ਾਲ ਤੇ ਗੁੰਝਲਦਾਰ ਹੈ ਕਿ ਮਨੁੱਖ ਦੀ ਦ੍ਰਿਸ਼ਟੀ ਤੇ ਸਮਝ ਤੋਂ ਅੱਜ ਵੀ ਪਰ੍ਹੇ ਹੈ। ਵਿਗਿਆਨੀ ਪ੍ਰਮਾਤਮਾ ਦੀ ਰਚਨਾ ਦਾ ਅਧਿਐਨ ਕਰਦੇ ਹਨ ਅਤੇ ਰਚਨਾ ਦੇ ਰਹੱਸਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਜਿੰਨਾ ਜ਼ਿਆਦਾ ਉਹ ਸਿੱਖਦੇ ਹਨ, ਓਤਨੇ ਹੀ ਹੈਰਾਨ ਹੁੰਦੇ ਜਾਂਦੇ ਹਨ, ਪ੍ਰਮਾਤਮਾ ਦੇ ਰਹੱਸਾਂ ਬਾਰੇ।"

ਅਜੇਹੀ ਸੋਚ ਅਧਿਆਤਮਵਾਦ ਤੇ ਵਿਗਿਆਨ ਵਿੱਚਕਾਰ ਨਿਖ਼ੇੜਾ ਕਰਨ ਦੀ ਅਯੋਗਤਾ ਦਾ ਮੁਜ਼ਾਹਰਾ ਕਰਦੀ ਹੈ, ਜ਼ਾਹਰ ਤੌਰ 'ਤੇ ਵਿਗਿਆਨ ਤੇ ਅਧਿਆਤਮਵਾਦੀ/ ਆਦਰਸ਼ਵਾਦੀ ਫ਼ਲਸਫ਼ੇ ਪ੍ਰਤੀ ਬੇਸਮਝੀ ਜਾਂ ਗ਼ਲਤਫਹਿਮੀ ਕਾਰਣ। ਅਜੇਹੀ ਸੋਚ ਅਧਿਆਤਮਵਾਦੀ ਫ਼ਲਾਸਫ਼ਰਾਂ ਨੂੰ ਵਿਗਿਆਨੀਆਂ ਨਾਲ ਰਲਗੱਡ ਕਰ ਸਕਦੀ ਹੈ, ਤੇ ਕਰਦੀ ਹੈ। ਜਿਵੇਂ ਇਸ ਅਧਿਆਏ ਵਿੱਚ ਦਿਖਾਇਆ ਜਾਏਗਾ, ਵਿਗਿਆਨੀ ਦਾ ਕੰਮ ਪ੍ਰਮਾਤਮਾ ਦੀ ਰਚਨਾ ਦਾ ਅਧਿਐਨ ਕਰਨਾ ਅਤੇ ਰਚਨਾ ਤੇ ਪ੍ਰਮਾਤਮਾ ਦੇ ਰਹੱਸਾਂ ਬਾਰੇ ਹੈਰਾਨ ਹੋਣਾ ਨਹੀਂ ਹੁੰਦਾ; ਭਾਵ ਵਿਗਿਆਨੀਆਂ ਤੇ ਵਿਗਿਆਨ ਦੇ ਤਰਕ ਦੇ ਅਹਾਤੇ (premises) ਕੋਈ ਰੱਬ ਜਾਂ ਪਰਮ-ਆਤਮਾ ਨਹੀਂ ਹੁੰਦੀ। ਬਾਕੀ, ਸ੍ਰਿਸ਼ਟੀ ਦੀ ਵਿਸ਼ਾਲਤਾ ਤੇ ਗੁੰਝਲਦਾਰਤਾ ਨਾਲ ਵਿਗਿਆਨੀ ਕਈ ਢੰਗਾਂ ਨਾਲ ਨਜਿੱਠਦੇ ਨੇ। ਮਿਸਾਲ ਵਜੋਂ, ਵਿਸ਼ਾਲਤਾ ਦੇ ਸੰਦਰਭ ਵਿੱਚ, ਪਾਣੀ ਦੀ ਬਣਤਰ ਜਾਣਨ ਲਈ ਵਿਗਿਆਨੀ ਨੂੰ ਸਾਰਾ ਸਾਗਰ ਨਹੀਂ ਚਾਹੀਦਾ ਹੁੰਦਾ, ਪਾਣੀ ਦੀ ਇੱਕ ਬੂੰਦ ਹੀ, ਨਮੂਨੇ ਵਜੋਂ, ਕਾਫ਼ੀ ਹੁੰਦੀ ਹੈ। ਇਸ ਦੇ ਇਲਾਵਾ, ਵਿਗਿਆਨ ਵਿੱਚ 'ਕੱਲੀ 'ਕੱਲੀ ਚੀਜ਼ ਦਾ ਅਧਿਅਨ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਇੱਕੋ ਜਿਹੇ ਗੁਣਾਂ ਦੇ ਆਧਾਰ 'ਤੇ, ਚੀਜ਼ਾਂ ਦਾ ਵਰਗੀਕਰਣ ਕਰ ਲਿਆ ਜਾਂਦਾ ਹੈ; ਮਿਸਾਲ ਵਜੋਂ ਸਾਰੇ ਬੰਦੇ ਇੱਕ ਵਰਗ ਵਿੱਚ, ਸਾਰੇ ਪਸ਼ੂ ਦੂਜੇ ਵਰਗ ਵਿੱਚ, ਆਦਿ। ਇੱਕ ਵਰਗ ਦਾ ਅਧਿਐਨ ਕਰਣ ਲਈ ਵੀ, ਸਿਰਫ਼ ਕੁਛ ਜਣੇ, ਨਮੂਨੇ ਵਜੋਂ, ਚਾਹੀਦੇ ਹੁੰਦੇ ਹਨ, ਸਾਰਾ ਵਰਗ ਨਹੀਂ। ਵਰਗੀਕਰਣ ਤੇ ਨਮੂਨੇ

ਵਾਲੀ ਇਸ ਪਹੁੰਚ ਨਾਲ ਪ੍ਰਾਚੀਨ ਕਾਲ ਵਿੱਚ ਹੀ ਵਿਗਿਆਨੀਆਂ ਨੇ, ਨੰਗੀਆਂ ਅੱਖਾਂ ਨਾਲ ਜੋ ਚੀਜ਼ਾਂ ਤੇ ਵਰਤਾਰੇ ਦਿਸੇ, ਉਨ੍ਹਾਂ ਦਾ ਅਧਿਅਨ ਸ਼ੁਰੂ ਕਰ ਦਿੱਤਾ ਸੀ। ਉਦੋਂ ਤੋਂ ਅੱਜ ਤੱਕ ਦੇ ਸਫ਼ਰ ਦੌਰਾਨ ਵਿਗਿਆਨੀਆਂ ਦੇ ਟੈਕਨਾਲੋਜਿਸਟਾਂ ਨੇ ਨੰਗੀ ਅੱਖ ਦੀ ਨਜ਼ਰ-ਸੀਮਾ ਤੋਂ ਪਰ੍ਹੇ ਅਤਿ ਛੋਟੀਆਂ, ਜਿਵੇਂ ਐਟਮ ਤੇ ਉਸ ਤੋਂ ਵੀ ਛੋਟੇ ਕਣ, ਅਤੇ ਅਤਿ ਵੱਡੀਆਂ, ਜਿਵੇਂ ਆਕਾਸ਼ਗੰਗਾਵਾਂ, ਵੇਖਣ ਲਈ ਖ਼ੁਰਦਬੀਨਾਂ, ਦੂਰਬੀਨਾਂ, ਤੇ ਹੋਰ ਸੰਦ ਈਜਾਦ ਕੀਤੇ। ਵੱਡੀਆਂ ਚੀਜ਼ਾਂ ਦੇ ਪਾਸਿਓਂ, ਅੱਜ ਆਕਾਸ਼/ਪੁਲਾੜ ਵਿੱਚ ਉੱਡਦੀਆਂ 'ਹੱਬਲ ਟੈਲੀਸਕੋਪ' ਵਰਗੀਆਂ ਦੂਰਬੀਨਾਂ ਬਹ੍ਰਿਮੰਡ ਵਿੱਚ ਬਣਦੇ ਢਹਿੰਦੇ ਗਹ੍ਰਿਾਂ/ਤਾਰਿਆਂ (ਧਰਤੀਆਂ/ਸੂਰਜਾਂ) ਤੋਂ ਲੈਕੇ ਆਕਾਸ਼ਗੰਗਾਵਾਂ ਤੱਕ ਨੂੰ ਸਿਰਫ਼ ਗਿਣ ਹੀ ਨਹੀਂ ਸਕਦੀਆਂ, ਉਨਾਂ ਦੀਆਂ ਗਤੀਵਿਧੀਆਂ ਬਾਰੇ ਵੀ ਅੰਕੜੇ ਇਕੱਤਰ ਕਰਦੀਆਂ ਨੇ। ਛੋਟੀਆਂ ਚੀਜ਼ਾਂ ਦੇ ਪਾਸਿਓਂ, ਅੱਜ ਪਾਰਟੀਕਲ ਐਕਸਲੇਟਰਾਂ ਤੇ ਡਿਟੇਕਟਰਾਂ ਉੱਪਰ ਸਥਿਤ ਪ੍ਰਯੋਗਾਂ ਰਾਹੀਂ, ਜਿਨ੍ਹਾਂ ਵਿੱਚ ਮੈਂ ਖ਼ੁਦ ਹਿੱਸਾ ਲੈਂਦਾ ਰਿਹਾਂ ਹਾਂ, ਅਸੀਂ ਵਿਗਿਆਨੀ ਜਾਣਦੇ ਹਾਂ ਕਿ ਹੁਣ ਤੱਕ ਗਿਣੀਆਂ ਜਾ ਚੁੱਕੀਆਂ ਘੱਟੋ-ਘੱਟ 20 ਖ਼ਰਬ ਆਕਾਸ਼ਗੰਗਾਵਾਂ ਵਾਲੀ ਇਹ 'ਵਿਸ਼ਾਲ ਸ੍ਰਿਸ਼ਟੀ' ਦੋ ਹੱਥਾਂ ਦੀਆਂ ਉਂਗਲਾਂ 'ਤੇ ਗਿਣੇ ਜਾ ਸਕਣ ਵਾਲੇ ਚੰਦ ਮੂਲ ਕਣਾਂ, ਯਾਨੀ ਪਾਰਟੀਕਲ, ਤੋਂ ਬਣੀ ਹੋਈ ਹੈ।

ਉੱਪਰ ਦਿੱਤੇ ਹਵਾਲੇ ਵਿਚਲੇ ਦਾਅਵੇ ਪਿੱਛੇ ਕੰਮ ਕਰਦੀ ਸੋਚ ਇਸ ਵਿਸ਼ਵਾਸ ਨਾਲ ਸ਼ੁਰੂ ਹੁੰਦੀ ਹੈ ਕਿ ਪ੍ਰਮਾਤਮਾ ਨੇ ਇਸ ਬ੍ਰਹਿਮੰਡ ਦਾ ਨਿਰਮਾਣ ਕੀਤਾ ਹੈ, ਤੇ ਉਹਤੋਂ ਬਿਨ੍ਹਾਂ ਇਹਨੂੰ ਕੋਈ ਨਹੀਂ ਸਮਝ ਸਕਦਾ; 'ਉਹਦੀਆਂ ਉਹੀ ਜਾਣੇ'। ਸੱਚ ਤਾਂ ਇਹ ਹੈ ਕਿ ਵਿਗਿਆਨ ਦੇ ਆਰੰਭ ਤੋਂ ਪਹਿਲਾਂ ਸਾਰੀਆਂ ਕੁਦਰਤੀ ਰਚਨਾਵਾਂ ਤੇ ਵਰਤਾਰਿਆਂ ਦਾ ਜ਼ੁੰਮੇਵਾਰ, ਅਗਿਆਨ ਦਾ ਸਹਾਰਾ ਲੈ ਕੇ, ਰੱਬ ਜਾਂ ਦੇਵੀਆਂ/ਦੇਵਤਿਆਂ ਨੂੰ ਠਹਿਰਾ ਦਿੱਤਾ ਜਾਂਦਾ ਸੀ; ਜਿਵੇਂ ਹੜ੍ਹ ਆਉਂਦੇ ਤੇ ਬੀਮਾਰੀਆਂ ਲੱਗਦੀਆਂ ਸਨ ਤਾਂ ਰੱਬ ਜਾਂ ਦੇਵੀ/ਦੇਵਤਿਆਂ ਦੀ ਨਰਾਜ਼ਗੀ ਤੇ ਕਰੋਪੀ ਕਾਰਨ, ਆਦਿ। ਜਿਵੇਂ ਜਿਵੇਂ ਵਿਗਿਆਨ ਕੁਦਰਤੀ ਰਚਨਾਵਾਂ ਤੇ ਵਰਤਾਰਿਆਂ ਬਾਰੇ ਖ਼ੋਜ ਕਰਦੀ ਤੇ ਸਮੱਸਿਆਵਾਂ ਦੇ ਹੱਲ ਲੱਭਦੀ ਹੋਈ ਅਗਿਆਨ ਦਾ ਹਨੇਰਾ ਦੂਰ ਕਰਦੀ ਗਈ, ਤਿਵੇਂ ਤਿਵੇਂ ਅਧਿਆਤਮਵਾਦ/ਧਰਮ, ਰੌਲ ਮਾਰਦੇ ਖ਼ਿਡਾਰੀ ਵਾਂਗ, ਗੋਲ-ਕਿੱਲਾ ਖਿਸਕਾਉਂਦਾ, ਆਪਣਾ ਬੋਰੀਆ-ਬਿਸਤਰਾ ਸਮਝੇ ਜਾ ਚੁੱਕੇ ਵਰਤਾਰਿਆਂ ਅਤੇ ਹੱਲ ਕੀਤੀਆਂ ਜਾ ਚੁੱਕੀਆਂ ਸਮੱਸਿਆਵਾਂ ਵਿੱਚੋਂ ਗੋਲ ਕਰਕੇ, ਅਨਸਮਝੀਆਂ ਚੀਜ਼ਾਂ ਤੇ ਵਰਤਾਰਿਆਂ ਬਾਰੇ ਅਗਿਆਨ ਦੇ ਹਨੇਰੇ ਵਿੱਚ ਵੜਕੇ ਪਿੱਛੇ ਹਟਦਾ ਰਿਹਾ ਹੈ। ਉਥੋਂ, ਇੱਕ ਹੱਥ ਵਿਗਿਆਨ ਦੀਆਂ ਪ੍ਰਾਪਤੀਆਂ ਨੂੰ ਵੀ ਰੱਬ ਦੇ ਸੰਕਲਪ ਨਾਲ ਜੋੜਦਾ ਰਿਹਾ, ਤੇ ਦੂਜੇ ਹੱਥ ਅਜੇ ਨਾ ਸਮਝੀਆਂ ਚੀਜ਼ਾਂ ਤੇ ਵਰਤਾਰਿਆਂ ਨੂੰ ਲੈ ਕੇ ਵਿਗਿਆਨ ਲਲਕਾਰਦਾ, ਯਾਣੋ ਮਿਹਣੇ, ਮਾਰਦਾ ਰਿਹਾ; ਇੰਝ ਅਜ਼ਮਾਏ ਨਾ ਸਕਣ ਵਾਲੇ ਅਧਿਆਤਮਵਾਦੀ/ਧਾਰਮਿਕ ਦਾਅਵੇ ਕਰਨ ਦਾ ਅਭਿਆਸ ਜਾਰੀ ਰੱਖਦਾ ਰਿਹਾ। ਇਹੋ ਜਿਹੇ ਹੀ ਹੁੰਦੇ ਨੇ ਉਕਤ ਦਾਅਵੇ ਜਿਹੇ ਦਾਅਵੇ।


ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਾਲ ਛਪੇ ਅਨੇਕਾਂ ਲੇਖਾਂ

ਵਿੱਚੋਂ ਪੰਜਾਬੀ ਚਿੰਤਕਾਂ ਦਾ ਵਿਗਿਆਨ, ਵਿਗਿਆਨਕ, ਤੇ ਅਧਿਆਤਮਵਾਦ ਵਿਚਕਾਰ ਨਿਖੇੜੇ ਦਾ ਸੰਕਟ ਡੁੱਲ੍ਹ ਡੁੱਲ੍ਹ ਪੈਂਦਾ ਹੈ। ਇਸ ਲਈ, ਹੇਠਾਂ ਅਸੀਂ ਵਿਗਿਆਨ, ਫ਼ਲਸਫ਼ਾ, ਵਿਗਿਆਨਕ ਵਿਧੀ, ਵਿਗਿਆਨਕ ਸੋਚ, ਵਿਗਿਆਨਕ ਪਹੁੰਚ, ਆਦਿ ਦੀਆਂ ਪ੍ਰੀਭਾਸ਼ਾਵਾਂ ਤੋਂ ਸ਼ੁਰੂ ਕਰਕੇ, ਇਹਨਾਂ ਸੰਕਲਪਾਂ ਵਿਚਕਾਰ ਸਪਸ਼ਟ ਨਿਖੇੜਾ ਕਰਦੇ ਹਾਂ।

**ਵਿਗਿਆਨ, ਵਿਗਿਆਨਕ ਵਿਧੀ, ਅਤੇ ਵਿਗਿਆਨਕ ਸੋਚ ਤੇ ਪਹੁੰਚ** : ਵਿਗਿਆਨ ਨੇ ਧਰਤੀ ਉੱਪਰ ਮਨੁੱਖ ਤੇ ਮਨੁੱਖੀ ਸਮਾਜ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਵਿਗਿਆਨ ਉਸ ਗਿਆਨ ਤੇ ਖੋਜ ਖੇਤਰ ਦਾ ਨਾਂ ਹੈ ਜਿਸ ਵਿੱਚ ਬ੍ਰਹਿਮੰਡ ਅਤੇ ਇਸ ਵਿੱਚਲੀਆਂ ਚੀਜ਼ਾਂ ਤੇ ਵਰਤਾਰਿਆਂ ਬਾਰੇ ਵਿਗਿਆਨਕ ਵਿਧੀ ਵਰਤ ਕੇ ਗਿਆਨ ਖ਼ੋਜਿਆ ਅਤੇ ਇਕੱਤਰ ਕੀਤਾ ਜਾਂਦਾ ਹੈ। ਅਸਲ ਵਿੱਚ, ਵਿਗਿਆਨ ਦੇ ਵੱਖ ਵੱਖ ਖ਼ੇਤਰਾਂ, ਮਜ਼ਮੂਨਾਂ, ਤੇ ਮਸਲਿਆਂ ਦੀਆਂ ਵੱਖ ਵੱਖ ਲੋੜਾਂ ਮੁਤਾਬਕ ਅਣਗਿਣਤ ਵਿਧੀਆਂ ਈਜਾਦ ਕੀਤੀਆਂ ਤੇ ਵਰਤੀਆਂ ਜਾਂਦੀਆਂ ਨੇ। ਇਹ ਵੱਖ ਵੱਖ ਵਿਧੀਆਂ ਵਿੱਚ ਕੁਛ ਤੱਤ ਸਾਂਝੇ ਹੁੰਦੇ, ਤੇ ਇਨ੍ਹਾਂ ਤੱਤਾਂ ਤੋਂ ਬਣਦੀ ਹੈ ਠੇਠ, ਯਾਨੀ ਸਟੈਂਡਰਡ, ਵਿਗਿਆਨਕ ਵਿਧੀ। ਜਦੋਂ ਅਸੀਂ ਵਿਗਿਆਨੀ ਅਵਾਮ ਨਾਲ ਆਮ ਰੂਪ ਵਿੱਚ 'ਵਿਗਿਆਨਕ ਵਿਧੀ' ਦੀ ਗੱਲ ਕਰਦੇ ਹਾਂ, ਤਾਂ ਸਾਡਾ ਇਸ਼ਾਰਾ ਇਸ ਠੇਠ ਵਿਗਿਆਨਕ ਵਿਧੀ ਤੋਂ ਹੀ ਹੁੰਦਾ ਹੈ। ਇਸ ਵਿਧੀ ਨੂੰ ਵਰਤਦੇ ਹੋਏ ਭੌਤਿਕ ਪ੍ਰਮਾਣ ਦੇ ਆਧਾਰ ਉੱਪਰ ਯੋਜਨਾਬੱਧ ਢੰਗ ਨਾਲ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਅਧਿਅਨ ਜਾਂ ਜਾਂਚ ਅਧੀਨ ਕਿਸੇ ਵਿਚਾਰ-ਗੋਚਰੇ ਚੀਜ਼, ਵਰਤਾਰੇ, ਜਾਂ ਸਮੱਸਿਆ ਦੀ ਨਜ਼ਰਸਾਨੀ ਜਾਂ ਨਿਰੀਖ਼ਣ ਦੌਰਾਨ ਇਕੱਤਰ ਕੀਤੇ ਤੱਥਾਂ ਤੇ ਗਿਣਤੀਆਂ-ਮਿਣਤੀਆਂ ਨੂੰ ਅੰਕੜੇ ਕਿਹਾ ਜਾਂਦਾ ਹੈ। ਇਨ੍ਹਾਂ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਤਰਕਸ਼ੀਲ ਢੰਗਾਂ ਨਾਲ ਨਤੀਜਿਆਂ 'ਤੇ ਪਹੁੰਚਿਆ ਜਾਂਦਾ ਹੈ; ਅਤੇ ਇਨ੍ਹਾਂ ਨਤੀਜਿਆਂ ਦੇ ਅਧਾਰ 'ਤੇ ਸਚਾਈ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ, ਜਿਸਨੂੰ ਪਰਿਸਿਧਾਂਤ ਜਾਂ ਪਰਿਨਿਯਮ, ਯਾਨੀ ਕਿ ਹਾਈਪੋਥੇਸਿਜ਼, ਕਿਹਾ ਜਾਂਦਾ ਹੈ। ਹਰ ਪਰਿਸਿਧਾਂਤ ਦਾ ਇੱਕ ਲਾਜ਼ਮੀ ਲੱਛਣ ਹੈ ਕਿ ਉਹ ਚੀਜ਼ਾਂ ਜਾਂ ਵਰਤਾਰਿਆਂ ਬਾਰੇ ਭਵਿਖ਼ਬਾਣੀਆਂ ਕਰੇ; ਐਸੀਆਂ ਭਵਿਖ਼ਬਾਣੀਆਂ ਜਿਨ੍ਹਾਂ ਦੇ ਠੀਕ ਜਾਂ ਗਲਤ, ਖ਼ਾਸ ਕਰਕੇ ਗ਼ਲ਼ਤ, ਹੋਣ ਨੂੰ ਪਰਖਿਆ ਜਾ ਸਕੇ; ਮਿਸਾਲ ਵਜੋਂ ਤਜਰਬੇ ਕਰਕੇ। ਫਿਰ, ਇਨ੍ਹਾਂ ਭਵਿਖ਼ਬਾਣੀਆਂ ਨੂੰ ਪ੍ਰਯੋਗ ਜਾਂ ਸਬੂਤ ਦੀ ਕਸੌਟੀ ਚਾੜ੍ਹਿਆ ਜਾਂਦਾ ਹੈ। ਜੇ ਇਨ੍ਹਾਂ ਭਵਿਖ਼ਬਾਣੀਆਂ ਵਿੱਚੋਂ ਇੱਕ ਵੀ ਪ੍ਰਯੋਗ ਦੀ ਕਸੌਟੀ 'ਤੇ ਪੂਰੀ ਨਾ ਉੱਤਰੇ ਤਾਂ ਇਹ ਭਵਿਖ਼ਬਾਣੀ ਕਰਨ ਵਾਲੇ ਪਰਿਸਿਧਾਂਤ ਨੂੰ ਜਾਂ ਤਾਂ ਸ਼ੱਕ ਦੀ ਨਜ਼ਰੇ ਵੇਖਿਆ ਜਾਂਦਾ ਹੈ, ਸੋਧ ਕੇ ਫਿਰ ਪਰਖਿਆ ਜਾਂਦਾ ਹੈ, ਤੇ ਜਾਂ ਉਹਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਜਾਂਦਾ ਹੈ, ਅਤੇ ਪ੍ਰਾਪਤ ਅੰਕੜਿਆਂ ਅਤੇ ਪ੍ਰਯੋਗਾਂ-ਨਤੀਜਿਆਂ ਉੱਤੇ ਅਧਾਰਿਤ ਨਵਾਂ ਪਰਿਸਿਧਾਂਤ ਬਣਾਇਆ ਤੇ ਪ੍ਰਯੋਗ ਜਾਂ ਸਬੂਤ ਦੀ ਕਸੌਟੀ ਚਾੜ੍ਹਿਆ ਜਾਂਦਾ ਹੈ; ਇਹ ਚੱਕਰ ਚੱਲਦਾ ਰਹਿੰਦਾ ਹੈ। (ਜਿਸ ਤਰ੍ਹਾਂ ਚਿਤਰ 9.1 ਵਿੱਚ ਦਿਖਾਇਆ ਗਿਆ ਹੈ)। ਜਿਸ ਪਰਿਸਿਧਾਂਤ ਦੀਆਂ ਭਵਿਖ਼ਬਾਣੀਆਂ ਵਾਰ ਵਾਰ ਵਰ੍ਹਿਆਂ-ਬੱਧੀ ਵੱਖ ਵੱਖ ਹਾਲਤਾਂ

ਅਧੀਨ ਪ੍ਰਯੋਗ ਦੀ ਕਸੌਟੀ ਉੱਪਰ ਪੂਰੀਆਂ ਉੱਤਰਦੀਆਂ ਚਲੀਆਂ ਜਾਣ, ਉਹ ਪਰਿਸਿਧਾਂਤ ਫਿਰ ਸਿਧਾਂਤ ਬਣ ਜਾਂਦਾ ਹੈ। ਇਸ ਵਿਗਿਆਨਕ ਵਿਧੀ ਦੇ ਨਜ਼ਰੀਏ ਤੋਂ ਚੀਜ਼ਾਂ, ਚੀਜ਼ਾਂ ਦੇ ਆਪਸੀ ਸਬੰਧਾਂ, ਵਰਤਾਰਿਆਂ, ਤੇ ਸਮੱਸਿਆਵਾਂ ਬਾਰੇ ਸੋਚਣ ਢੰਗ ਨੂੰ ਹੀ ਵਿਗਿਆਨਕ ਸੋਚਣੀ ਕਿਹਾ ਜਾਂਦਾ ਹੈ। ਚੀਜ਼ਾਂ, ਵਰਤਾਰਿਆਂ, ਸਮੱਸਿਆਵਾਂ, ਤੇ ਸਮੱਸਿਆਵਾਂ ਦੇ ਹੱਲ ਲੱਭਣ ਪ੍ਰਤੀ ਵਿਗਿਆਨਕ ਸੋਚ 'ਤੇ ਆਧਾਰਿਤ ਪਹੁੰਚ ਨੂੰ ਵਿਗਿਆਨਕ ਪਹੁੰਚ ਕਿਹਾ ਜਾਂਦਾ ਹੈ।

ਵਿਗਿਆਨਕ ਵਿਧੀ ਸਿਰਫ਼ ਵਿਗਿਆਨ ਦੇ ਖ਼ੇਤਰ ਵਿੱਚ ਹੀ ਨਹੀਂ, ਕਿਸੇ ਵੀ ਖ਼ੇਤਰ ਵਿੱਚ ਵਰਤੀ ਜਾ ਸਕਦੀ ਹੈ। ਇਹਦੇ ਮੂਲ ਅੰਸ਼ ਨੇ: ਅੰਕੜੇ, ਪਰਖ਼ੇ ਜਾ ਸਕਣ ਵਾਲੇ ਪਰਿਸਿਧਾਂਤ, ਤੇ ਭੌਤਿਕ ਪ੍ਰਯੋਗ/ਸਬੂਤ; ਜੋ ਵਿਗਿਆਨ ਤੋਂ ਇਲਾਵਾ ਹੋਰਨਾਂ ਖ਼ੇਤਰਾਂ ਵਿੱਚ ਮਿਲ ਸਕਦੇ ਨੇ। ਮਿਸਾਲ ਵਜੋਂ, ਕਈ ਕੰਪਨੀਆਂ ਆਪਣੇ ਉਤਪਾਦ ਬਾਰੇ ਅੰਕੜੇ ਇਕੱਤਰ ਕਰਨ ਲਈ, ਗਾਹਕਾਂ ਕੋਲੋਂ ਉਤਪਾਦ ਦਾ ਸਰਵੇਖਣ ਕਰਵਾਉਂਦੀਆਂ ਨੇ; ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਉਤਪਾਦ ਵਿੱਚ ਨਵੇਂ ਲੱਛਣ ਲਾਗੂ ਕਰਨ ਜਾਂ ਪੁਰਾਣਿਆਂ ਨੂੰ ਸੁਧਾਰਣ ਲਈ ਕੀਮਤ-ਲਾਭ ਦਾ ਵਿਸ਼ਲੇਸ਼ਨ ਕਰਦੀਆਂ ਨੇ; ਉਸ ਵਿਸ਼ਲੇਸ਼ਨ ਦੇ ਆਧਾਰ 'ਤੇ ਉਤਪਾਦ ਨੂੰ ਵਧੀਆ ਬਣਾਉਣ ਲਈ ਹਾਈਪੋਥੇਸੀਜ਼ ਬਣਾਏ ਜਾਂਦੇ ਹਨ; ਤੇ ਹਾਈਪੋਥੇਸੀਜ਼ ਭਵਿਖ਼ਬਾਣੀਆਂ ਕਰਦੇ ਨੇ ਕਿ ਜੇ ਫ਼ਲਾਣਾ ਸੁਧਾਰ ਉਤਪਾਦ 'ਤੇ ਲਾਗੂ ਕੀਤਾ ਜਾਏ ਤਾਂ ਖ਼ਰਚ ਕਿੰਨਾ ਹੋਏਗਾ, ਗਾਹਕਾਂ ਦੀ ਸੰਤੁਸ਼ਟੀ ਇੰਨੀ ਵਧੇਗੀ ਤੇ ਕੰਪਨੀ ਨੂੰ ਲਾਭ ਇੰਨਾ ਹੋਏਗਾ, ਵਗ਼ੈਰਾ ਵਗ਼ੈਰਾ। ਇਨ੍ਹਾਂ ਹਾਈਪੋਥੇਸੀਜ਼ ਦੇ ਆਧਾਰ 'ਤੇ ਕੰਪਨੀਆਂ ਉਤਪਾਦ ਸੁਧਾਰ ਦੇ ਫ਼ੈਸਲੇ ਲੈਂਦੀਆਂ ਹਨ; ਤੇ ਇਨ੍ਹਾਂ ਫ਼ੈਸਲਿਆਂ ਅਨੁਸਾਰ ਸੁਧਾਰੀ ਗਈ ਉਤਪਾਦ ਵੇਚੀ ਜਾਂਦੀ ਹੈ। ਹਾਈਪੋਥੇਸੀਜ਼ ਦੀਆਂ ਭਵਿੱਖ਼ਬਾਣੀਆਂ ਅਜ਼ਮਾਈਆਂ ਜਾਂਦੀਆਂ ਹਨ; ਗਾਹਕਾਂ ਕੋਲੋਂ ਫਿਰ ਅੰਕੜੇ ਇਕੱਤਰ ਕੀਤੇ ਜਾਂਦੇ ਨੇ। ਜੇ ਉਤਪਾਦ ਵਿਕਰੀ ਅੰਕੜੇ ਦਿਖਾਉਣ ਕਿ ਗਾਹਕਾਂ ਦੀ ਸੰਤੁਸ਼ਟੀ ਵਿੱਚ ਵਾਧਾ ਤੇ ਕੰਪਨੀ ਨੂੰ ਲਾਭ ਹਾਈਪੋਥੇਸੀਜ਼ ਦੀਆਂ ਭਵਿਖ਼ਬਾਣੀਆਂ ਦੇ ਅਨੁਸਾਰ ਹੋਇਆ ਹੈ, ਆਦਿ, ਤਾਂ ਹਾਈਪੋਥੇਸੀਜ਼ ਪਾਸ, ਨਹੀਂ ਤਾਂ ਫ਼ੇਲ੍ਹ। ਇਸ ਤਰ੍ਹਾਂ, ਉਤਪਾਦ ਦੇ ਉਤਪਾਦਨ ਅਤੇ ਸੁਧਾਰ ਚੱਕਰ ਚਲਦਾ ਰਹਿੰਦਾ ਹੈ। ਇੰਞ ਉਤਪਾਦ ਦਾ ਉਤਪਾਦਨ ਤੇ ਸੁਧਾਰ, ਗਾਹਕ, ਗਾਹਕਾਂ ਕੋਲੋਂ ਅੰਕੜੇ, ਆਦਿ ਏਸ ਪ੍ਰਯੋਗ ਦਾ ਹਿੱਸਾ ਬਣ ਜਾਂਦੇ ਨੇ, ਜਿਸ ਦੀ ਕਸੌਟੀ ਹਾਈਪੋਥੇਸੀਜ਼ ਦੀਆਂ ਭਵਿਖ਼ਬਾਣੀਆਂ ਨੂੰ ਚਾੜ੍ਹਿਆ ਜਾਂਦਾ ਹੈ। ਵਿਗਿਆਨਕ ਵਿਧੀ ਵਰਤਣ ਦੀ ਇਹ



ਚਿਤਰ 6.1 ਤਿਕੋਨਾ ਰਿਸ਼ਤਾ, ਵਿਗਿਆਨਕ ਵਿਧੀ ਦੇ ਤਿੰਨ ਮੁੱਖ ਅੰਸ਼ਾਂ ਵਿੱਚਕਾਰ: ਅੰਕੜੇ, ਪਰਿਸਿਧਾਂਤ, ਤੇ ਪ੍ਰਯੋਗ।

ਮਿਸਾਲ ਬਿਜ਼ਨਿਸ ਦੇ ਖ਼ੇਤਰ ਵਿੱਚੋਂ ਹੈ। ਇੰਞ ਇਹ ਵਿਧੀ ਹੋਰਨਾਂ ਖ਼ੇਤਰਾਂ ਵਿੱਚ ਵੀ ਵਰਤੀ ਜਾ ਸਕਦੀ ਹੈ, ਵੱਖ ਵੱਖ ਮੰਤਵਾਂ ਲਈ। ਮਿਸਾਲ ਵਜੋਂ, ਜਮਹੂਰੀਅਤ ਵਾਲੇ ਦੇਸਾਂ ਵਿੱਚ ਚੋਣਾਂ ਦੇ ਮੌਸਮ ਦੌਰਾਨ ਰਾਜਨੀਤਕ ਪਾਰਟੀਆਂ ਵੋਟਰ ਸਰਵੇਖਣਾਂ ਦੇ ਆਧਾਰ 'ਤੇ ਪੋਲ ਨਤੀਜਿਆਂ ਨੂੰ ਆਪਣੀ ਨੀਤੀ ਤੇ ਦਾਅ ਪੇਚਾਂ ਨੂੰ ਵੋਟਰਾਂ ਅਨੁਸਾਰ ਲੈਅ-ਬੱਧ ਕਰਨ ਲਈ ਵਰਤ ਸਕਦੀਆਂ ਨੇ।

ਉਪਰੋਕਤ ਵਿਆਖ਼ਿਆ ਅਨੁਸਾਰ ਵਿਗਿਆਨ, ਵਿਗਿਆਨਕ ਵਿਧੀ, ਵਿਗਿਆਨਕ ਸੋਚ, ਤੇ ਵਿਗਿਆਨਕ ਪਹੁੰਚ ਸਬੰਧਿਤ ਪਰ ਵੱਖ ਵੱਖ ਸੰਕਲਪ ਨੇ। ਵਿਗਿਆਨਕ ਵਿਧੀ, ਵਿਗਿਆਨਕ ਸੋਚ, ਤੇ ਵਿਗਿਆਨਕ ਪਹੁੰਚ ਸਿਰਫ਼ ਵਿਗਿਆਨ ਦੇ ਖ਼ੇਤਰ ਵਿੱਚ ਹੀ ਨਹੀਂ, ਦੂਸਰੇ ਖ਼ੇਤਰਾਂ ਵਿੱਚ ਵੀ ਵਰਤੀਆਂ ਜਾ ਸਕਦੀਆਂ ਹਨ। ਇਹ ਮੰਤਰ ਯਾਦ ਰੱਖੋ: " **'ਵਿਗਿਆਨ' ਸਿਰਫ਼ ਵਿਗਿਆਨ ਦੇ ਖ਼ੇਤਰ ਵਿੱਚ ਹੀ, ਲੇਕਿਨ 'ਵਿਗਿਆਨਕ ਸੋਚ' ਕਿਸੇ ਵੀ ਖ਼ੇਤਰ ਵਿੱਚ।**" ਜ਼ਰੂਰੀ ਨਹੀਂ ਕਿ ਇੱਕ ਦੇ ਲਾਗੂ ਕਰਨ ਨਾਲ ਦੂਸਰੇ ਆਪਣੇ ਹੀ ਲਾਗੂ ਹੋ ਜਾਣ। ਮਿਸਾਲ ਵਜੋਂ, ਕਿੱਤੇ ਵਲੋਂ ਵਿਗਿਆਨੀ ਬੰਦਾ ਜ਼ਰੂਰੀ ਨਹੀਂ ਕਿ ਆਪਣੀ ਜ਼ਿੰਦਗੀ ਵਿੱਚ ਵਿਗਿਆਨਕ ਸੋਚ ਜਾਂ ਵਿਗਿਆਨਕ ਪਹੁੰਚ ਅਪਣਾਉਂਦਾ ਹੋਵੇ। ਉਲਟ ਵੀ ਸੱਚ ਹੈ: ਵਿਗਿਆਨਕ ਖ਼ਿਆਲ ਰੱਖਣ ਜਾਂ ਪ੍ਰਗਟ ਕਰਨ ਵਾਲਾ ਜ਼ਰੂਰੀ ਨਹੀਂ ਕਿ ਵਿਗਿਆਨੀ ਹੀ ਹੋਵੇ।

ਸਾਵਧਾਨ ! ਵਿਗਿਆਨ ਦੇ ਖੇਤਰ ਵਿਚ ਵਿਗਿਆਨੀਆਂ ਦਾ ਵਿਗਿਆਨਕ ਵਿਧੀ, ਵਿਗਿਆਨਕ ਸੋਚ ਤੇ ਵਿਗਿਆਨਕ ਪਹੁੰਚ ਨੂੰ ਲਾਗੂ ਕਰਨਾ ਜ਼ਰੂਰੀ ਹੁੰਦਾ ਹੈ, ਪਰ ਇਹ ਤਿੰਨੇ ਕਿਸੇ ਵੀ ਖੇਤਰ ਵਿੱਚ ਲਾਗੂ ਕੀਤੀਆਂ ਜਾ ਸਕਦੀਆਂ ਨੇ। ਵਿਗਿਆਨ ਤੋਂ ਬਾਹਰਲੇ ਕਿਸੇ ਖੇਤਰ ਵਿੱਚ ਵਿਗਿਆਨਕ ਵਿਧੀ, ਵਿਗਿਆਨਕ ਸੋਚ ਤੇ ਵਿਗਿਆਨਕ ਪਹੁੰਚ ਨੂੰ ਲਾਗੂ ਵਾਲਿਆਂ ਦਾ ਕੰਮ ਜ਼ਰੂਰੀ ਨਹੀਂ ਕਿ ਵਿਗਿਆਨ ਦਾ ਹਿੱਸਾ ਬਣਨ ਦੇ ਯੋਗ ਹੋਵੇ, ਤੇ ਉਨ੍ਹਾਂ ਨੂੰ ਵਿਗਿਆਨੀ ਬਣਾ ਦੇਵੇ।

**ਫ਼ਲਸਫ਼ੇ, ਆਰਟ, ਤੇ ਵਿਗਿਆਨ ਦੇ ਮੰਤਵ, ਨਤੀਜੇ ਅਤੇ ਪ੍ਰਭਾਵ:** ਅਧਿਆਤਮਵਾਦੀ ਫ਼ਲਸਫ਼ਾ, ਆਰਟ, ਤੇ ਵਿਗਿਆਨ, ਆਦਿ ਵਿਚਕਾਰ ਕੁਝ ਟੌਪਿਕ ਸਾਂਝੇ ਹੋ ਸਕਦੇ ਹਨ, ਪਰ ਕਿਉਂਕਿ ਉਨ੍ਹਾਂ (ਤੇ ਹੋਰ) ਟੌਪਿਕਾਂ ਨਾਲ ਨਜਿੱਠਣ ਦੇ ਉਦੇਸ਼ ਅਲੱਗ ਹੁੰਦੇ ਨੇ, ਇਸ ਲਈ ਗਤੀਵਿਧੀਆਂ/ਕੰਮ, ਢੰਗ, ਨਤੀਜੇ, ਤੇ ਉਨ੍ਹਾਂ ਦਾ ਮਨੁੱਖਤਾ 'ਤੇ ਪ੍ਰਭਾਵ ਵੱਖ ਵੱਖ ਹੁੰਦੇ ਨੇ। ਵਿਗਿਆਨ ਦੇ ਮੁੱਖ ਉਦੇਸ਼ ਤੇ ਰੁਝੇਵੇਂ ਹਨ ਕੁਦਰਤੀ ਚੀਜ਼ਾਂ, ਕੁਦਰਤੀ ਵਰਤਾਰਿਆਂ, ਤੇ ਉਨ੍ਹਾਂ ਦੇ ਮੁੱਢਾਂ ਬਾਰੇ ਗਿਆਨ ਖ਼ੋਜਣਾ ਤੇ ਸਾਂਭਣਾ; ਆਰਟ ਸੰਬੋਧਿਤ ਹੈ ਇਸ ਸੱਭ ਕੁਛ ਦਾ ਨਿੱਜੀ ਮਤਲਬ ਕੱਢਣ ਤੇ ਉਹਦਾ ਉਸਾਰੂ ਪ੍ਰਗਟਾਵਾ ਕਰਨ ਨੂੰ; ਜਦ ਕਿ ਅਧਿਆਤਮਵਾਦੀ ਫ਼ਲਸਫ਼ਾ ਇਸ ਸੱਭ ਦੇ ਸਰੋਤ, ਮੰਤਵ, ਅਤੇ ਮਤਲਬ ਜਾਂ ਸਾਰਥਕਤਾ ਬਾਰੇ ਚਿੰਤਤ ਹੁੰਦਾ ਹੈ। ਵਿਗਿਆਨ ਵਿੱਚ ਕਿਸੇ ਖ਼ਿਆਲ ਜਾਂ ਮਾਡਲ ਨੂੰ ਗਿਆਨ ਬਣਨ ਲਈ ਵਿਗਿਆਨਕ ਵਿਧੀ ਵਿੱਚੀਂ ਲੰਘਣਾ ਪੈਂਦਾ ਹੈ। ਏਸ ਲਈ ਵੀ, ਸਾਂਝੇ ਟੌਪਿਕ 'ਤੇ ਵਿਗਿਆਨ ਵਿੱਚ ਕੰਮ, ਨਤੀਜੇ, ਤੇ ਪ੍ਰਭਾਵ ਅਧਿਆਤਮਵਾਦੀ ਫ਼ਲਸਫ਼ੇ ਤੇ ਆਰਟ ਤੋਂ

ਵੱਖ ਹੁੰਦੇ ਨੇ। ਇਸ ਬਾਰੇ ਵਿਚਾਰ ਕਰਨ ਲਈ ਅਸੀਂ ਮਿਸਾਲ ਦੇ ਤੌਰ ਬ੍ਰਹਿਮੰਡ ਨੂੰ ਸਾਂਝੇ ਟੌਪਿਕ ਵਜੋਂ ਵਰਤਦੇ ਹਾਂ।

ਫ਼ਲਸਫ਼ੇ ਤੇ ਵਿਗਿਆਨ ਵਿੱਚ ਬ੍ਰਹਿਮੰਡ ਦੇ ਸਰੋਤ/ਮੁੱਢ ਤੇ ਵਿਕਾਸ ਬਾਰੇ ਖ਼ਿਆਲਾਂ ਤੇ ਮਾਡਲਾਂ ਦਾ ਇਤਿਹਾਸ ਪ੍ਰਾਚੀਨ ਕਾਲ ਵਿੱਚ 'ਬ੍ਰਹਿਮੰਡੀ ਅੰਡੇ' ਤੋਂ ਸ਼ੁਰੂ ਹੋ ਕੇ ਅਜੋਕੇ ਕਾਲ ਦੇ 'ਬਿੱਗ ਬੈਂਗ' ਤੱਕ ਲੰਬਾ ਹੈ। ਬ੍ਰਹਿਮੰਡੀ ਅੰਡੇ ਦਾ ਮਾਡਲ, ਜੋ 15ਵੀਂ ਤੋਂ 12ਵੀਂ ਸਦੀ ਈਸਾ ਪੂਰਵ ਦੌਰਾਨ ਲਿਖੇ ਹਿੰਦੂ ਫ਼ਲਸਫ਼ੇ ਦੇ ਇੱਕ ਗਰੰਥ 'ਰਿਗਵੇਦ' ਵਿੱਚ ਦਰਜ ਹੈ, ਦੇ ਅਨੁਸਾਰ ਸੂਰਜ, ਗ੍ਰਹਿ, ਚੰਦਰਮਾ, ਆਦਿ ਸਾਰੇ ਪੁਲਾੜ ਸਮੇਤ ਬ੍ਰਹਿਮੰਡ ਬੰਦ ਹੈ ਇੱਕ ਆਂਡੇ ਵਿੱਚ। ਇਹ ਅੰਡਾ ਇੱਕ ਬਿੰਦੂ ਤੋਂ ਸ਼ੁਰੂ ਹੋ ਕੇ ਬਾਹਰ ਵੱਲ ਨੂੰ ਫ਼ੈਲਦਾ ਰਹਿੰਦਾ ਹੈ; ਕਾਫ਼ੀ ਫ਼ੈਲਣ ਤੋਂ ਬਾਅਦ, ਪੁੱਠੇ ਗੇਅਰ ਵਿੱਚ ਪੈਕੇ, ਹੌਲੀ ਹੌਲੀ ਫਿਰ ਬਿੰਦੂ ਵਿੱਚ ਨੂੰ ਸੁੰਘੜ ਜਾਂਦਾ ਹੈ। ਇਹ ਫ਼ੈਲਣ ਸੁੰਘੜਣ ਦਾ ਚੱਕਰ ਬੇ-ਰੋਕ ਹਮੇਸ਼ਾ ਚੱਲਦਾ ਰਹਿੰਦਾ ਹੈ। ਇਹ ਮਾਡਲ, ਮੂਲ ਰੂਪ ਵਿੱਚ, ਗੁਰਬਾਣੀ ਵਿੱਚ ਪੇਸ਼ ਕੀਤੇ ਮਾਡਲ ਵਰਗਾ ਹੀ ਹੈ, ਜਦੋਂ ਬ੍ਰਹਿਮੰਡ ਦੀ ਸਿਰਜਨਾ ਬਾਰੇ ਹੀ ਗੁਰੂ ਅਰਜਨ ਜੀ ਫ਼ਰਮਾਉਂਦੇ ਨੇ:

**"ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥**
**ਕਈ ਕੋਟਿ ਕੀਨੇ ਬਹੁ ਭਾਤਿ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥"**

(ਪੰਨਾ ੨੭੬)


**ਭਾਵ:** (ਸਿਰਜਨਹਾਰ ਤੋਂ) ਕਈ ਵਾਰੀ ਬ੍ਰਹਿਮੰਡ ਰਚਨਾ ਹੋਈ ਹੈ, (ਆਪਾ ਸਮੇਟ ਕੇ) ਹਰ ਵਾਰ ਆਪ ਹੀ ਹੋ ਜਾਂਦਾ ਹੈ; ਸਿਰਜਨਹਾਰ ਨੇ ਕਈ ਕਿਸਮਾਂ ਦੇ ਕਰੋੜਾਂ ਹੀ ਜੀਵ ਪੈਦਾ ਕੀਤੇ ਹੋਏ ਹਨ, ਜੋ ਸਿਰਜਨਹਾਰ ਤੋਂ ਪੈਦਾ ਹੋ ਕੇ, ਫਿਰ ਸਿਰਜਨਹਾਰ ਵਿਚ ਲੀਨ ਹੋ ਜਾਂਦੇ ਹਨ।

ਗੁਰਬਾਣੀ ਵਾਂਗ ਹੀ ਪ੍ਰਾਚੀਨ ਹਿੰਦੂ ਫ਼ਲਸਫ਼ੇ ਵਿੱਚ ਇੱਕੋ ਸਮੇਂ 'ਤੇ ਬ੍ਰਹਿਮੰਡਾਂ ਦੀ ਅਨੰਤ ਗਿਣਤੀ ਵਿੱਚ ਹੋਂਦ ਵੀ ਸ਼ਾਮਲ ਹੈ। ਜੇ ਫ਼ਲਸਫ਼ੇ, ਅਧਿਆਤਮਵਾਦੀ ਫ਼ਲਸਫ਼ੇ, ਵਿੱਚ ਬ੍ਰਹਿਮੰਡਾਂ 'ਤੇ ਕਿਸੇ ਖ਼ਿਆਲ ਜਾਂ ਮਾਡਲ ਵਰਗਾ ਖ਼ਿਆਲ ਜਾਂ ਮਾਡਲ ਵਿਗਿਆਨ ਵਿੱਚ ਵੀ ਮਿਲ ਜਾਵੇ ਤਾਂ ਫ਼ਲਸਫ਼ੇ ਵਿੱਚਲਾ ਉਹ ਖ਼ਿਆਲ ਜਾਂ ਮਾਡਲ ਨਾ ਤਾਂ ਵਿਗਿਆਨ ਦੇ ਘੇਰੇ ਵਿੱਚ ਆ ਜਾਂਦਾ ਹੈ ਤੇ ਨਾ ਹੀ ਉਹਨੂੰ ਪੇਸ਼ ਕਰਨ ਵਾਲਾ ਵਿਗਿਆਨੀ ਬਣ ਜਾਂਦਾ ਹੈ, ਕਿਉਂਕਿ ਜਿਵੇਂ ਉੱਪਰ ਦੱਸਿਆ ਗਿਆ ਹੈ, ਵਿਗਿਆਨ ਵਿੱਚ ਕਿਸੇ ਖ਼ਿਆਲ ਜਾਂ ਮਾਡਲ ਨੂੰ ਗਿਆਨ ਬਣਨ ਲਈ ਵਿਗਿਆਨਕ ਵਿਧੀ ਵਿੱਚੀਂ ਲੰਘਣਾ ਪੈਂਦਾ ਹੈ। ਇਸ ਕਰਕੇ ਵਿਗਿਆਨ ਦੇ ਖਿਆਲਾਂ ਤੇ ਮਾਡਲਾਂ ਵਿੱਚ ਵਧੇਰੇ ਨਿਸ਼ਚਿਤਤਾ (specificity), ਅਕਲਪਨਿਕ ਡੂੰਘਾਈ ਤੇ ਸ਼ੁੱਧਤਾ (accuracy) ਹੁੰਦੀ ਹੈ; ਨਤੀਜਣ, ਗਿਆਨ ਪ੍ਰਾਪਤੀ ਲਈ ਵਿਗਿਆਨ ਵਿੱਚ ਗਿਣਤੀਆਂ-ਮਿਣਤੀਆਂ ਭਾਰੂ ਰਹਿੰਦੀਆਂ ਹਨ, ਜਿਵੇਂ ਹੇਠਾਂ ਪੇਸ਼ ਸਾਮੱਗਰੀ ਤੋਂ ਸਪਸ਼ਟ ਹੋ ਜਾਏਗਾ।

ਗੁਰੂ ਨਾਨਕ ਤੋਂ ਕਰੀਬ 500 ਸਾਲ ਪਹਿਲਾਂ ਅਰਬੀ ਖਗੋਲ-ਵਿਗਿਆਨੀ ਅਲ੍ਹਾਜਿਨ (965-1037) ਨੇ ਆਕਾਸ਼ ਗੰਗਾ ਦਾ ਵੱਖੋ-ਵੱਖਰੇ ਕੋਣਾਂ ਤੋਂ ਦੇਖ-ਨਿਰੀਖ਼ਣ ਕਰਕੇ, ਇਹ


ਤੈਅ ਕੀਤਾ ਕਿ ਆਕਾਸ਼ ਗੰਗਾ ਧਰਤੀ ਦੇ ਵਾਤਾਵਰਣ ਤੋਂ ਬਾਹਰ ਹੈ। ਇਹ ਆਕਾਸ਼ ਗੰਗਾ ਨੂੰ ਗੌਰਨ (observe ਕਰਨ) ਤੇ ਮਾਪਣ ਦਾ ਪਹਿਲਾ ਵਿਗਿਆਨਕ ਉੱਦਮ ਸੀ। ਗੁਰੂ ਨਾਨਕ ਦੀਆਂ ਭਰ-ਸਰਗਰਮੀਆਂ ਦੇ ਸਮੇਂ ਤੋਂ ਕਰੀਬ ਇੱਕ ਸਦੀ ਬਾਅਦ, 1610 ਦੇ ਏੜ-ਗੇੜ ਵਿਗਿਆਨੀ ਗੈਲੇਲਿਓ ਗਾਲੇਲੀ ਨੇ ਆਕਾਸ਼ਗੰਗਾ ਨੂੰ ਗੌਰਨ, ਇਸਦੇ ਬਾਰੇ ਅੰਕੜੇ ਇਕੱਤਰ ਕਰਨ, ਤੇ ਇੰਝ ਇਸਦਾ ਅਧਿਅਨ ਕਰਨ ਲਈ ਦੂਰਬੀਨ ਦੀ ਵਰਤੋਂ ਸ਼ੁਰੂ ਕਰ ਦਿੱਤੀ, ਜੋ ਹਾਲ ਹੀ ਵਿੱਚ ਈਜਾਦ ਕੀਤੀ ਗਈ ਸੀ। ਉਹਨੇ ਖ਼ੋਜਿਆ ਕਿ ਆਕਾਸ਼ਗੰਗਾ ਭਾਰੀ ਗਿਣਤੀ ਵਿੱਚ ਮੱਧਮ ਪੈ ਗਏ ਤਾਰਿਆਂ ਤੋਂ ਬਣੀ ਹੋਈ ਸੀ। ਉਦੋਂ ਤੱਕ ਇਕੱਤਰ ਅੰਕੜਿਆਂ ਦੇ ਅਧਿਅਨ ਦੇ ਆਧਾਰ 'ਤੇ ਵਿਗਿਆਨੀ ਥੌਮਸ ਰਾਈਟ ਨੇ, 1750 ਵਿੱਚ, ਇੱਕ ਪਰਿਸਿਧਾਂਤ, ਜੋ ਠੀਕ ਨਿੱਕਲਿਆ, ਪੇਸ਼ ਕੀਤਾ: ਆਕਾਸ਼ਗੰਗਾ ਆਪਸ ਵਿੱਚ ਗੁਰੂਤਾ ਸ਼ਕਤੀ ਨਾਲ ਬੱਝੇ ਬਹੁਤ ਸਾਰੇ ਤਾਰਿਆਂ ਦਾ ਘੁੰਮਦਾ ਹੋਇਆ (rotating) ਇਕੱਠ ਹੈ। ਇਸਦੇ ਅਨੁਸਾਰ ਇਹ ਘੁੰਮਦਾ ਪਿੰਡਾ ਸਾਡੇ ਸੌਰਮੰਡਲ ਵਾਂਗੂੰ ਹੀ ਸੀ, ਪਰ ਇਸ ਨਾਲੋਂ ਬਹੁਤ ਵੱਡਾ। ਆਕਾਸ਼ਗੰਗਾ ਦੇ ਸਬੰਧ ਵਿੱਚ ਭਰ-ਜ਼ੋਰ ਗਿਣਤੀਆਂ-ਮਿਣਤੀਆਂ 1785 ਵਿੱਚ ਸ਼ੁਰੂ ਹੋਈਆਂ, ਜਦੋਂ ਵਿਲਿਅਮ ਹਰਸ਼ਲ ਨੇ ਆਕਾਸ਼ਗੰਗਾ ਦੇ ਵੱਖ ਵੱਖ ਖਿਤਿਆਂ ਵਿੱਚ ਤਾਰਿਆਂ ਦੀ ਗਿਣਤੀ ਕਰਕੇ ਇਹਦੀ ਸ਼ਕਲ ਮਾਪਣ/ਵਿਆਖਣ ਦਾ ਕਾਰਜ ਆਰੰਭਿਆ। ਇਸ ਸਰਵੇਖ਼ਣ ਨਾਲ ਆਕਾਸ਼ਗੰਗਾ ਵਿੱਚ ਸਾਡੇ ਸੂਰਜ ਦੀ ਸਥਿਤੀ ਦਾ ਵੀ ਪਤਾ ਲੱਗ ਜਾਣਾ ਸੀ। ਇਨ੍ਹਾਂ ਗਿਣਤੀਆਂ-ਮਿਣਤੀਆਂ ਦੇ ਆਧਾਰ 'ਤੇ ਵਿਲਿਅਮ ਨੇ ਨਕਸ਼ਾ ਵਾਹਿਆ, ਜਿਸ ਵਿੱਚ ਸਾਡਾ ਸੌਰਮੰਡਲ ਕਰੀਬ ਗੱਭੇ ਆਇਆ।

ਹੌਲੀ ਹੌਲੀ ਹੋਏ ਵਿਗਿਆਨ ਦੇ ਟੈਕਨੌਲੋਜੀ ਦੇ ਵਿਕਾਸ ਸਦਕਾ, ਅੱਜ ਅਸੀਂ ਆਕਾਸ਼ਗੰਗਾਵਾਂ ਬਾਰੇ ਬੜਾ ਕੁਛ ਜਾਣਦੇ ਹਾਂ। ਮਿਸਾਲ ਵਜੋਂ, ਵਿਗਿਆਨ ਦੇ ਖੋਜੇ ਕੁਝ ਤੱਥ ਇੱਥੇ ਪੇਸ਼ ਨੇ। ਇਹ ਅਨੁਮਾਨ ਹੈ ਕਿ ਸਾਡੀ ਆਕਾਸ਼ਗੰਗਾ ਵਿੱਚ 3 ਖਰਬ ਦੇ ਏੜ-ਗੇੜ ਤਾਰੇ, ਤੇ ਘੱਟੋ-ਘੱਟ ਇੱਕ ਖਰਬ ਗ੍ਰਹਿ ਹਨ। ਆਕਾਸ਼ਗੰਗਾ ਦੀ ਸ਼ਕਲ ਪੇਚਦਾਰ ਡਾਂਗ (barrel spiral) ਵਾਂਗ ਹੈ, ਜਿਸ ਦੇ ਵਿਆਸ (diameter) ਦੀ ਲੰਬਾਈ 175 ਪ੍ਰਕਾਸ਼ ਵਰ੍ਹੇ ਹੈ (ਇੱਕ ਪ੍ਰਕਾਸ਼ ਵਰ੍ਹਾ 95 ਖਰਬ ਕਿਲੋਮੀਟਰ ਦੇ ਬਰਾਬਰ ਹੁੰਦਾ ਹੈ)। ਸਾਈਜ਼ ਦੇ ਹਿਸਾਬ ਨਾਲ, ਕੁੱਝ ਦੈਹ ਕਰੋੜ ਤਾਰਿਆਂ ਵਾਲੀਆਂ ਬੌਣੀਆਂ ਆਕਾਸ਼ਗੰਗਾਵਾਂ ਤੋਂ ਲੈਕੇ ਇੱਕ ਹਜ਼ਾਰ ਖਰਬ ਤਾਰਿਆਂ ਵਾਲੀਆਂ ਦਿਓ-ਕੱਦ ਆਕਾਸ਼ਗੰਗਾਵਾਂ ਨੇ, ਸਾਡੇ



ਚਿੱਤਰ 6.2 ਸੰਨ 1785: ਵਿਲੀਅਮ ਹਰਸ਼ੈਲ ਦੁਆਰਾ ਤਾਰਿਆਂ ਦੀਆਂ ਗਿਣਤੀਆਂ 'ਤੇ ਅਧਾਰਿਤ ਸਾਡੀ ਆਕਾਸ਼ਗੰਗਾ ਦੀ ਸ਼ਕਲ; ਇਸ ਵਿੱਚ ਸਾਡਾ ਸੌਰਮੰਡਲ ਕਰੀਬ ਕੇਂਦਰ ਵਿੱਚ ਆਉਂਦਾ ਹੈ।

ਬ੍ਰਹਿਮੰਡ ਵਿੱਚ। ਇਹ ਸਾਰੀਆਂ ਆਪੋ ਆਪਣੇ ਕੇਂਦਰਾਂ ਦੁਆਲੇ ਪਰਿਕਰਮਾ ਕਰਦੀਆਂ ਰਹਿੰਦੀਆਂ ਨੇ। ਸਾਡੀ ਆਕਾਸ਼ਗੰਗਾ ਦੀ ਪਰਿਕਰਮਾ ਰਫ਼ਤਾਰ ਹੈ: ਹਰ ਸੈਕਿੰਡ ਵਿੱਚ 552 ਕਿਲੋਮੀਟਰ ਤੈਅ ਕਰ ਲੈਣ ਦੀ। ਵਿਗਿਆਨਕ ਅੰਕੜਿਆਂ ਦੇ ਆਧਾਰ 'ਤੇ 2016 ਵਿੱਚ ਲਗਾਏ ਅੰਦਾਜ਼ਿਆਂ ਅਨੁਸਾਰ ਵਿਗਿਆਨ ਦੁਆਰਾ ਵੇਖੇ ਜਾ ਚੁੱਕੇ ਬ੍ਰਹਿਮੰਡ ਵਿੱਚ ਘੱਟੋ-ਘੱਟ 20 ਖਰਬ ਆਕਾਸ਼ਗੰਗਾਵਾਂ ਨੇ। ਅਸੀਂ ਵਿਗਿਆਨੀ ਇਹ ਵੀ ਜਾਣਦੇ ਹਾਂ ਕਿ ਇਹ ਸਾਰੀਆਂ ਆਕਾਸ਼ਗੰਗਾਵਾਂ ਇੱਕ ਦੂਜੀ ਤੋਂ ਪਰ੍ਹਾਂ ਨੂੰ ਬਹੁਤ ਤੇਜ਼ ਰਫ਼ਤਾਰ ਨਾਲ ਦੌੜ ਰਹੀਆ ਨੇ, ਤੇ ਕਿਸ ਰਫ਼ਤਾਰ ਨਾਲ। ਮਿਸਾਲ ਵਜੋਂ ਦੋ ਆਕਾਸ਼ਗੰਗਾਵਾਂ, ਜੋ ਇੱਕ ਦੂਜੀ ਤੋਂ ਇੱਕ ਪਾਰ-ਸੈਕਿੰਡ ਦੂਰ ਹਨ, ਇੱਕ ਦੂਜੀ ਤੋਂ ਪਰ੍ਹਾਂ ਨੂੰ 71 ਕਿਲੋਮੀਟਰ ਫ਼ੀ ਸੈਕਿੰਡ ਦੀ ਰਫ਼ਤਾਰ ਨਾਲ ਦੌੜ ਰਹੀਆਂ ਨੇ; ਦੂਰੀ ਵਿੱਚ ਹਰ ਪਾਰ-ਸੈਕਿੰਡ ਜੋੜਣ ਨਾਲ, ਰਫ਼ਤਾਰ ਵਿੱਚ 71 ਕਿਲੋਮੀਟਰ ਫ਼ੀ ਸੈਕਿੰਡ ਜੁੜ ਜਾਂਦੇ ਹਨ, ਤੇ ਇੱਕ ਪਾਰ-ਸੈਕਿੰਡ 309 ਖਰਬ ਕਿਲੋਮੀਟਰ ਦੇ ਬਰਾਬਰ ਹੁੰਦਾ ਹੈ। ਆਕਾਸ਼ਗੰਗਾਵਾਂ ਦਾ ਇੱਕ ਦੂਜੇ ਤੋਂ ਪਰ੍ਹਾਂ ਨੂੰ ਦੌੜਣਾ ਇਸ ਤੱਥ ਦਾ ਹੀ ਪ੍ਰਗਟਾਵਾ ਹੈ ਕਿ ਬਹ੍ਰਿਮੰਡ ਇੱਕ ਬਿੰਦੂ ਤੋਂ ਪੈਦਾ ਹੋਣ ਦੇ ਸਮੇਂ ਤੋਂ ਹੀ ਫ਼ੈਲ ਰਿਹਾ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਬਹ੍ਰਿਮੰਡ 14 ਅਰਬ ਸਾਲ ਪਹਿਲੇ ਪੈਦਾ ਹੋਇਆ ਸੀ। ਕਿੰਨਾਂ ਫ਼ੈਲ ਚੁੱਕਿਆ ਹੈ? ਜਿਵੇਂ ਏਕੇ ਮਗਰ ਦੋ ਸਿਫ਼ਰੇ ਲਾ ਕੇ ਇੱਕ ਸੌ ਬਣ ਜਾਂਦਾ ਹੈ ਤੇ ਗਿਆਰਾਂ ਸਿਫ਼ਰੇ ਲਾ ਕੇ ਇੱਕ ਖਰਬ, ਤਿਵੇਂ ਹੀ 88 ਮਗਰ ਬਾਈ ਸਿਫ਼ਰੇ ਲਾ ਦਿਓ, ਘੱਟੋ-ਘੱਟ ਏਤਨੇ ਕਿਲੋਮੀਟਰ ਫ਼ੈਲ ਚੁੱਕਿਆ ਹੈ ਸਾਡਾ ਬਹ੍ਰਿਮੰਡ, ਇੱਕ ਸਿਰੇ ਤੋਂ ਦੂਜੇ ਸਿਰੇ ਤੱਕ।



ਚਿੱਤਰ 6.3 ਹੱਬਲ ਸਪੇਸ ਟੈਲੀਸਕੋਪ ਦੁਆਰਾ ਪਕੜਿਆਂ ਗਿਆ ਕੁਦਰਤ ਦਾ ਇੱਕ ਨਜ਼ਾਰਾ, ਜਿਸ ਵਿੱਚ ਦੋ ਆਕਾਸ਼ਗੰਗਾਵਾਂ ਇੱਕ ਦੂਜੀ ਸੰਗ ਟੱਕਰਾਅ ਰਹੀਆਂ ਨੇ, ਇੱਕ ਦੂਜੀ ਵਿੱਚ ਅਭੇਦ ਹੋਣ ਲਈ; ਇੱਸ ਟੱਕਰ-ਅਭੇਦ ਦੀ ਪ੍ਰਕਿਰਿਆਂ ਦੌਰਾਨ, ਅਰਬਾਂ ਸਿਤਾਰੇ ਜਨਮ ਲੈਣਗੇ।

ਉੱਪਰ ਮੈਂ, ਅੱਜ ਆਕਾਸ਼ਗੰਗਾਵਾਂ ਤੇ ਬਹ੍ਰਿਮੰਡ ਬਾਰੇ ਵਿੱਚ ਵਿਗਿਆਨ ਵਿੱਚ ਜਾਣੇ ਜਾਂਦੇ ਤੱਥ-ਭੰਡਾਰ ਵਿੱਚੋਂ ਮਿੰਨੀ ਨਮੂਨਾ ਮਾਤਰ ਹੀ ਪੇਸ਼ ਕੀਤਾ ਹੈ, ਤੁਹਾਨੂੰ ਇਹ ਅਹਿਸਾਸ ਦਿਵਾਉਣ ਲਈ ਕਿ ਕਿੰਝ ਵਿਗਿਆਨ ਵਿੱਚ ਅਕਲਪਨਿਕ ਡੂੰਘਾਈ ਤੇ ਸ਼ੁੱਧਤਾ ਨਾਲ ਗਿਆਨ ਪ੍ਰਾਪਤੀ ਲਈ ਗਿਣਤੀਆਂ-ਮਿਣਤੀਆਂ ਭਾਰੂ ਰਹਿੰਦੀਆਂ ਹਨ। ਇਹ ਸਭ ਵਿਗਿਆਨਕ ਵਿਧੀ ਦਾ ਹੀ

ਪ੍ਰਤਾਪ ਹੈ। ਜਾਣੇ ਜਾਂਦੇ ਤੱਥ-ਭੰਡਾਰ ਦੇ ਇਹ ਤੇ ਬਾਕੀ ਤੱਥ ਅਤੇ ਇਨ੍ਹਾਂ ਪਿੱਛੇ ਮਾਡਲ ਤੇ ਸਿਧਾਂਤ ਸਭ ਇਸ ਅਧਿਆਏ ਵਿੱਚ ਪੇਸ਼ ਕੀਤੀ ਵਿਗਿਆਨਕ ਵਿਧੀ ਦੇ ਚੱਕਰ ਵਿੱਚੋਂ ਲੰਘਦੇ ਰਹੇ ਹਨ, ਤੇ ਲੰਘ ਰਹੇ ਹਨ।

ਭਾਵੇਂ ਫ਼ਲਸਫ਼ੇ ਤੇ ਵਿਗਿਆਨ ਦੋਨ੍ਹਾਂ ਵਿੱਚ ਹੀ ਖ਼ਿਆਲ ਸਮਾਜਿਕ ਪ੍ਰੀਵਰਤਨ ਲਿਆਉਣ ਵਿੱਚ ਹਿੱਸਾ ਪਾ ਸਕਦੇ ਨੇ, ਪਰ ਭੌਤਿਕ ਚੀਜ਼ਾਂ ਤੇ ਵਰਤਾਰਿਆਂ ਨੂੰ ਸਮਝਣ ਲਈ ਵਿਗਿਆਨਕ ਵਿਧੀ ਦੀ ਵਰਤੋਂ ਸਦਕਾ ਵਿਗਿਆਨ ਵਿੱਚ ਹੀ ਖ਼ਿਆਲ ਕੁਦਰਤ ਦੀ ਨਿਯਮਾਂ ਦੀ ਖ਼ੋਜ ਕਰਦੇ ਹੋਏ ਨਵੀਆਂ ਚੀਜ਼ਾਂ ਤੇ ਤਕਨੋਲੋਜੀ ਨੂੰ ਜਨਮ ਦੇ ਜਾਂਦੇ ਨੇ। ਮਿਸਾਲ ਵਜੋਂ, ਜਿਵੇਂ ਅਧਿਆਏ 4 ਵਿੱਚ ਦੱਸਿਆ ਗਿਆ ਹੈ ਕਿ ਆਧੁਨਿਕ ਯੁੱਗ ਦੀਆਂ ਅਣਗਿਣਤ ਤੇ ਕਰੀਬਣ ਸਾਰੀਆਂ ਲੋੜਾਂ ਤੇ ਸਹੂਲਤਾਂ: ਇੰਜਨ ਤੋਂ ਟਿਊਬਵੈੱਲ, ਟਰੱਕ/ ਕਾਰਾਂ, ਤੇ ਹਵਾਈ ਜਹਾਜ਼ਾਂ ਤੱਕ; ਬਿਜਲਈ ਚੁੱਲ੍ਹਿਆਂ, ਫਰਿੱਜਾਂ, ਤੇ ਏਅਰਕੰਡੀਸ਼ਨਰਾਂ ਤੋਂ ਘਰਾਂ, ਸੜਕਾਂ, ਤੇ ਸ਼ਹਿਰਾਂ ਨੂੰ ਜਗਮਗਾਉਂਦੀ ਰੰਗ-ਬਰੰਗੀ ਰੌਸ਼ਨੀ ਤੱਕ; ਰੇਡੀਓ, ਟੀ.ਵੀ., ਤੇ ਕੰਪਿਊਟਰਾਂ ਤੋਂ ਇੰਟਰਨੈੱਟ, ਸ਼ੋਸ਼ਲ ਮੀਡੀਆਂ, ਤੇ ਸਮਾਰਟ ਫ਼ੋਨਾਂ ਤੱਕ; ਅਤੇ ਵੈਕਸੀਨਾਂ ਤੋਂ ਭਿੰਨ ਭਿੰਨ ਬਿਮਾਰੀਆਂ ਦੇ ਇਲਾਜਾਂ ਤੱਕ, ਸਭ ਵਿਗਿਆਨ ਦੇ ਖ਼ੋਜੇ 'ਮਾਦੇ ਦੀ ਅਵਿਨਾਸ਼ਤਾ' ਤੇ ਹੋਰ ਸਿਧਾਂਤਾਂ ਦੇ ਉੱਪਰ ਹੀ ਟਿਕੀਆਂ ਹੋਈਆਂ ਨੇ । ਵਿਗਿਆਨੀਆਂ ਵਲੋਂ ਖੋਜੇ ਕੁਦਰਤੀ ਸਿਧਾਂਤਾਂ ਤੇ ਨਿਯਮਾਂ ਸਦਕੇ ਵਿਗਿਆਨ ਤੇ ਟੈਕਨੌਲੋਜੀ ਨੇ ਮਨੁੱਖ ਅਤੇ ਮਨੁੱਖੀ ਸਮਾਜ ਤੇ ਸਭਿਅਤਾ ਨੂੰ ਗ਼ੁਫ਼ਾਵਾਂ ਵਿੱਚ ਰਿਹਾਇਸ਼ਾਂ ਦੇ ਜ਼ਮਾਨੇ ਤੋਂ ਅੱਜ ਤੱਕ ਲਿਆਉਣ ਵਿੱਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

**ਫ਼ਲਸਫ਼ਾ ਤੇ ਅਧਿਆਤਮਵਾਦੀ ਫ਼ਲਸਫ਼ਾ** : ਜਿਵੇਂ ਇਸ ਕਿਤਾਬ ਦੇ ਸ਼ੁਰੂ ਵਿੱਚ ਹੀ ਪਹਿਲਾਂ ਹੀ ਕਹਿ ਦਿੱਤਾ ਗਿਆ ਹੈ, ਬਿਨ੍ਹਾ ਸ਼ੱਕ, ਗੁਰੂ ਨਾਨਕ ਦੇਵ ਜੀ ਪੰਜਾਬ ਦੇ ਇੱਕ ਮਹਾਨ ਫ਼ਿਲਾਸਫ਼ਰ ਸਨ। 'ਫ਼ਲਸਫ਼ਾ' ਸ਼ਬਦ ਦਾ ਮੁੱਢ ਇਕ ਗਰੀਕ ਲਫ਼ਜ਼ ਹੈ, ਜਿਸਦਾ ਅਰਥ ਹੈ: ਗਿਆਨ ਤੇ ਸਿਆਣਪ ਲਈ ਪਿਆਰ। ਪੱਛਮ ਵਿੱਚ ਫ਼ਲਸਫ਼ਾ ਗਰੀਕ ਫ਼ਿਲਾਸਫ਼ਰਾਂ ਤੋਂ ਸ਼ੁਰੂ ਹੋਇਆ, ਤੇ ਗਰੀਕ ਫ਼ਲਸਫ਼ੇ ਨੇ ਪੱਛਮੀ ਸੱਭਿਅਤਾ ਦੇ ਵਿਕਾਸ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਈ ਹੈ। ਪ੍ਰਾਚੀਨ ਫ਼ਲਸਫ਼ੇ ਵਿੱਚ, ਘੱਟੋ ਘੱਟ ਪੱਛਮ ਵਿੱਚ ਸਾਰੇ ਬੌਧਿਕ ਪ੍ਰਯਤਨ ਤੇ ਗਿਆਨ ਦੇ ਵਿਸ਼ੇ ਸ਼ਾਮਲ ਸਨ: ਬ੍ਰਹਿਮੰਡ, ਧਰਮ, ਧਰਮ ਸ਼ਾਸਤਰ, ਨੈਤਿਕਤਾ, ਤਰਕ, ਭੌਤਿਕ ਵਿਗਿਆਨ, ਜੀਵ ਵਿਗਿਆਨ, ਆਦਿ। ਉਦਾਹਰਣ ਦੇ ਤੌਰ 'ਤੇ ਫ਼ਿਲਾਸਫ਼ਰ ਅਰਸਤੂ (384-322 ਈਸਾ ਪੂਰਵ) ਦੁਨੀਆ ਦਾ ਪਹਿਲਾ ਭੌਤਿਕ ਵਿਗਿਆਨੀ ਵੀ ਮੰਨਿਆ ਜਾਂਦਾ ਹੈ। ਸਾਰੇ ਬੁੱਧੀਜੀਵੀ, ਸਣੇ ਵਿਗਿਆਨੀ, ਫ਼ਿਲਾਸਫ਼ਰਾਂ ਦੀਆਂ ਵੱਖੋ ਵੱਖਰੀਆਂ ਕਿਸਮਾਂ ਸਨ। ਵਿਗਿਆਨ, ਜਾਣਿ science, ਤੇ ਵਿਗਿਆਨੀ ਦੇ ਸੰਕਲਪ ਤਾਂ ਉੱਨੀਵੀਂ ਸਦੀ ਦੀ ਪੈਦਾਵਾਰ ਹਨ; ਪਹਿਲਾਂ ਸਦੀਆਂ ਤੀਕ ਵਿਗਿਆਨ ਨੂੰ ਕੁਦਰਤੀ ਫ਼ਲਸਫ਼ਾ ਕਿਹਾ ਜਾਂਦਾ ਸੀ ਤੇ ਵਿਗਿਆਨੀਆਂ ਨੂੰ ਕੁਦਰਤੀ ਫ਼ਿਲਾਸਫ਼ਰ। ਜਿਵੇਂ ਜਿਵੇਂ ਗਿਆਨ ਦਾ ਵਿਕਾਸ ਹੁੰਦਾ ਗਿਆ, ਗਿਆਨ ਵਿਸ਼ਿਆਂ ਅਤੇ ਹੱਲ ਕਰਨ ਵਾਲੀਆਂ ਸਮੱਸਿਆਵਾਂ ਦੀ ਗਿਣਤੀ ਵੱਧਦੀ ਗਈ, ਤੇ ਵੱਖ

ਵੱਖ ਵਿਸ਼ਿਆਂ 'ਤੇ ਗਿਆਨ ਪ੍ਰਾਪਤੀ ਦੇ ਵੱਖ ਵੱਖ ਢੰਗ ਵਿਕਸਤ ਹੁੰਦੇ ਗਏ, ਤਿਵੇਂ ਤਿਵੇਂ ਹੀ ਬੰਦਾ ਗਿਆਨ ਨੂੰ ਵੱਖ ਵੱਖ ਖ਼ੇਤਰਾਂ ਵਿੱਚ ਵੰਡਦਾ ਗਿਆ, ਜਿੱਥੇ ਹਰ ਖ਼ੇਤਰ ਵਿੱਚ ਨਿਕਟ-ਸਬੰਧੀ ਵਿਸ਼ੇ ਹੁੰਦੇ ਹਨ।

ਹੁਣ, ਖ਼ੇਤਰਾਂ ਤੇ ਵਿਸ਼ਿਆਂ ਦੀ ਮੁਹਾਰਤਾ ਵਾਲੇ ਜ਼ਮਾਨੇ ਵਿੱਚ, ਫ਼ਲਸਫ਼ਾ ਚੀਜ਼ਾਂ ਦੇ ਆਮ ਸੁਭਾਅ ਦਾ ਅਧਿਅਨ ਹੈ, ਜਿੱਥੇ ਚੀਜ਼ਾਂ ਤੋਂ ਭਾਵ ਹੈ: ਹੋਂਦ, ਹਕੀਕਤ, ਮਨ, ਤਰਕ, ਗਿਆਨ, ਕੁਛ ਵੀ। ਇਹ ਚੀਜ਼ਾਂ ਕਿਸੇ ਵੀ ਅਧਿਅਨ ਖ਼ੇਤਰ ਵਿੱਚੋਂ ਹੋ ਸਕਦੀਆਂ ਹਨ। ਮਿਸਾਲ ਵਜੋਂ, ਫ਼ਲਸਫ਼ੇ ਦੀ ਇੱਕ ਸ਼ਾਖਾ ਹੈ 'ਵਿਗਿਆਨ ਦਾ ਫ਼ਲਸਫ਼ਾ', ਜੋ ਵਿਗਿਆਨ ਦੀਆਂ ਨੀਹਾਂ, ਵਿਗਿਆਨ ਦੇ ਢੰਗਾਂ/ਵਿਧੀਆਂ, ਇਹਦੇ ਅਸਿੱਧੇ ਅਰਥਾਂ ਤੇ ਪ੍ਰਭਾਵਾਂ, ਅਤੇ ਇਹਦੇ ਮੰਤਵਾਂ ਨਾਲ ਨਜਿੱਠਦੀ ਹੈ। ਵਿਗਿਆਨ ਦੇ ਫ਼ਿਲਾਸਫ਼ਰ ਇਸ ਤਰ੍ਹਾਂ ਦੇ ਪ੍ਰਸ਼ਨ ਪੁੱਛਦੇ ਨੇ: ਕਿਹੜੀਆਂ ਚੀਜ਼ਾਂ ਦਾ ਅਧਿਅਨ ਤੇ ਗਿਆਨ ਵਿਗਿਆਨ ਦੇ ਖ਼ੇਤਰ ਵਿੱਚ ਆਉਂਦਾ ਹੈ; ਵਿਗਿਆਨ ਦੇ ਸਿਧਾਂਤ ਕਿੰਨੇ ਭਰੋਸੇਯੋਗ ਨੇ ਜਾਂ ਉਹ ਕਿਵੇਂ ਵਧੇਰੇ ਭਰੋਸੇਯੋਗ ਬਣਾਏ ਜਾ ਸਕਦੇ ਨੇ; ਤੇ ਵਿਗਿਆਨ ਦਾ ਸਰਬਸ਼੍ਰੇਸ਼ਠ ਮੰਤਵ ਕੀ ਹੈ। ਨੋਟ ਕਰੋ ਕਿ 'ਵਿਗਿਆਨ ਦਾ ਫ਼ਲਸਫ਼ਾ' ਖ਼ੇਤਰ ਵਿਗਿਆਨ ਦੇ ਖ਼ੇਤਰ ਨਾਲੋਂ ਵੱਖਰਾ ਹੈ। ਜਿਵੇਂ ਉੱਪਰ ਦੱਸਿਆ ਗਿਆ ਹੈ, ਵਿਗਿਆਨ ਉਸ ਗਿਆਨ ਤੇ ਖੋਜ ਖੇਤਰ ਦਾ ਨਾਂ ਹੈ ਜਿਸ ਵਿੱਚ ਬ੍ਰਹਿਮੰਡ ਅਤੇ ਇਸ ਵਿੱਚਲੀਆਂ ਭੌਤਿਕ ਚੀਜ਼ਾਂ (ਜਿਉਂਦੀਆਂ ਤੇ ਨਾ-ਜਿਉਂਦੀਆਂ) ਤੇ ਵਰਤਾਰਿਆਂ ਬਾਰੇ ਵਿਗਿਆਨਕ ਵਿਧੀ ਵਰਤ ਕੇ ਗਿਆਨ ਖੋਜਿਆ ਤੇ ਇਕੱਤਰ ਕੀਤਾ ਜਾਂਦਾ ਹੈ। ਵਿਗਿਆਨੀ ਬ੍ਰਹਿਮੰਡ ਅਤੇ ਇਸ ਵਿੱਚਲੀਆਂ ਭੌਤਿਕ ਚੀਜ਼ਾਂ ਤੇ ਵਰਤਾਰਿਆਂ ਦੇ ਕੁਦਰਤੀ, ਤੇ ਇਨ੍ਹਾਂ ਦੇ ਮਿਣੇ ਨਾਪੇ ਜਾ ਸਕਣ ਵਾਲੇ ਸੁਭਾਅ ਤੇ ਗੁਣਾਂ ਬਾਰੇ ਸੁਆਲ ਕਰਦੇ ਤੇ ਉਨ੍ਹਾਂ ਦੇ ਜੁਆਬ ਖੋਜਦੇ ਨੇ, ਜਿਵੇਂ: ਚੀਜ਼ਾਂ ਦੀ ਬਣਤਰ ਕੀ ਹੈ, ਉਹ ਕਿਹੜੀਆਂ ਮੂਲ ਚੀਜ਼ਾਂ ਤੋਂ ਬਣੀਆਂ ਨੇ ਤੇ ਕਿਹੜੇ ਵਰਤਾਰਿਆਂ ਵਿੱਚ ਹਿੱਸਾ ਲੈਂਦੀਆਂ ਨੇ, ਇੱਕ ਦੂਜੀ ਦੇ ਨਾਲ ਕਿਸ ਤਰ੍ਹਾਂ ਅੰਤਰਕਿਰਿਆ ਕਰਦੀਆਂ ਨੇ, ਆਦਿ; ਸੱਭ ਕੁਛ ਕੁਛ ਗਿਣਤੀਆਂ-ਮਿਣਤੀਆਂ ਦੀ ਡੂੰਘਾਈ ਵਿੱਚ। ਇਸ ਨਜ਼ਰੀਏ ਤੋਂ ਫ਼ਲਸਫ਼ੇ ਵਿੱਚ, ਕਿਸੇ ਹੱਦ ਤੱਕ 'ਤੀਰ-ਤੁੱਕੇ' ਵੀ ਚਲ ਜਾਂਦੇ ਨੇ। ਲੇਕਿਨ, ਵਿਗਿਆਨ ਵਿੱਚ ਗਿਣਨਾ ਪਏਗਾ ਖ਼ਰਬਾਂ ਤੇ ਮਾਈਕਰੋਮੀਟਰਾਂ ਦੀ ਸ਼ੁੱਧਤਾ ਤੀਕਰ: ਠੀਕ-ਠੀਕ ਕਿਤਨੇ ਹਜ਼ਾਰ, ਕਿਤਨੇ ਖ਼ਰਬ, ਤੇ ਕਿਤਨੇ ਮਾਈਕਰੋਮੀਟਰ।

ਫ਼ਲਸਫ਼ੇ ਵਿੱਚ ਇੱਕ ਵਿਸ਼ਾਲ ਉਪ-ਖ਼ੇਤਰ ਹੈ ਅਧਿਆਤਮਵਾਦ ਜਾਂ ਆਦਰਸ਼ਵਾਦ, ਜਿਹਦੀਆਂ ਕਈ ਕਿਸਮਾਂ ਹਨ। ਉਪ-ਨਿਸ਼ਦਾਂ ਅਤੇ ਮਹਾਭਾਰਤ ਵਿਚ 'ਅਧਿਆਤਮ' ਸ਼ਬਦ ਦੀ ਵਰਤੋਂ 'ਸਰੀਰ' ਦੇ ਅਰਥਾਂ ਵਿਚ ਕੀਤੀ ਗਈ ਹੈ, ਪਰ ਮਗਰੋਂ ਇਹ ਸ਼ਬਦ ਚੇਤੰਨ-ਆਤਮ-ਤੱਤ ਦੇ ਅਰਥਾਂ ਵਿਚ ਪ੍ਰਚਲਤ ਹੋ ਗਿਆ। ਹੁਣ, ਅਧਿਆਤਮਵਾਦ (spiritualism) ਉਸ ਵਿਚਾਰਧਾਰਾ ਦਾ ਨਾਂ ਹੈ ਜਿਸ ਅਨੁਸਾਰ ਆਤਮਾ ਨੂੰ ਸਭ ਚੀਜ਼ਾਂ ਦਾ ਮੂਲ ਮੰਨਿਆ ਜਾਂਦਾ ਹੈ। ਇਸ ਸਮਝ ਦੇ ਸੰਗ ਅਧਿਆਤਮਵਾਦ ਦਾ ਅੰਗਰੇਜ਼ੀ ਵਿੱਚ ਸਮ-ਅਰਥੀ ਸ਼ਬਦ idealism (ਆਦਰਸ਼ਵਾਦ) ਵੀ ਸਮਝਿਆ ਜਾ ਸਕਦਾ ਹੈ, ਜਿਸ

ਮਤਲਬ ਹੈ ਮਨ ਜਾਂ ਆਤਮਾ ਬੁਨਿਆਦੀ ਹਕੀਕਤ ਦਾ ਗਠਨ ਕਰਦੇ ਹਨ। ਇਸ ਨੇ ਵਕਤ ਦੇ ਨਾਲ ਨਾਲ ਕਈ ਵੱਖਰੇ ਵੱਖਰੇ ਪਰ ਸਬੰਧਿਤ ਰੂਪ ਲਏ ਹਨ। ਉਨ੍ਹਾਂ ਵਿਚੋਂ ਦੋ ਨੇ: ਬਾਹਰਮੁਖੀ (Objective) ਅਤੇ ਅੰਤਰਮੁਖੀ (subjective) ਆਦਰਸ਼ਵਾਦ। ਬਾਹਰਮੁਖੀ ਆਦਰਸ਼ਵਾਦ ਸਾਂਝੀ-ਸਮਝ ਵਾਲੇ ਯਥਾਰਥਵਾਦ ਨੂੰ ਸਵੀਕਾਰਦਾ ਹੈ, ਜਿਸ ਅਨੁਸਾਰ ਪਦਾਰਥਕ ਵਸਤੂਆਂ ਮੌਜੂਦ ਹਨ, ਤੇ ਗਤੀ ਦੇ ਨਿਯਮਾਂ ਅਨੁਕੂਲ ਚੱਲਦੀਆਂ ਨੇ; ਪਰ ਬਾਹਰਮੁਖੀ ਆਦਰਸ਼ਵਾਦ ਰੱਦ ਕਰਦਾ ਹੈ ਕੁਦਰਤਵਾਦ ਨੂੰ, ਜਿਸ ਅਨੁਸਾਰ ਮਨ ਅਤੇ ਅਧਿਆਤਮਿਕ ਕਦਰਾਂ ਕੀਮਤਾਂ ਪਦਾਰਥਕ ਚੀਜ਼ਾਂ ਤੋਂ ਉੱਭਰ ਕੇ ਸਾਹਮਣੇ ਆਈਆਂ ਹਨ। ਇਹਦੇ ਉਲਟ, ਅੰਤਰਮੁਖੀ ਆਦਰਸ਼ਵਾਦ ਇਸ ਗੱਲ ਤੋਂ ਇਨਕਾਰੀ ਹੁੰਦਾ ਹੋਇਆ ਕਿ ਪਦਾਰਥਕ ਚੀਜ਼ਾਂ ਮਨੁੱਖੀ ਧਾਰਨਾ (ਮਨ ਜਾਂ ਆਤਮਾ) ਤੋਂ ਸੁਤੰਤਰ ਤੌਰ ਤੇ ਮੌਜੂਦ ਹਨ। ਇਸ ਤਰ੍ਹਾਂ ਦੋਨੋਂ ਵਿਚਾਰਵਾਦ ਕੁਦਰਤਵਾਦ ਦੇ ਖ਼ਿਲਾਫ਼ ਹਨ, ਤੇ ਆਤਮਾ ਜਾਂ ਪ੍ਰਮਾਤਮਾ ਦੀ ਸਰਬੋਤਮਤਾ ਨੂੰ ਮੰਨਦੇ ਹਨ।

ਅਧਿਆਮਤਵਾਦੀ ਜਾਂ ਆਦਰਸ਼ਵਾਦੀ ਫ਼ਲਸਫੇ ਵਿੱਚ 'ਆਤਮਾ' ਨੂੰ ਮੂਲ ਮੰਨਿਆ ਜਾਂਦਾ ਹੈ, ਯਾਨੀ ਚੇਤਨਾ ਤੇ ਵਿਚਾਰ ਦੀ ਪਦਾਰਥ ਉੱਪਰ ਸਰਦਾਰੀ। ਆਤਮਾਵਾਂ ਉੱਪਰ ਰਾਜ ਕਰਦੀ ਇੱਕ ਪਰਮ-ਆਤਮਾ ਹੈ, ਜੋ ਸਰਬਸ਼ਕਤੀਮਾਨ ਹੈ, ਜਿਸ ਨੇ ਬ੍ਰਹਿਮੰਡ ਅਤੇ ਇਸ ਵਿੱਚਲੀਆਂ ਕੁਦਰਤੀ ਚੀਜ਼ਾਂ ਬਣਾਈਆ, ਇਹ ਬ੍ਰਹਿਮੰਡ ਦਾ ਸਰੋਤ ਹੈ, ਤੇ ਬ੍ਰਹਿਮੰਡ ਉਸ ਦੀ ਰਜ਼ਾ ਵਿੱਚ ਹੀ ਚੱਲਦਾ ਹੈ, ਆਦਿ। ਤਰਕ ਸਿਰਫ਼ ਵਿਗਿਆਨ ਵਿੱਚ ਹੀ ਨਹੀਂ, ਸਗੋਂ ਅਕਸਰ ਹਰੇਕ ਫ਼ਲਸਫ਼ੇ ਵਿੱਚ ਹੁੰਦਾ ਹੈ। ਅਧਿਆਮਤਵਾਦੀ ਜਾਂ ਆਦਰਸ਼ਵਾਦੀ ਫ਼ਲਸਫ਼ੇ ਵਿੱਚ ਤਰਕ ਦੇ ਅਹਾਤੇ ਦਾ ਇੱਕ ਸਥਾਈ, ਪ੍ਰਤੱਖ ਕਦੇ ਗੁੱਝਾ, ਮੈਂਬਰ ਹੁੰਦਾ ਹੈ: ਚੇਤੰਨ ਸਰਬਸ਼ਕਤੀਮਾਨ ਸਿਰਜਨਹਾਰ, ਯਾਣੀ ਪਰਮ-ਆਤਮਾ।

ਜਿਵੇਂ ਅਧਿਆਏ 4 ਵਿੱਚ ਦੱਸਿਆ ਗਿਆ ਹੈ ਕਿ ਗੁਰਬਾਣੀ ਦੇ ਬਹੁਤੇ ਵਿਦਵਾਨ ਮੰਨਦੇ ਹਨ ਕਿ ਗੁਰੂ ਨਾਨਕ ਦਆਰਾ ਲਿਖਿਆ 'ਮੂਲ ਮੰਤਰ' ਗੁਰਬਾਣੀ ਦਾ ਕੇਂਦਰੀ ਬਿੰਦੂ ਹੈ ਜਿਸ ਦੁਆਲੇ ਬਾਕੀ ਦੀ ਬਾਣੀ ਘੁੰਮਦੀ ਹੈ। ਉਸ 'ਮੂਲ ਮੰਤਰ' ਦਾ ਕੇਂਦਰੀ ਬਿੰਦੂ ਬ੍ਰਹਿਮੰਡ ਦਾ ਸਿਰਜਨਹਾਰ, ਯਾਨੀ ਅਕਾਲ ਪੁਰਖ ਜਾਂ ਪਰਮਾਤਮਾ, ਹੈ। ਉਹ, ਕੁੱਲ ਮਿਲਾ ਕੇ, ਗੁਰਬਾਣੀ ਵਿਚਲੇ ਤਰਕ ਦੇ ਅਹਾਤੇ ਵਿੱਚ ਸ਼ਾਮਲ ਹੈ। ਇਸ ਲਈ, ਗੁਰਬਾਣੀ ਆਦਰਸ਼ਵਾਦੀ ਫ਼ਲਸਫ਼ੇ ਦੇ ਘੇਰੇ ਵਿੱਚ ਆਉਂਦੀ ਹੈ, ਜਿਹਨੂੰ ਅਸੀਂ ਇਸ ਕਿਤਾਬ ਵਿੱਚ ਅਧਿਆਤਮਵਾਦੀ ਘੇਰੇ ਦਾ ਨਾਮ ਦਿੱਤਾ ਹੈ। ਜੇ ਅਧਿਆਤਮਵਾਦੀ ਸ਼ਬਦ ਦੀ ਥਾਂ ਅੰਤਰਮੁਖੀ ਆਦਰਸ਼ਵਾਦੀ ਜਾਂ ਬਾਹਰਮੁਖੀ ਆਦਰਸ਼ਵਾਦ ਵੀ ਲਿਖ ਲਿਆ ਜਾਂਦਾ, ਤਾਂ ਵੀ ਕਿਤਾਬ ਵਿੱਚਲੇ ਤਰਕ ਤੇ ਸਿੱਟਿਆਂ 'ਤੇ ਭੋਰਾ ਫ਼ਰਕ ਨਹੀਂ ਸੀ ਪੈਣਾ, ਕਿਉਂਕਿ ਕਿਸੇ ਵੀ ਕਿਸਮ ਦੇ ਆਦਰਸ਼ਵਾਦ ਵਿੱਚ ਆਤਮਾ ਜਾਂ ਪ੍ਰਮਾਤਮਾ ਦੀ ਸਰਬੋਤਮਤਾ ਮੌਜੂਦ ਹੁੰਦੀ ਹੈ। ਵਿਗਿਆਨ ਵਿੱਚ ਇਹ ਸਰਬੋਤਮਤਾ ਪਰਖ਼ੇ ਜਾ ਸਕਣ ਵਾਲੇ ਪਰਿਸਿਧਾਂਤ ਦੀ ਹੁੰਦੀ ਹੈ, ਜਿਸ ਬਿਨਾਂ ਵਿਗਿਆਨਕ ਵਿਧੀ ਸ਼ੁਰੂ ਹੀ ਨਹੀਂ ਹੁੰਦੀ। ਭਾਵੇਂ, ਨਾਨਕਬਾਣੀ ਸਮੇਤ ਗੁਰਬਾਣੀ ਸਮੁੱਚੇ ਤੌਰ 'ਤੇ, ਕੁੱਲ ਮਿਲਾ ਕੇ, ਅਧਿਆਤਮਵਾਦੀ ਫ਼ਲਸਫ਼ੇ ਆਉਂਦੀ

ਹੈ; ਪਰ, ਜਿਵੇਂ ਮੈਂ ਅਧਿਆਏ 4 ਤੇ ਅਧਿਆਏ 5 ਵਿੱਚ ਦਿਖਾਇਆ ਹੈ, ਗੁਰਬਾਣੀ ਦੀ ਵਿਆਪਕਤਾ ਤੇ ਗਹਿਰਾਈ ਵਿੱਚ ਉੱਤਰਿਆਂ 'ਵਿਗਿਆਨਕ' ਅੰਸ਼ ਮਿਲ ਜਾਂਦੇ ਨੇ। ਨੋਟ ਕਰੋ, ਮੈਂ ਇੱਥੇ ਸ਼ਬਦ 'ਵਿਗਿਆਨਕ' ਵਰਤਿਆ ਹੈ, 'ਵਿਗਿਆਨ' ਜਾਂ 'ਵਿਗਿਆਨ ਦੇ ਅੰਸ਼' ਨਹੀਂ।

**ਆਦਰਸ਼ਵਾਦ, ਕੁਦਰਤਵਾਦ, ਤੇ ਵਿਗਿਆਨ-** ਕੁਦਰਤਵਾਦ ਅਜੇਹਾ ਫ਼ਲਸਫ਼ਾ ਹੈ ਜਿਸ ਦੇ ਅਨੁਸਾਰ ਸੱਭ ਕੁਛ ਕੁਦਰਤੀ ਵਿਸ਼ੇਸ਼ਤਾਵਾਂ/ਗੁਣਾਂ ਅਤੇ ਕੁਦਰਤੀ ਕਾਰਨਾਂ ਤੋਂ ਪੈਦਾ ਹੁੰਦਾ, ਅਤੇ ਇਸ ਫ਼ਲਸਫ਼ੇ ਵਿੱਚ ਅਲੌਕਿਕ, ਅਧਿਆਤਮਿਕ, ਜਾਂ ਪਰਮਾਤਮਾ ਦੀਆਂ ਵਿਆਖਿਆਵਾਂ ਨੂੰ ਰੱਦ ਕੀਤਾ ਜਾਂਦਾ ਹੈ। ਬਾਹਰਮੁਖੀ ਤੇ ਅੰਤਰਮੁਖੀ ਆਦਰਸ਼ਵਾਦ ਦੋਵੇਂ ਕੁਦਰਤਵਾਦ ਨੂੰ ਰੱਦ ਕਰਦੇ ਨੇ, ਜਿਸ ਅਨੁਸਾਰ ਮਨ ਅਤੇ ਅਧਿਆਤਮਿਕ ਕਦਰਾਂ ਕੀਮਤਾਂ ਪਦਾਰਥਕ ਚੀਜ਼ਾਂ ਤੋਂ ਉੱਭਰ ਕੇ ਸਾਹਮਣੇ ਆਈਆਂ ਹਨ। ਵਿਗਿਆਨ ਦਾ ਤਾਂ ਜਨਮ ਹੀ ਕੁਦਰਤਵਾਦ ਦੇ ਮੂਲ ਖ਼ਿਆਲ ਵਿੱਚੋਂ ਹੋਇਆ। ਕੁਦਰਤਵਾਦ ਅਨੁਸਾਰ ਅਲੌਕਿਕ ਜਾਂ ਅਧਿਆਤਮਕ ਦੇ ਬਜਾਏ ਕੇਵਲ ਕੁਦਰਤੀ ਨਿਯਮ ਤੇ ਕੁਦਰਤੀ ਸ਼ਕਤੀਆਂ ਬ੍ਰਹਿਮੰਡ ਦਾ ਸੰਚਾਲਨ ਕਰਦੀਆਂ ਹਨ। ਬ੍ਰਹਿਮੰਡ ਦੀ ਬਦਲਦੀ ਬਣਤਰ ਅਤੇ ਵਿਵਹਾਰ, ਇਨ੍ਹਾਂ ਕੁਦਰਤੀ ਨਿਯਮ ਤੇ ਸ਼ਕਤੀਆਂ ਦੀ ਹੀ ਪੈਦਾਵਾਰ ਹੈ। ਵਿਗਿਆਨ ਦਾ ਮੁੱਢ ਬੰਨਦੇ ਹੋਏ ਕਰੀਬ 2600 ਸੌ ਸਾਲ ਪਹਿਲੇ ਗਰੀਕ ਫ਼ਿਲਾਸਫ਼ਰ ਥੇਲਜ਼ (624 ਤੋਂ 546 ਈਸਾ ਪੂਰਵ) ਨੇ ਇਹ ਵਿਚਾਰ ਵਿਕਸਤ ਕੀਤਾ ਕਿ ਬ੍ਰਹਿਮੰਡ ਅਤੇ ਇਸ ਵਿਚਲੇ ਵਰਤਾਰਿਆਂ ਨੂੰ ਰੱਬ, ਧਰਮ, ਤੇ ਮਿਥਹਾਸ ਦਾ ਸਹਾਰਾ ਲਏ ਬਿਨਾਂ ਹੀ ਸਮਝਿਆ ਜਾ ਸਕਦਾ ਹੈ। ਉਸ ਦੇ ਅਨੁਸਾਰ ਜਟਿਲ ਦਿਸਦੇ ਕੁਦਰਤੀ ਵਰਤਾਰਿਆਂ ਨੂੰ ਸਾਦੇ ਸਿਧਾਂਤਾਂ ਵਿੱਚ ਸਿਕੋੜ ਕੇ ਉਨਾਂ ਵਰਤਾਰਿਆਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਇਥੋਂ ਪੱਛਮੀ ਫ਼ਲਸਫ਼ੇ ਵਿੱਚ ਵਿਗਿਆਨ ਦਾ ਮੁੱਢ ਬੱਝਦਾ ਹੈ। ਕੁਦਰਤਵਾਦ ਤੇ ਵਿਗਿਆਨ ਵਿਚਕਾਰ ਇਸ ਗ਼ੈਰ-ਆਦਰਸ਼ਵਾਦੀ ਮੂਲ ਵਿਚਾਰ ਦੀ ਸਾਂਝ ਸਦਕੇ ਹੀ ਸਦੀਆਂ ਸਦੀਆਂ ਤੱਕ ਵਿਗਿਆਨ ਨੂੰ ਕੁਦਰਤੀ ਫ਼ਲਸਫ਼ਾ ਕਿਹਾ ਜਾਂਦਾ ਰਿਹਾ ਤੇ ਵਿਗਿਆਨੀਆਂ ਨੂੰ ਕੁਦਰਤੀ ਫ਼ਿਲਾਸਫ਼ਰ; ਵਿਗਿਆਨੀ ਪ੍ਰਾਚੀਨ ਸਮੇਂ ਦੇ ਕੁਦਰਤਵਾਦੀ ਹੀ ਹਨ।

ਜਿਵੇਂ ਪਹਿਲਾਂ ਹੀ ਇਸ਼ਾਰਾ ਕੀਤਾ ਜਾ ਚੁੱਕਿਆ ਹੈ, ਗੁਰਬਾਣੀ ਵਿਚਲੇ ਤਰਕ ਦੇ ਅਹਾਤੇ ਵਿੱਚ ਪ੍ਰਮਾਤਮਾ ਦੀ ਸਰਬੋਤਮਤਾ ਸ਼ਾਮਲ ਹੈ, ਜਦ ਕਿ ਵਿਗਿਆਨ ਵਿੱਚ ਸਰਬੋਤਮਤਾ ਵਿਗਿਆਨਕ ਵਿਧੀ ਦੀ ਹੈ, ਜਿਹਦੀ ਸ਼ੁਰੂਆਤ ਹੀ ਪਰਖ਼ੇ ਜਾ ਸਕਣ ਵਾਲੇ ਪਰਿਸਿਧਾਂਤ ਦੀ ਹੁੰਦੀ ਹੈ। ਆਦਰਸ਼ਵਾਦ/ਅਧਿਆਤਮਵਾਦ ਤੇ ਗੁਰਬਾਣੀ ਦਾ ਆਧਾਰ ਪ੍ਰਮਾਤਮਾ, ਪਰਖ਼ੇ ਜਾ ਸਕਣ ਵਾਲੇ ਪਰਿਸਿਧਾਂਤ ਤੋਂ ਆਜ਼ਾਦ ਹੈ। ਇਸ ਲਈ, ਅਧਿਆਤਮਵਾਦੀ ਤੇ ਵਿਗਿਆਨ ਵਿਚਕਾਰ 'ਪਰਖ਼ੇ ਜਾ ਸਕਣ ਵਾਲੇ ਹਾਈਪੋਥੇਸਿਜ਼' ਦਾ 'ਨਾ ਪਾਰ ਕੀਤਾ ਜਾ ਸਕਣ' ਵਾਲਾ ਪਾੜਾ ਹੈ।

ਇੰਟਰਫ਼ੇਸ. ਜਿੱਥੇ ਮਿਲਗੋਭਾ ਸੋਚ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਵੱਖ ਵੱਖ ਗਿਆਨ ਖ਼ੇਤਰਾਂ ਵਿੱਚਕਾਰ ਨਿਖੇੜਾ ਕਰਨਾ ਲਾਜ਼ਮੀ ਹੈ, ਉੱਥੇ ਸਾਨੂੰ ਇਹ ਨਹੀਂ ਭੁੱਲਣਾ

ਚਾਹੀਦਾ ਕਿ ਵੱਖ ਵੱਖ ਗਿਆਨ ਖ਼ੇਤਰ ਤੇ ਏਨ੍ਹਾਂ ਵਿਚਕਾਰ ਖਿੱਚੀਆ ਹੱਦਾਂ, ਯਾਨੀ ਇੰਟਰਫ਼ੇਸ, ਕੁਦਰਤ ਨੇ ਨਹੀਂ, ਬੰਦੇ ਨੇ ਬਣਾਏ ਨੇ, ਕੁਦਰਤ ਨੂੰ ਸਮਝਣ ਲਈ। ਇਹ ਇੰਟਰਫ਼ੇਸ ਬੰਦੇ ਦੀ ਕੁਦਰਤ ਬਾਰੇ ਜਾਣਨ ਦੀਆਂ ਤੇ ਜਾਣਨ ਢੰਗਾਂ ਦੀਆਂ ਸੀਮਾਵਾਂ ਤੇ ਕਮਜ਼ੋਰੀਆਂ ਦੀ ਵੀ ਤਰਜ਼ਮਾਨੀ ਕਰਦੇ ਨੇ। ਗਿਆਨ ਪ੍ਰਾਪਤੀ ਨੂੰ ਵੱਖ ਵੱਖ ਗਿਆਨ ਖ਼ੇਤਰਾਂ ਵਿੱਚ ਵੰਡਣਾ ਭਾਵੇਂ ਲਾਜ਼ਮੀ ਹੈ, ਇਸ ਨਾਲ ਤਿੰਨ ਵੱਡੇ ਨੁਕਸਾਨਾਂ ਦੇ ਖ਼ਤਰੇ ਬਣੇ ਰਹਿੰਦੇ ਨੇ, ਜਿਨ੍ਹਾਂ ਤੋਂ ਸਾਨੂੰ ਸਾਵਧਾਨ ਰਹਿਣਾ ਚਾਹੀਦਾ: ਬੰਦੇ ਦਾ ਆਪਣੇ ਗਿਆਨ ਖ਼ੇਤਰ ਦੇ ਖ਼ੂਹ ਦਾ ਡੱਡੂ ਬਣ ਜਾਣਾ ਤੇ ਹੋਰਨਾਂ ਗਿਆਨ ਖ਼ੇਤਰਾਂ ਪ੍ਰਤੀ ਕਦਰ ਵਿਕਸਿਤ ਨਾ ਕਰ ਸਕਣਾ; ਕੁਦਰਤ ਦੇ ਕੁਝ ਰਾਜ਼ਾਂ ਦਾ ਗਿਆਨ ਖ਼ੇਤਰਾਂ ਵਿਚਕਾਰਲੇ ਇੰਟਰਫ਼ੇਸਾਂ ਵਿੱਚ ਛੁਪੇ ਰਹਿ ਜਾਣਾ; ਅਤੇ ਇੰਟਰਫ਼ੇਸ ਨਾਲ ਸਬੰਧ ਰੱਖਦੇ ਬਿਆਨਾਂ ਜਾਂ ਗਿਆਨ ਨੂੰ ਗ਼ਲਤ ਖ਼ੇਤਰ ਨਾਲ ਨੱਥੀ ਕਰ ਦੇਣਾ। ਇਸ ਅਧਿਆਏ ਵਿੱਚ, ਅਸੀਂ ਇਸ ਤੀਜੇ ਖ਼ਤਰੇ ਨਾਲ ਨਜਿੱਠ ਰਹੇ ਹਾਂ। ਇਸ ਖ਼ਤਰੇ ਦੇ ਸੰਦਰਭ ਵਿੱਚ, ਇੱਥੇ ਅਸੀਂ ਪਹਿਲਾਂ ਹੀ ਸ਼ੁਰੂ ਕੀਤੀ ਹੋਈ ਗੱਲ ਨੂੰ ਕੰਢੇ ਲਾਉਂਦੇ ਹਾਂ।

ਇਸ ਅਧਿਆਏ ਵਿੱਚ ਦਿੱਤੀਆਂ ਪ੍ਰੀਭਾਸ਼ਾਵਾਂ ਤੋਂ ਸਪਸ਼ਟ ਹੈ ਕਿ ਵਿਗਿਆਨਕ ਵਿਧੀ, ਵਿਗਿਆਨਕ ਸੋਚ, ਤੇ ਵਿਗਿਆਨਕ ਪਹੁੰਚ ਦੂਸਰੇ ਗਿਆਨ ਖ਼ੇਤਰਾਂ ਦੇ ਵਿਗਿਆਨ ਨਾਲ ਲੱਗਦੇ ਇੰਟਰਫ਼ੇਸਾਂ (ਹੱਦਾਂ) 'ਤੇ ਬੈਠੇ ਹਨ, ਭਾਵ ਇਹ ਸੰਕਲਪ ਸਿਰਫ਼ ਵਿਗਿਆਨ ਦੇ ਖ਼ੇਤਰ ਵਿੱਚ ਹੀ ਨਹੀਂ, ਕਿਸੇ ਵੀ ਖ਼ੇਤਰ ਵਿੱਚ ਵਰਤੇ ਜਾ ਸਕਦੇ ਨੇ। ਜਿਵੇਂ ਪਿਛਲੇ ਦੋ ਅਧਿਆਵਾਂ ਦਿਖਾਇਆ ਗਿਆ ਹੈ, ਗੁਰੂ ਨਾਨਕ ਦੀਆਂ ਅਨੇਕਾਂ ਕਾਵਿ ਤੁਕਾਂ ਤੇ ਉਨ੍ਹਾਂ ਦੇ ਜੀਵਨ ਦੀਆਂ ਬੜੀਆਂ ਘਟਨਾਵਾਂ ਉਨ੍ਹਾਂ ਦੀ ਵਿਗਿਆਨਕ ਸੋਚ ਦਾ ਪ੍ਰਗਟਾਵਾ ਨੇ, ਮੁੱਖ ਤੌਰ 'ਤੇ ਅਧਿਆਤਮਵਾਦੀ ਫ਼ਲਸਫ਼ੇ ਦੇ ਘੇਰੇ ਅੰਦਰ। ਚਲੋ, ਇਹ ਭੁੱਲ ਜਾਓ ਕਿ 1) ਵਿਗਿਆਨਕ ਵਿਧੀ, ਵਿਗਿਆਨਕ ਸੋਚ, ਤੇ ਵਿਗਿਆਨਕ ਪਹੁੰਚ, ਵਿਗਿਆਨ ਦੇ ਨਾਲ ਨਾਲ ਦੂਸਰੇ ਖ਼ੇਤਰਾਂ ਵਿੱਚ ਵੀ ਵਰਤੇ ਜਾ ਸਕਦੇ ਨੇ, 2) ਗੁਰਬਾਣੀ ਦਾ ਆਧਾਰ ਪ੍ਰਮਾਤਮਾ, ਪਰਖ਼ੇ ਜਾ ਸਕਣ ਵਾਲੇ ਪਰਿਸਿਧਾਂਤ ਤੋਂ ਆਜ਼ਾਦ ਹੈ; ਪਰ ਵਿਗਿਆਨ ਦਾ ਆਧਾਰ ਤਾਂ ਪ੍ਰਮਾਤਮਾ ਦੀ ਥਾਂ ਵਿਗਿਆਨਕ ਵਿਧੀ ਹੈ, ਜਿਹਦੀ ਸ਼ੁਰੂਆਤ ਹੀ ਪਰਖ਼ੇ ਜਾ ਸਕਣ ਵਾਲੇ ਪਰਿਸਿਧਾਂਤ ਦੀ ਹੁੰਦੀ ਹੈ। ਇਹ ਭੁੱਲ ਅਜੇਹੀ ਸਮਝ ਵੱਲ ਨੂੰ ਬੂਹਾ ਖ਼ੋਹਲ ਦਿੰਦੀ ਹੈ, ਜਿਸ ਅਨੁਸਾਰ ਹਰ ਵਿਗਿਆਨਕ ਸੋਚ, ਜਾਂ ਵਿਗਿਆਨਕ ਸੋਚ ਦੇ ਅੰਸ਼ਾਂ, ਵਾਲੀ ਲਿਖਤ ਵਿਗਿਆਨ ਦੇ ਘੇਰੇ ਵਿੱਚ ਆਉਂਦੀ ਹੈ, ਅਤੇ ਅਜੇਹੀਆਂ ਲਿਖਤਾਂ ਦੇ ਲੇਖਕ ਵਿਗਿਆਨੀ ਹਨ। ਫੇਰ ਵੀ, ਪੰਜਾਬ ਸਣੇ ਦੁਨੀਆ ਨੇ ਕਿਸੇ ਵੀ ਖਿੱਤੇ ਵਿੱਚ ਸਕੂਲ ਜਾਂ ਯੁਨੀਵਰਸਟੀਆਂ ਵਿਗਿਆਨ ਦੇ ਖ਼ੇਤਰਾਂ, ਜਿਵੇਂ ਫ਼ਿਜ਼ਿਕਸ, ਵਿੱਚ ਨਾਨਕਬਾਣੀ ਜਾਂ ਗੁਰਬਾਣੀ ਕਿਉਂ ਨਹੀਂ ਪੜ੍ਹਾਉਂਦੀਆਂ? ਇਸ ਸੁਆਲ ਦਾ ਜੁਆਬ ਇਸ ਅਧਿਆਏ ਵਿੱਚੋਂ ਲੱਭਿਆ ਜਾ ਸਕਦਾ।

**ਸਿੱਟੇ**- ਮੁੱਕਦੀ ਗੱਲ, ਫ਼ਲਸਫ਼ਾ ਤੇ ਵਿਗਿਆਨ ਦੇ ਗਿਆਨ ਖ਼ੇਤਰ ਹੀ ਨਹੀਂ, ਬਲਕਿ ਵਿਗਿਆਨ, ਵਿਗਿਆਨਕ ਵਿਧੀ, ਵਿਗਿਆਨਕ ਸੋਚ, ਤੇ ਵਿਗਿਆਨਕ ਪਹੁੰਚ

ਦੇ ਸੰਕਲਪ ਵੀ ਵੱਖ ਵੱਖ ਨੇ। 'ਵਿਗਿਆਨ' ਸਿਰਫ਼ ਵਿਗਿਆਨ ਦੇ ਖ਼ੇਤਰ ਵਿੱਚ ਹੀ ਹੁੰਦੀ ਹੈ, ਜਦ ਕਿ 'ਵਿਗਿਆਨਕ' ਕਿਸੇ ਵੀ ਖ਼ੇਤਰ ਵਿੱਚ ਹੋ ਸਕਦਾ ਹੈ, ਜਿਵੇਂ ਵਿਗਿਆਨਕ ਵਿਧੀ ਬਿਜ਼ਨਿਸ ਦੇ ਖ਼ੇਤਰ ਵਿੱਚ, ਤੇ ਵਿਗਿਆਨਕ ਪਹੁੰਚ ਸਮਾਜਿਕ ਮਸਲੇ ਹੱਲ ਕਰਨ ਲਈ ਵਰਤੀ ਜਾ ਸਕਦੀ ਹੈ। ਕਿੱਤੇ ਵਲੋਂ ਵਿਗਿਆਨੀ ਬੰਦਾ ਜ਼ਰੂਰੀ ਨਹੀਂ ਕਿ ਆਪਣੀ ਜ਼ਿੰਦਗੀ ਵਿੱਚ ਵਿਗਿਆਨਕ ਸੋਚ ਜਾਂ ਵਿਗਿਆਨਕ ਪਹੁੰਚ ਅਪਣਾਉਂਦਾ ਹੋਵੇ; ਤੇ ਵਿਗਿਆਨਕ ਖ਼ਿਆਲ ਤੇ ਸੋਚ ਰੱਖਣ ਜਾਂ ਪ੍ਰਗਟ ਕਰਨ ਵਾਲਾ ਜ਼ਰੂਰੀ ਨਹੀਂ ਕਿ ਵਿਗਿਆਨੀ ਹੋਵੇ। ਅਧਿਆਤਮਵਾਦ ਤੇ ਵਿਗਿਆਨ ਦੀ ਇੱਕ ਦੂਜੇ ਨਾਲ ਪ੍ਰਾਚੀਨ ਕਾਲ ਤੋਂ ਹੀ 'ਕੱਚੀ' ਹੈ। ਅਧਿਆਤਮਵਾਦ ਦੇ ਬਾਹਲੇ ਦਾਅਵੇ, ਸੰਕਲਪ, ਤੇ ਖ਼ਿਆਲ ਕਿਉਂਕਿ ਆਪਣੇ ਆਪ ਨੂੰ ਭੌਤਿਕ ਟੈਸਟ ਜਾਂ ਪ੍ਰਯੋਗ ਦੇ ਅਧੀਨ ਨਹੀਂ ਕਰਦੇ, ਉਨ੍ਹਾਂ ਦੇ ਠੀਕ ਜਾਂ ਗਲਤ ਹੋਣ ਦੀ ਅਜ਼ਮਾਇਸ ਨਹੀਂ ਕੀਤੀ ਜਾ ਸਕਦੀ; ਜਦ ਕਿ ਅਜ਼ਮਾਇਆ ਨਾ ਜਾਣ ਸਕਣ ਵਾਲਾ ਦਾਅਵਾ ਜਾਂ ਖ਼ਿਆਲ ਨਾ ਵਿਗਿਆਨ ਦਾ ਹੁੰਦਾ ਹੈ ਤੇ ਨਾ ਹੀ ਵਿਗਿਆਨਕ। ਕਿਉਂਕਿ ਅਧਿਆਤਮਵਾਦੀ/ਆਦਰਸ਼ਵਾਦੀ ਫ਼ਲਸਫ਼ੇ ਤਰਕ ਦੇ ਅਹਾਤੇ ਵਿੱਚ ਪਰਮ-ਆਤਮਾ ਹੁੰਦਾ ਹੈ ਜੋ ਆਪਣੇ ਆਪ ਨੂੰ ਤਰਕ ਦੇ ਅਧੀਨ ਨਹੀਂ ਕਰਦਾ ਅਤੇ ਵਿਗਿਆਨ ਤੇ ਵਿਗਿਆਨਕ ਵਿਧੀ ਦੀ ਤਾਂ ਸ਼ੁਰੂਆਤ ਹੀ ਪਰਖ਼ੇ ਜਾ ਸਕਣ ਵਾਲੇ ਪਰਿਸਿਧਾਂਤ ਤੋਂ ਦੀ ਹੁੰਦੀ ਹੈ, ਇਸ ਲਈ ਵਿਗਿਆਨ ਰੱਬ ਦੇ ਮੁੱਦੇ ਨੂੰ ਸਿੱਧੇ ਤੌਰ 'ਤੇ ਸੰਬੋਧਨ ਨਹੀਂ ਕਰਦੀ; ਇਹ ਮੁੱਦਾ ਵਿਗਿਆਨ ਲਈ ਅਪ੍ਰਸੰਗਿਤ (irrelevant) ਹੁੰਦਾ ਹੈ। ਅਧਿਆਤਮਵਾਦੀ ਤੇ ਵਿਗਿਆਨ ਵਿਚਕਾਰ 'ਪਰਖ਼ੇ ਜਾ ਸਕਣ ਵਾਲੇ ਹਾਈਪੋਥੇਸਿਜ਼' ਦਾ 'ਨਾ ਪਾਰ ਕੀਤਾ ਜਾ ਸਕਣ' ਵਾਲਾ ਪਾੜਾ ਹੈ।

ਗੁਰੂ ਨਾਨਕ ਦੁਆਰਾ ਲਿਖੇ 'ਮੂਲ ਮੰਤਰ', ਜੋ ਗੁਰਬਾਣੀ ਦਾ ਕੇਂਦਰੀ ਬਿੰਦੂ ਹੈ, ਉਸ ਦਾ ਕੇਂਦਰੀ ਬਿੰਦੂ ਅਕਾਲ ਪੁਰਖ ਜਾਂ ਪਰਮਾਤਮਾ ਹੈ; ਇਸ ਲਈ, ਨਾਨਕਬਾਣੀ ਸਮੇਤ ਗੁਰਬਾਣੀ ਆਦਰਸ਼ਵਾਦੀ/ਅਧਿਆਤਮਵਾਦੀ ਫ਼ਲਸਫ਼ੇ, ਨਾ ਕਿ ਵਿਗਿਆਨ, ਦੇ ਘੇਰੇ ਵਿੱਚ ਆਉਂਦੀ ਹੈ। ਨਾਨਕਬਾਣੀ ਸਮੇਤ ਗੁਰਬਾਣੀ ਵਿਚ ਵਿਗਿਆਨਕ ਸੋਚ ਤੇ ਵਿਗਿਆਨਕ ਖ਼ਿਆਲਾਂ ਦੇ ਅੰਸ਼ ਸ਼ਾਮਲ ਹੈ, ਜ਼ਿਆਦਾਤਰ ਅਧਿਆਤਮਵਾਦ ਦੇ ਘੇਰੇ ਵਿੱਚ। ਬਿਨਾਂ ਸ਼ੱਕ, ਪੰਜਾਬ ਦੇ ਮਹਾਨ ਫ਼ਿਲਾਸਫ਼ਰ ਸਨ, ਜਿਹਨਾਂ ਦੀ ਸੋਚ ਜਾਂ ਵਿਚਾਰਧਾਰਾ ਅਧਿਆਤਮਵਾਦੀ ਫ਼ਲਸਫ਼ੇ ਦੇ ਚੌਖਟੇ ਵਿੱਚ ਵੀ ਵਿਗਿਆਨਕ ਸੁਭਾਅ ਵਾਲੀ ਤੇ ਪਹੁੰਚ ਭੂਤਮੁਖੀ ਨਾ ਹੋ ਕੇ ਭਵਿੱਖਮੁਖੀ ਹੋ ਨਿੱਬੜਦੀ ਹੈ।

ਵਿਗਿਆਨਕ ਵਿਧੀ, ਵਿਗਿਆਨਕ ਸੋਚ, ਤੇ ਵਿਗਿਆਨਕ ਪਹੁੰਚ ਵਿੱਚ ਤਰਕ ਹੁੰਦਾ ਹੈ, ਪਰ ਤਰਕ ਵਾਲੀ ਹਰ ਰਚਨਾ ਵਿਗਿਆਨ ਨਹੀਂ ਹੁੰਦੀ, ਪਰ ਹਰ ਤਰਕ ਵਿਗਿਆਨ ਦੀ ਰੂਹ ਹੁੰਦਾ ਹੈ। ਤਰਕ ਅਤੇ ਵਿਗਿਆਨ ਵਿੱਚ ਗੂੜ੍ਹਾ ਰਿਸ਼ਤਾ ਹੀ ਸੀ ਜਿਸਨੇ ਮੂਲ ਰੂਪ ਵਿੱਚ ਰੇਨਾਸਾਂਸ ਨੂੰ ਇਸ ਯੋਗ ਬਣਾਇਆ ਕਿ ਉਹਨੇ ਯੂਰਪ ਨੂੰ ਮੱਧਕਾਲੀ ਯੁੱਗ ਵਿੱਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਅਸੀਂ ਅਕਸਰ ਆਪਣੇ ਗੁਰੂ ਸਾਹਿਬਾਨਾਂ ਦੇ ਸਿਰ 'ਤੇ ਵਧਾ ਚੜ੍ਹਾ ਕੇ ਟਾਹਰਾਂ ਮਾਰਨੋਂ ਨਹੀਂ ਥੱਕਦੇ ਜਿਵੇਂ

"ਸਾਡੇ ਗੁਰੂ ਆਧੁਨਿਕ ਸਮਿਆਂ ਦੇ ਜਾਮਨ ਹਨ ਤੇ ਮਹਾਂ ਵਿਗਿਆਨੀ ਸਨ, ਉਹਨਾਂ ਨੇ ਆਉਣ ਵਾਲੇ ਸਮਿਆਂ ਲਈ ਵੀ ਵੱਡਮੁੱਲੀ ਅਗਵਾਈ ਪ੍ਰਦਾਨ ਕੀਤੀ, ਉਹਨਾਂ ਦੀ ਪ੍ਰਵਿਰਤੀ ਵਾਲੇ ਮਨੁੱਖਾਂ ਨੇ ਯੂਰਪ (ਤੇ ਹੋਰ ਪੱਛਮੀ ਦੇਸ਼ਾਂ) ਨੂੰ ਮੱਧ-ਕਾਲ ਦੇ ਹਨੇਰੇ ਵਿੱਚੋਂ ਕੱਢ ਕੇ ਆਧੁਨਿਕ ਸਮਿਆਂ ਦੇ ਦਰਵਾਜ਼ੇ ਉੱਤੇ ਲਿਆ ਖੜ੍ਹਾ ਕੀਤਾ।" ਪਰ, ਅਸੀਂ ਅਕਸਰ ਇਹ ਸਵਾਲ ਕਰਨੇ ਭੁੱਲ ਜਾਂਦੇ ਹਾਂ ਕਿ ਗੁਰੂਆਂ ਦੀ ਸ਼ੁਰੂ ਕੀਤੀ ਲਹਿਰ ਪੰਜਾਬ ਨੂੰ ਕਿਉਂ ਨਾ ਆਧੁਨਿਕ ਯੁੱਗ ਦੀਆਂ ਬਰੂਹਾਂ ਤੱਕ ਪਹੁੰਚਾ ਸਕੀ; ਆਧੁਨਿਕ ਯੁੱਗ ਲਈ ਕਿਉਂ ਸਾਨੂੰ ਇੰਗਲੈਂਡ ਦੀ ਗ਼ੁਲਾਮੀ ਤੱਕ ਉਡੀਕ ਕਰਨੀ ਪਈ; ਤੇ ਕਿਉਂ ਬਾਹਰਲੇ ਆਧੁਨਿਕ ਯੁੱਗ ਦੇ ਬਾਵਜੂਦ ਸਾਡੀ ਸੋਚ ਵਿੱਚ ਅਜੇ ਵੀ ਮੱਧਕਾਲੀ ਜਾਂ ਅਰਧ-ਮੱਧਕਾਲੀ ਯੁੱਗ ਦਾ ਹਨੇਰਾ ਹੈ? ਸ਼ਾਇਦ ਇਹ ਸਵਾਲ ਕਰਨਾ ਇਸ ਲਈ ਭੁੱਲ ਜਾਂਦੇ ਹਾਂ ਕਿਉਂਕਿ ਇਹਦਾ ਜਵਾਬ ਲੱਭਣ ਲਈ ਆਪਣੀ ਪੀੜ੍ਹੀ ਥੱਲੇ ਸੋਟਾ ਫ਼ੇਰਨਾ ਪਏਗਾ। ਪਰ, ਇਸ ਤਰ੍ਹਾਂ ਦੇ ਸਵਾਲ ਅਸੀਂ ਅਗਲੇ ਅਧਿਆਏ ਵਿੱਚ ਪੁੱਛਦੇ ਤੇ ਵਿਚਾਰਦੇ ਹਾਂ।

# ਅਧਿਆਏ 7

## ਯੂਰਪੀਅਨ ਰੇਨਾਸਾਂਸ ਲਹਿਰ ਤੇ ਪੰਜਾਬ ਜਾਗਰਤੀ ਲਹਿਰ ਦੇ ਨਤੀਜੇ: ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆ ਨੇ



*ਰਣਜੀਤ ਸਿੰਘ : ਪੰਜਾਬ ਜਾਗਰਤੀ ਲਹਿਰ ਦਾ ਇੱਕ ਵਾਰਿਸ, ਸ਼ੁਕਰਚੱਕੀਆ ਮਿਸਲ ਦਾ ਮਿਸਲਦਾਰ, ਜਿਹਨੇ ਸੰਨ 1799 ਵਿੱਚ ਲਾਹੌਰ 'ਤੇ ਕਬਜ਼ਾ ਕਰਕੇ ਤੇ ਸਿੱਖ ਮਿਸਲਾਂ ਨੂੰ ਇੱਕਠਾ ਕਰਕੇ, ਜਮਹੂਰੀਅਤ ਲਾਗੂ ਕਰਨ ਦੀ ਬਜਾਏ ਸੰਨ 1801 ਵਿੱਚ ਆਪਣੇ ਆਪ ਨੂੰ ਮਹਾਰਾਜਾ ਥਾਪ ਲਿਆ।*



*ਜੌਰਜ ਵਾਸ਼ਿੰਗਟਨ : ਯੂਰਪੀਅਨ ਰੇਨਾਸਾਂਸ ਲਹਿਰ ਦਾ ਇੱਕ ਵਾਰਿਸ, ਅਮਰੀਕੀ ਫ਼ੌਜ ਦਾ ਕਮਾਂਡਰ, ਜਿਹਨੇ ਇੰਗਲੈਂਡ ਦੇ ਖ਼ਿਲਾਫ ਆਜ਼ਾਦੀ ਦਾ ਯੁੱਧ ਜਿੱਤਣ ਤੋਂ ਬਾਅਦ ਆਪਣੇ ਆਪ ਨੂੰ ਬਾਦਸ਼ਾਹ ਥਾਪਣ ਦੀ ਬਜਾਏ ਅਮਰੀਕਾ ਵਿਚ ਜਮਹੂਰੀਅਤ ਲਾਗੂ ਕਰਨ ਦਾ ਐਲਾਨ ਕਰ ਦਿੱਤਾ, ਤੇ ਸੰਨ 1789 ਵਿੱਚ ਅਮਰੀਕਾ ਦਾ ਪਹਿਲਾਂ ਚੁਣਿਆਂ ਪ੍ਰਧਾਨ ਬਣਿਆਂ।*

ਹੁਣ ਤੱਕ ਇਸ ਕਿਤਾਬ ਵਿੱਚ ਇਹ ਸਥਾਪਿਤ ਹੋ ਚੁੱਕਿਆ ਹੈ ਕਿ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਲਹਿਰ ਦੇ ਸਾਂਝੇ ਤੱਤਾਂ ਵਿੱਚੋਂ 'ਚੋਂ ਮੁੱਖ ਸਨਃ ਮਨੁੱਖੀ ਨੈਤਿਕਤਾ, ਮਨੁੱਖੀ ਆਤਮ-ਸਨਮਾਨ, ਮਨੁੱਖੀ ਹੱਕ ਤੇ ਬਰਾਬਰੀ, ਮਨੁੱਖੀ ਸਾਂਝੀਵਾਲਤਾ, ਤੇ ਹੋਰ ਮਨੁੱਖੀ ਕਦਰਾਂ-ਕੀਮਤਾਂ ਦੀ ਮਾਨਤਾ, ਸਮਰਥਨ ਅਤੇ ਵਰਤੋਂ; ਲੋਕ ਭਲਾਈ ਲਈ ਸਰਗਰਮੀਆਂ; ਧਰਮ ਦੀਆਂ ਕੁਰੀਤੀਆਂ ਦਾ ਵਿਰੋਧ; ਅੰਧ-ਵਿਸ਼ਵਾਸਾਂ ਦਾ ਖੰਡਨ ਤੇ ਤਰਕ ਦੀ ਵਰਤੋਂ; ਅਤੇ ਗਿਆਨ ਦਾ ਪਸਾਰਾ ਤੇ ਵਰਤੋਂ। ਇੰਝ ਇਨ੍ਹਾਂ ਲਹਿਰ ਦੇ ਮਿੱਥੇ ਤੇ ਅਣਮਿੱਥੇ ਮੁੱਖ ਉਦੇਸ਼ ਵੀ ਮੂਲ ਰੂਪ ਕੁਦਰਤੀ ਤੌਰ 'ਤੇ ਸਾਂਝੇ ਸਨ, ਵੱਖ ਵੱਖ ਸਥਾਨਕ ਹਾਲਤਾਂ ਦੇ ਬਾਵਜੂਦ ਵੀ। ਉਦਾਹਰਣ ਵਜੋਂ, ਮਨੁੱਖੀ ਬਰਾਬਰੀ ਦੇ ਪ੍ਰਸੰਗ ਵਿੱਚ, ਪੰਜਾਬ ਵਿੱਚ 'ਉੱਚੀਆਂ' 'ਨੀਵੀਂਆਂ' ਜਾਤਾਂ ਸਨ, ਤੇ ਯੂਰਪ ਵਿੱਚ 'ਉੱਚੀਆਂ' 'ਨੀਵੀਂਆਂ' ਸ਼ੋਸ਼ਲ ਜਮਾਤਾਂ ਸਨ। ਇਸ ਸੰਦਰਭ ਵਿੱਚ, ਇਨ੍ਹਾਂ ਦੋ ਮਾਨਵਵਾਦੀ ਲਹਿਰਾਂ ਦਾ ਮੂਲ ਸਾਂਝਾ

ਉਦੇਸ਼ ਸੀ: ਲਿੰਗ, ਜਾਤ-ਪਾਤ, ਨਸਲ, ਅਮੀਰੀ-ਗ਼ਰੀਬੀ, ਆਦਿ ਦੇ ਆਧਾਰ 'ਤੇ ਦਰ੍ਹਾਂਡੇ ਦਾ ਖ਼ਾਤਮਾ।

ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਲਹਿਰ ਵਿਚਕਾਰ ਮੁੱਖ ਤੱਤ ਤੇ ਉਦੇਸ਼ ਦੀ ਸਾਂਝ ਇਨ੍ਹਾਂ ਦੋ ਲਹਿਰਾਂ ਦੇ ਤੁਲਨਾਤਮਕ ਅਧਿਅਨ ਦਾ ਸੁਨਹਿਰੀ ਮੌਕਾ ਪੇਸ਼ ਕਰਦੀ ਹੈ, ਜਿਸ ਨੂੰ ਵਰਤਦੇ ਹੋਏ, ਇਸ ਅਧਿਆਏ ਵਿੱਚ, ਅਸੀਂ ਜਾਂਚ ਕਰਦੇ ਹਾਂ ਕਿ ਇਹ ਦੋ ਲਹਿਰਾਂ ਸਮੁੱਚੇ ਰੂਪ ਵਿੱਚ ਆਪਣੇ ਉਦੇਸ਼ਾਂ ਦੀ ਪੂਰਤੀ ਵਿੱਚ ਕਿੰਨੀਆਂ ਕਾਮਯਾਬ ਜਾਂ ਨਾਕਾਮਯਾਬ ਰਹੀਆਂ। ਅਸੀਂ ਜਿੱਤ ਜਾਂ ਹਾਰ ਦੇ ਮੁੱਖ ਲੱਛਣ (symptom) ਨੂੰ ਪਹਿਚਾਣਦੇ ਹੋਏ ਉਨ੍ਹਾਂ 'ਤੇ ਵਿਚਾਰ ਕਰਾਂਗੇ। ਇਸ ਜਾਂਚ-ਪੜਤਾਲ ਕਰਨ ਲਈ ਅਸੀਂ ਇੱਕ ਤਕਨੀਕ ਵਰਤਦੇ ਹਾਂ, ਜਿਹਨੂੰ ਪੁੱਠੀ ਇੰਜੀਨੀਅਰਿੰਗ ਕਿਹਾ ਜਾਂਦਾ ਹੈ। ਇਸ ਤਕਨੀਕ ਨੂੰ ਲਾਗੂ ਕਰਨ ਲਈ ਅਸੀਂ ਕਿਸੇ ਵਰਤਾਰੇ ਜਾਂ ਸਿਸਟਮ ਬਾਰੇ ਸਵਾਲਾਂ ਦੇ ਉੱਤਰ ਲੱਭਣ ਲਈ ਵਰਤਾਰੇ ਜਾਂ ਸਿਸਟਮ ਦੇ ਨਤੀਜਿਆਂ ਜਾਂ ਮੌਜੂਦਾ ਅਵਸਥਾ ਤੋਂ ਸ਼ੁਰੂ ਕਰਕੇ ਉਨ੍ਹਾਂ ਦੇ ਇਤਿਹਾਸ ਪੁੱਠਾ ਗੇੜਦੇ, ਯਾਨਿ rewind ਕਰਦੇ ਹਾਂ, ਕਿਸੇ ਫ਼ਿਲਮ ਵਾਂਗ।

**ਅੱਜ ਕਿਹੜਾ ਯੁੱਗ?** ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਲਹਿਰ ਦੀ ਜਿੱਤ ਜਾਂ ਹਾਰ ਦੇ ਮੁੱਖ ਲੱਛਣਾਂ ਦੀ ਭਾਲ ਵਿੱਚ ਅਸੀਂ ਅੱਜ ਤੋਂ ਸ਼ੁਰੂ ਕਰਦੇ ਹਾਂ। ਰੇਨਾਸਾਂਸ ਲਹਿਰ ਦੇ ਵਾਰਿਸ ਦੇਸ਼ ਆਧੁਨਿਕ ਯੁੱਗ ਵਿੱਚ ਜੀਅ ਰਹੇ ਹਨ; ਆਧੁਨਿਕ ਯੁੱਗ, ਜੋ ਰੇਨਾਸਾਂਸ ਵਿੱਚੋਂ ਜਾਂ ਇਸ ਤੋਂ ਨਿਕਲੀ ਪ੍ਰਬੋਧਨ ਲਹਿਰ ਵਿੱਚੋਂ ਜਨਮ ਕੇ ਇਨ੍ਹਾਂ ਹੀ ਇਨ੍ਹਾਂ ਦੇਸ਼ਾਂ ਵਿੱਚ ਵਿਕਸਤ ਹੁੰਦਾ ਰਿਹਾ ਹੈ। ਇਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਨੇ: ਯੂਰਪੀਅਨ ਦੇਸ਼, ਕੈਨੇਡਾ, ਤੇ ਅਮਰੀਕਾ; ਯਾਦ ਰਹੇ ਕਿ ਕੈਨੇਡਾ ਤੇ ਅਮਰੀਕਾ, ਜਿੱਦਾਂ ਉਹ ਅੱਜ ਜਾਣੇ ਜਾਂਦੇ ਨੇ, ਰੇਨਾਸਾਂਸ ਲਹਿਰ ਦੇ ਵਾਰਿਸਾਂ, ਯੂਰਪੀਅਨ ਲੋਕਾਂ, ਨੇ ਹੀ ਸ਼ੁਰੂ ਕੀਤੇ ਸਨ।

ਪੰਜਾਬ ਜਾਗਰਤੀ ਲਹਿਰ ਦਾ ਵਾਰਿਸ ਪੰਜਾਬ ਅਰਧ-ਆਧੁਨਿਕ ਯੁੱਗ ਜਾਂ ਅਰਧ-ਮੱਧਕਾਲੀ ਯੁੱਗ ਰਹਿੰਦਾ ਹੈ, ਕਿਉਂਕਿ ਇੱਥੇ ਆਪੇ ਕਮਾਇਆ ਆਧੁਨਿਕ ਯੁੱਗ ਕਦੇ ਨਾ ਆਇਆ; ਇੱਥੇ ਆਧੁਨਿਕ ਯੁੱਗ ਇਹਦੀ ਇੰਗਲੈਂਡ ਤੋਂ ਆਈ ਗ਼ੁਲਾਮੀ ਦਾਜ ਵਿੱਚ ਲਿਆਈ, ਨਾ ਕਿ ਅਰਥਚਾਰੇ ਜਾਂ ਵਿਗਿਆਨ ਵਿੱਚ ਤਰੱਕੀ ਕਾਰਨ ਆਇਆ।

**ਮਰਦ-ਔਰਦ ਬਰਾਬਰੀ ਦਾ ਹਾਲ** : ਭਾਵੇਂ ਸੰਪੂਰਣ ਮਰਦ-ਔਰਦ ਬਰਾਬਰੀ ਤਾਂ ਅਜੇ ਦੁਨੀਆ ਵਿੱਚ ਕਿਤੇ ਨਾ ਹੋਵੇ, ਪਰ ਪੰਜਾਬ ਸਣੇ ਭਾਰਤ ਦੇ ਮੁਕਾਬਲੇ, ਇਹ ਬਰਾਬਰੀ ਰੇਨਾਸਾਂਸ ਲਹਿਰ ਦੇ ਵਾਰਿਸ ਦੇਸ਼ਾਂ ਵਿੱਚ ਸੰਪੂਰਨ ਏੜ-ਗੇੜ ਕਹੀ ਜਾ ਸਕਦੀ ਹੈ। ਮਿਸਾਲ ਵਜੋਂ, ਮਾਪਿਆਂ ਦਾ ਬੱਚਿਆਂ ਪ੍ਰਤੀ ਵਤੀਰਾ ਕੱਢ-ਪਾ ਕੇ ਇੱਕੋ ਜਿਹਾ ਹੀ ਹੁੰਦਾ ਹੈ, ਬਿਨ੍ਹਾਂ ਲਿੰਗ ਦੇ ਭੇਦ-ਭਾਵ ਤੋਂ। ਯੁਵਾ ਅਵਸਥਾ ਤੋਂ ਹੀ ਕੁੜੀਆਂ, ਮੁੰਡਿਆਂ ਵਾਂਗੂ ਹੀ, ਆਪਣੀ ਜ਼ਿੰਦਗੀ ਦੇ ਫ਼ੈਸਲੇ ਖ਼ੁਦ ਕਰਨ ਲੱਗ ਪੈਂਦੀਆਂ ਨੇ। ਪੰਜਾਬ ਜਾਗਰਤੀ ਲਹਿਰ ਦੇ ਵਾਰਿਸ ਪੰਜਾਬ ਵਿੱਚ ਹਾਲਾਤ ਇਸਦੇ ਉਲਟ ਹਨ। ਇੱਥੇ ਅਸੀਂ ਗੁਰਬਾਣੀ ਦੀ ਉਲੰਘਣਾ ਕਰਦੇ ਹੋਏ ਸ਼ਰ੍ਹੇਆਮ ਔਰਤ ਦੇ ਮਰਦ ਨਾਲ ਬਰਾਬਰੀ ਹੱਕ ਉੱਪਰ ਛਾਪੇ ਮਾਰਦੇ ਹਾਂ। ਕਈ ਸਮਾਜਿਕ ਹਲਕਿਆਂ ਵਿੱਚ ਔਰਤ ਦੇ ਪੁਨਰ-ਵਿਆਹ ਦੀ ਹਾਲੇ ਵੀ

ਮਨਾਹੀ ਜਾਂ ਅਪ੍ਰਵਾਨਗੀ ਤਾਂ ਹੈ ਹੀ, ਉਨ੍ਹਾਂ ਨੂੰ ਪਹਿਲਾ, ਯਾਨੀ ਇੱਕੋ ਇੱਕ, ਵਿਆਹ ਵੀ ਆਪਣੀ ਮਰਜ਼ੀ ਨਾਲ ਨਹੀਂ ਕਰਾਉਣ ਦਿੱਤਾ ਜਾਂਦਾ। ਮਿਸਾਲ ਦੇ ਤੌਰ 'ਤੇ ਜੇ ਕੁੜੀ ਤੇ ਮੁੰਡੇ ਦੀ 'ਘਰ ਦਿਆਂ' ਦੀ ਮਰਜ਼ੀ ਤੋਂ ਬਗ਼ੈਰ ਆਪਸੀ ਸਮਝ ਬਣ ਜਾਵੇ, ਤਾਂ ਕੁੜੀ ਵਾਲਿਆਂ ਦੇ ਖ਼ਾਨਦਾਨ ਦੀ ਇੱਜਤ ਨੂੰ ਖ਼ਤਰਾ ਪੈ ਜਾਂਦਾ ਹੈ, ਭਾਈਚਾਰੇ ਵਿੱਚ 'ਨੱਕ ਵੱਢਿਆ' ਜਾਂਦਾ ਹੈ। ਸਾਡੀਆਂ ਮੱਧਕਾਲੀ ਯੁੱਗ ਦੀਆਂ ਇੱਜ਼ਤਾਂ/ਗੌਰਵਾਂ ਦੇ ਪੈਮਾਨਿਆਂ ਅਤੇ ਕਦਰਾਂ ਕੀਮਤਾਂ ਨੇ ਵਿਕਾਸ ਕਰਕੇ ਅਜੇ ਆਧੁਨਿਕਤਾ ਵਿੱਚ ਪ੍ਰਵੇਸ਼ ਨਹੀਂ ਕੀਤਾ। ਅਸੀਂ ਇੰਨੇ ਕੁ ਹੀ ਆਧੁਨਿਕ ਹੋਏ ਹਾਂ ਕਿ ਆਧੁਨਿਕ ਟੈਕਨੋਲੋਜੀ ਤੇ ਸੰਦਾਂ ਨੂੰ ਆਪਣੀ ਮੱਧਕਾਲੀ ਯੁੱਗ ਦੀ ਸੋਚ ਦੀ ਸੇਵਾ ਵਿੱਚ ਹੀ ਵਰਤਦੇ ਹਾਂ। ਮਸਲਨ, ਕਈ ਲੋਕ ਇਸ ਟੈਕਨੋਲੋਜੀ ਦੇ ਆਸਰੇ ਪਤਾ ਲਗਾਉਂਦੇ ਨੇ ਕਿ ਬਣਨ ਵਾਲੀ ਮਾਂ ਦੇ ਗਰਭ ਵਿੱਚ ਜੋ ਪਲ ਰਿਹਾ ਹੈ ਉਹ ਜਾਂ ਬੱਚੀ ਹੈ ਜਾਂ ਬੱਚਾ, ਤਾਂ ਕਿ ਜੇ ਬੱਚੀ ਹੋਵੇ ਤਾਂ ਗਰਭ ਗਿਰਾ ਉਹਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਸਕਣ, ਆਦਿ। ਜਿਵੇਂ ਪਹਿਲਾਂ ਹੀ ਅਧਿਆਏ 2 ਵਿੱਚ ਦਿਖਾਇਆ ਗਿਆ ਹੈ, ਗੁਰੂ ਤੇ ਗੁਰਬਾਣੀ ਇਸ ਜ਼ਾਲਮਾਨਾ ਸਮਾਜਿਕ ਕੁਰੀਤੀ ਵਿਰੁੱਧ ਆਵਾਜ਼ ਉਠਾਉਂਦੇ ਹੋਏ ਇਹਨੂੰ ਘੋਰ ਪਾਪ ਕਰਾਰ ਦਿੰਦੇ ਹਨ।

**ਜਾਤ-ਪਾਤ ਅਤੇ ਹੋਰ ਧਾਰਮਿਕ ਕੁਰੀਤੀਆਂ ਤੇ ਪਾਖੰਡਾਂ ਦਾ ਹਾਲ** : ਰੇਨਾਸਾਂਸ ਲਹਿਰ ਦੇ ਵਾਰਿਸ ਦੇਸ਼ਾਂ ਵਿੱਚ ਪੁਰਾਣੀਆਂ ਧਾਰਮਿਕ ਕੁਰੀਤੀਆਂ ਜਾਂ ਉਨ੍ਹਾਂ ਦੇ ਨਵੇਂ ਰੂਪਾਂ ਦਾ, ਪੰਜਾਬ ਦੇ ਮੁਕਾਬਲੇ, ਲੋਕਾਂ ਉੱਪਰ ਐਨਾ ਦਬਦਬਾ ਨਹੀਂ ਹੈ। ਮਿਸਾਲ ਵਜੋਂ, ਵਿਗਿਆਨ ਤੇ ਵਿਗਿਆਨਕ ਸੋਚ ਦੀ ਰੌਸ਼ਨੀ ਵਿੱਚ, ਜੋਤਸ਼, ਧਾਰਮਿਕ ਕਲਟਾਂ (cults), ਤੇ ਹੋਰ ਪਾਖ਼ੰਡਾਂ ਦਾ ਬੋਲਬਾਲਾ ਨਹੀਂ, ਜਦ ਕਿ ਪੰਜਾਬ ਵਿੱਚ ਹਾਲੇ ਵੀ ਮੱਧਯੁੱਗੀ ਜੋਤਸ਼ੀਆਂ, ਤਾਂਤਰਿਕ ਪਾਖ਼ੰਡੀਆਂ, ਤੇ ਪਾਖੰਡੀ ਬਾਬਿਆਂ ਦੀਆਂ ਪੌਂ ਬਾਰਾਂ ਹਨ। ਉਹ ਸਗੋਂ ਬਾਹਰਲੇ ਆਧੁਨਿਕ ਦੇਸ਼ਾਂ ਵਿੱਚ ਜਾ ਵਸੇ ਪੰਜਾਬੀਆਂ ਦੇ ਭਾਈਚਾਰਿਆਂ ਵਿੱਚ ਵੀ ਗੇੜਾ ਮਾਰ ਆਉਂਦੇ ਨੇ। ਪੱਛਮੀ ਦੇਸ਼ਾਂ ਵਿੱਚ ਅੱਜ ਦਾ 'ਰੇਨਾਸਾਂਸ ਮੈਨ', ਭਾਵੇਂ ਧਾਰਮਿਕ ਹੋਵੇ ਜਾਂ ਅਧਾਰਮਿਕ ਹੋਵੇ, ਅਕਸਰ ਵਿਗਿਆਨਕ ਸੋਚ ਦੀ ਰੌਸ਼ਨੀ ਵਿੱਚ ਤੁਰਦਾ ਹੋਇਆ ਮਨੁੱਖੀ ਹੱਕਾਂ, ਮਨੁੱਖੀ ਬਰਾਬਰੀ, ਤੇ ਹੋਰ ਆਧੁਨਿਕ ਮਨੁੱਖੀ ਕਦਰਾਂ-ਕੀਮਤਾਂ ਦਾ ਝੰਡਾ ਬਰਦਾਰ ਹੋ ਨਿੱਬੜਦਾ ਹੈ।

**ਯਾਦ ਕਰੋ**: 1) ਪਹਿਲੇ ਅਧਿਆਏ ਵਿੱਚ ਮੈਂ ਤੁਹਾਨੂੰ ਗੁਰੂਆਂ ਦੀ ਲਹਿਰ ਵਿੱਚੋਂ ਜਨਮੇ ਨਵੇਂ ਮਨੁੱਖ, ਪੰਜਾਬ ਦੇ 'ਰੇਨਾਸਾਂਸ ਮੈਨ', ਨਾਲ ਮਿਲਾਇਆ ਸੀ, ਜਿਸ ਨੂੰ 'ਸਿੱਖ' ਦਾ ਨਾਮ ਦਿੱਤਾ ਗਿਆ; 2) ਜਿਵੇਂ ਯੂਰਪ ਨੂੰ 'ਰੇਨਾਸਾਂਸ ਮੈਨ' ਆਧੁਨਿਕ ਯੁੱਗ ਵੱਲ ਲੈ ਗਿਆ, ਪੰਜਾਬ ਨੂੰ 'ਸਿੱਖ' ਨੇ ਆਧੁਨਿਕ ਯੁੱਗ ਵੱਲ ਲੈ ਜਾਣਾ ਸੀ। ਪੁੱਛਣਾ ਬਣਦਾ ਹੈ ਕਿ ਪੰਜਾਬ ਦੇ ਉਸ 'ਰੇਨਾਸਾਂਸ ਮੈਨ' ਦਾ ਅੱਜ ਕੱਲ੍ਹ ਕੀ ਹਾਲ ਹੈ।

ਉਹ ਗਰੰਥ ਸਾਹਿਬ 'ਤੇ ਸਤਿਕਾਰ ਨਾਲ ਚੌਰ ਵੀ ਕਰ ਰਿਹਾ ਹੈ, ਗਰੰਥ ਸਾਹਿਬ ਅੱਗੇ ਮੱਥਾ ਵੀ ਟੇਕ ਰਿਹਾ ਹੈ (ਸਤਿਕਾਰ ਕੋਈ ਬੁਰੀ ਚੀਜ਼ ਨਹੀਂ); ਪਰ ਕਿਧਰੇ ਉਹ ਧਰਮ ਦੇ ਤਾਣੇ-ਬਾਣੇ ਅੰਦਰ ਫ਼ਸਿਆ ਆਰਤੀ ਦੇ ਪਾਖ਼ੰਡ ਨੂੰ ਨਿਕਾਰਨ ਵਾਲੇ ਗੁਰੂ ਗ੍ਰੰਥ

ਸਾਹਿਬ ਦੀ ਥਾਲ ਵਿੱਚ ਦੀਵੇ ਬਾਲ ਕੇ ਉਤਾਰੀ ਜਾ ਰਹੀ ਆਰਤੀ ਵਿੱਚ ਵੀ ਸ਼ਰੀਕ ਹੋ ਰਿਹਾ ਹੈ। ਉਸੇ ਗਰੰਥ ਸਾਹਿਬ ਦੀ, ਜਿਸ ਵਿੱਚ ਲਿਖਿਆ ਹੈ:

**"ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥"**

(ਪੰਨਾ ੬੯੪)

**ਭਾਵ:** ਅਨਜਾਣ ਲੋਕ ਤੇਰੀ ਮੂਰਤੀ ਦੀ ਆਰਤੀ ਕਰਦੇ ਹਨ, ਪਰ ਮੇਰੇ ਲਈ, ਪ੍ਰਭੂ, ਤੇਰਾ ਨਾਮ ਹੀ ਆਰਤੀ ਹੈ; ਹੋਰ ਸਾਰੇ ਇਹ ਕੂੜ੍ਹ ਅਡੰਬਰ ਨੇ।

ਇਹ ਤੇ ਹੋਰ ਰਸਮਾਂ, ਜੋ ਗਰੰਥ ਸਾਹਿਬ ਸੰਗ ਜੋੜ ਦਿੱਤੀਆਂ ਗਈਆਂ ਨੇ, ਉਹ ਹਿੰਦੂ ਧਰਮ ਵਿੱਚਲੇ ਬ੍ਰਾਹਮਣਵਾਦ ਦੀ 'ਮੂਰਤੀ ਪੂਜਾ' ਦਾ ਹੀ ਬਦਲਿਆ ਹੋਇਆ ਰੂਪ ਹਨ; ਤੇ 'ਮੂਰਤੀ ਪੂਜਾ' ਦੇ ਅਡੰਬਰ ਦਾ ਖੰਡਨ ਪੰਜਾਬ ਜਾਗਰਤੀ ਲਹਿਰ ਦੇ ਸੰਚਾਲਕਾਂ ਨੇ ਕੀਤਾ, ਜਿਵੇਂ ਗਰੰਥ ਸਾਹਿਬ ਵੀ ਦਰਜ਼ ਹੈ:

**"ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ।**
**ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ।"**

(ਪੰਨਾ ੪੭੯)

**ਭਾਵ:** ਭੱਤ, ਦਾਲ, ਪੰਜੀਰੀ ਤਾਂ ਛਕਣ ਵਾਲਾ (ਪੁਜਾਰੀ ਜਾਂ ਸ਼ਰਧਾਲੂ) ਛਕ ਜਾਂਦਾ ਹੈ, ਇਸ ਮੂਰਤੀ ਦੇ ਮੂੰਹ ਵਿਚ ਕੁਝ ਵੀ ਨਹੀਂ ਪੈਂਦਾ (ਨਿਰਜਿੰਦ ਹੈ, ਖਾਵੇ ਕਿਵੇਂ?)

ਇਸੇ ਹੀ ਗਰੰਥ ਸਾਹਿਬ ਨੂੰ ਹੀ ਭੋਗ ਲਵਾ ਰਿਹਾ ਹੈ ਪੰਜਾਬ ਦਾ 'ਰੇਨਾਸਾਂਸ ਮੈਨ'। ਜ਼ਾਹਿਰ ਹੈ, ਉਹ ਗੁਰੂਬਾਣੀ ਨੂੰ ਜ਼ਿਆਤਰ ਜਪ ਹੀ ਰਿਹਾ ਹੈ, ਸਮਝ ਜਾਂ ਲਾਗੂ ਨਹੀਂ ਕਰ ਰਿਹਾ।

ਇਸੇ ਤਰ੍ਹਾਂ, ਕਈ ਥਾਂ ਗਰੰਥ ਸਾਹਿਬ ਦੀ ਗੁਰਬਾਣੀ ਤੀਰਥ/ਸਰੋਵਰ ਯਾਤਰਾ/ਇਸ਼ਨਾਨ ਦੇ ਅੰਧਵਿਸ਼ਵਾਸ/ਪਾਖ਼ੰਡ ਦਾ ਖੰਡਨ ਕਰਦੀ ਹੈ; ਫਿਰ ਵੀ ਪੰਜਾਬ ਦੇ ਗੁਰਦੁਆਰਿਆਂ ਨਾਲ ਬਣੇ ਸਰੋਵਰਾਂ ਵਿੱਚ ਸੰਗਰਾਂਦ, ਮੱਸਿਆ, ਤੇ ਹੋਰ ਖ਼ਾਸ ਮੌਕਿਆਂ 'ਤੇ ਹਿੰਦੂ ਸ਼ਰਧਾਲੂਆਂ ਦੀ ਤੀਰਥ ਯਾਤਰਾ/ਇਸ਼ਨਾਨ ਵਾਂਗ ਹੀ ਇਸ਼ਨਾਨ ਕਰਦਾ ਵੇਖਿਆ ਜਾਂਦਾ ਹੈ, ਪੰਜਾਬ ਦਾ 'ਰੇਨਾਸਾਂਸ ਮੈਨ'; ਉਸੇ ਜਿਹੀ ਹੀ ਸ਼ਰਧਾ ਤੇ ਭਾਵਨਾਵਾਂ ਨਾਲ। ਉਸ ਗੁਰਬਾਣੀ ਵਿੱਚ ਨਿਕਾਰੀ ਹੋਈ ਸਰਾਧ ਪ੍ਰਥਾ ਨੂੰ ਵੀ ਜਾਰੀ ਰੱਖ ਰਿਹਾ ਹੈ, ਭੋਜਨ ਚਾਹੇ ਬ੍ਰਾਹਮਣਾਂ ਨੂੰ ਛਕਾਇਆ ਜਾਏ ਜਾਂ ਬ੍ਰਾਹਮਣਾਂ ਦੀ ਥਾਂ 'ਸਿੱਖ ਬਹਿਠਾਏ' ਜਾਣ। ਕਿਧਰੇ ਇਹ ਵਹਿਮਾਂ ਤੇ ਅੰਧਵਿਸ਼ਵਾਸ ਵਿੱਚ ਜਕੜਿਆ ਪਾਖੰਡੀ ਬਾਬਿਆਂ, ਤਾਂਤਰਿਕ ਪਾਖ਼ੰਡੀਆਂ, ਤੇ ਜੋਤਸ਼ੀਆਂ ਆਦਿ ਹੱਥੋਂ ਲੁੱਟ ਹੋ ਰਿਹਾ ਹੈ; ਧਾਗੇ ਤਵੀਤ ਬੰਨਵਾ ਕਰ ਰਿਹਾ ਹੈ; ਸੱਖਣਾਂ ਸੁੱਖਣ, ਮੰਨਤਾਂ ਮੰਗਣ/ਮਨਾਉਣ, ਤੇ ਚੜ੍ਹਾਵੇ ਚੜ੍ਹਾਉਣ ਦੀਆਂ ਰਸਮਾਂ ਵਿੱਚ ਗੜੁੱਚ ਹੈ।

ਪੰਜਾਬ ਦੇ ਇਸ 'ਰੇਨਾਸਾਂਸ ਮੈਨ' ਨੇ ਗੁਰੂਆਂ ਤੇ ਗੁਰਬਾਣੀ ਨੂੰ ਸਮਝ ਕੇ ਜਾਤ-ਪਾਤ ਖ਼ਤਮ ਤਾਂ ਕੀ ਕਰਨੀ ਸੀ, ਖ਼ੁਦ ਜਾਤ-ਪਾਤ ਵਿੱਚ ਖ਼ੇਰੂੰ ਖ਼ੇਰੂੰ ਹੋ ਗਿਆ ਹੈ: ਜੱਟ

ਸਿੱਖ, ਮਜਹਬੀ ਸਿੱਖ, ਭਾਪੇ ਸਿੱਖ, ਰਾਮਗੜ੍ਹੀਏ ਸਿੱਖ, ਆਦਿਕ; ਗੁਰਦੁਆਰੇ ਵੀ ਜਾਤਾਂ ਵਿੱਚ ਵੰਡੇ ਗਏ: ਜੱਟਾਂ ਦਾ, ਭਾਪਿਆਂ ਦਾ, ਚਮਾਰਾਂ ਦਾ, ਤਰਖਾਣਾਂ ਦਾ ਗੁਰਦੁਆਰਾ। ਉਹ ਜਾਤ-ਪਾਤ 'ਤੇ ਵੀ ਨਹੀਂ ਰੁਕਦਾ; ਹੋਰ ਵੀ ਪਿੱਛੇ ਜਾਂਦਾ ਹੋਇਆ ਕਬੀਲਿਆਂ/ਗੋਤਾਂ ਵਿੱਚ ਵਟ ਜਾਂਦਾ ਹੈ ਤੇ 'ਸਾਹਿਬ' ਦੀ ਕਲਗੀ ਲਗਵਾਉਣ ਵਿੱਚ ਮਾਨ ਮਹਿਸੂਸ ਕਰਦਾ ਹੈ: ਬਰਾੜ ਸਾਹਿਬ, ਸੰਧੂ ਸਾਹਿਬ, ਢਿਲੋਂ ਸਾਹਿਬ, ਸੰਘੇੜਾ ਸਾਹਿਬ, ਕੋਹਲੀ ਸਾਹਿਬ, ਸੂਰੀ ਸਾਹਿਬ, ਆਦਿਕ। ਗੱਲ ਕੀ, ਪੰਜਾਬ ਦੇ 'ਰੇਨਾਸਾਂਸ ਮੈਨ', ਭਾਵ ਸਿੱਖ, ਬ੍ਰਾਹਮਣਵਾਦ ਤੇ ਸਿੱਖੀ ਬਰਾਂਡ ਵਾਲੇ ਬ੍ਰਾਹਮਣਵਾਦ ਦੇ ਭਰਮ/ਪਾਖ਼ੰਡ ਜਾਲ ਵਿੱਚ ਫਸਿਆ ਹੋਇਆ ਹੈ।

ਜਿਨ੍ਹਾਂ ਸਮਾਜਿਕ ਬੁਰਾਈਆਂ ਤੇ ਲਾਹਣਤਾਂ ਵਿਰੁੱਧ ਪੰਜਾਬ ਜਾਗਰਤੀ ਲਹਿਰ ਨੇ ਸੰਘਰਸ਼ ਕੀਤਾ ਉਹ ਲਗਭਗ ਸਾਰੀਆਂ ਕਿਸੇ ਨਾ ਕਿਸੇ ਰੂਪ ਵਿੱਚ ਅੱਜ ਵੀ ਬਰਕਰਾਰ ਨੇ। ਫ਼ਰਕ ਸਿਰਫ਼ ਇੰਨ੍ਹਾਂ ਹੈ ਕਿ ਹੁਣ ਇਹ ਸਮਾਜਿਕ ਲਾਹਣਤਾਂ ਸਿਰਫ਼ ਕੱਟੜ ਹਿੰਦੂ ਤੇ ਇਸਲਾਮ ਧਰਮਾਂ ਤੱਕ ਹੀ ਸੀਮਿਤ ਨਹੀਂ ਰਹੀਆ।

ਪੰਜਾਬ ਜਾਗਰਤੀ ਲਹਿਰ ਦੇ ਵਾਰਿਸਾਂ ਤੇ ਰੇਨਾਸਾਂਸ ਲਹਿਰ ਦੇ ਵਾਰਿਸਾਂ ਦੇ ਵੱਖ ਵੱਖ ਲੱਛਣ ਹੋਰ ਡੂੰਘਾਈ ਵਿੱਚ ਸਮਝਣ ਲਈ ਇਤਿਹਾਸ ਦੀ ਫ਼ਿਲਮ ਨੂੰ ਪੁੱਠਾ ਗੇੜਦੇ 18ਵੀਂ ਸਦੀ ਦੇ ਆਖ਼ਰੀ ਚੱਪੇ 'ਤੇ ਰੁਕ ਜਾਓ। ਇੱਥੇ ਮੈਂ ਤੁਹਾਡਾ ਧਿਆਨ ਦੋ ਵੱਖ ਵੱਖ ਦ੍ਰਿਸ਼ਾਂ ਵੱਲ ਖਿੱਚਣਾ ਚਾਹਾਂਗਾ: 1) ਅਮਰੀਕਾ ਦੀ ਜਮਹੂਰੀਅਤ, ਤੇ 2) ਪੰਜਾਬ ਦੀ ਬਾਦਸ਼ਾਹਤ।

**ਅਮਰੀਕਾ ਵਿੱਚ ਜਮਹੂਰੀਅਤ ਦੀ ਸ਼ੁਰੂਆਤ** : ਜਿੱਦਾਂ ਉਹ ਅੱਜ ਜਾਣਿਆ ਜਾਂਦਾ ਹੈ, ਅਮਰੀਕਾ ਦੀ ਇੱਕ ਆਜ਼ਾਦ ਕੌਮ ਤੇ ਦੇਸ਼ ਵਜੋਂ ਨੀਂਹ ਰੱਖਣ ਵਾਲਿਆਂ ਬੰਦਿਆਂ, ਜਿਨ੍ਹਾਂ ਨੂੰ ਅਮਰੀਕਾ ਵਿੱਚ ਫਾਉਂਡਿੰਗ ਫ਼ਾਦਰ (ਬਾਨੀ ਪਿਤਾ) ਵੀ ਕਿਹਾ ਜਾਂਦਾ ਹੈ, 'ਚੋਂ ਬਾਹਲੇ ਖ਼ੁਦ ਜਾਂ ਉਨ੍ਹਾਂ ਦੇ ਪਰਿਵਾਰ ਯੂਰਪ ਵਿੱਚੋਂ ਆਏ ਸਨ; ਉਨ੍ਹਾਂ ਦੀ ਸੋਚ ਰੇਨਾਸਾਂਸ ਤੇ ਉਸ ਦੇ ਨਤੀਜਿਆਂ ਤੋਂ ਪ੍ਰਭਾਵਿਤ ਸੀ। ਇੱਥੇ ਹੀ ਬੱਸ ਨਹੀਂ, ਜਿਵੇਂ ਅਧਿਆਏ 2 ਵਿੱਚ ਦੱਸਿਆ ਗਿਆ ਹੈ ਕਿ 1) ਰੇਨਾਸਾਂਸ ਤੋਂ ਨਿੱਕਲੀ ਪ੍ਰਬੋਧਨ (enlightenment) ਲਹਿਰ, ਜਿਸਨੇ ਆਪਣੇ ਧੁਰੇ ਵਿੱਚ ਰੇਨਾਸਾਂਸ ਦੇ ਤਰਕ ਅਤੇ ਮਾਨਵਵਾਦ ਦੇ ਨਾਲ ਨਾਲ ਵਿਗਿਆਨ ਵੀ ਸ਼ਾਮਲ ਕਰ ਲਈ, 18ਵੀਂ ਸਦੀ ਵਿੱਚ ਪੂਰੇ ਜੋਬਨ 'ਤੇ ਸੀ; ਅਤੇ 2) ਅਮਰੀਕਾ ਦੇ ਕਈ ਫਾਉਂਡਿੰਗ ਫ਼ਾਦਰ ਪ੍ਰਬੋਧਨ ਲਹਿਰ ਵਿੱਚ ਹਿੱਸਾ ਲੈ ਰਹੇ ਸਨ ਤੇ ਇਹਦੇ ਕੁਝ ਵਿਚਾਰਾਂ ਨੂੰ ਅਪਣਾਅ ਵੀ ਰਹੇ ਸਨ। ਸੋ, ਰੇਨਾਸਾਂਸ ਤੇ ਪ੍ਰਬੋਧਨ ਲਹਿਰਾਂ ਦੀ ਰੌਸ਼ਨੀ ਵਿੱਚ ਵੇਖਦਿਆਂ, ਇਹ ਕੋਈ ਅਚੰਭਾ ਨਹੀਂ ਕਿ 18ਵੀਂ ਸਦੀ ਦੇ ਨੌਵੇਂ ਦਹਾਕੇ ਦੌਰਾਨ ਅਮਰੀਕੀ ਫ਼ੌਜ ਦੇ ਕਮਾਂਡਰ ਜੌਰਜ ਵਾਸ਼ਿੰਗਟਨ ਨੇ ਇੰਗਲੈਂਡ ਦੇ ਖ਼ਿਲਾਫ ਆਜ਼ਾਦੀ ਦਾ ਯੁੱਧ ਜਿੱਤਣ ਤੋਂ ਬਾਅਦ ਆਪਣੇ ਆਪ ਨੂੰ ਬਾਦਸ਼ਾਹ ਥਾਪਣ ਦੀ ਬਜਾਏ ਅਮਰੀਕਾ ਵਿੱਚ ਜਮਹੂਰੀਅਤ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਹੈਰਾਨੀ ਏਸ ਗੱਲ ਦੀ ਵੀ ਨਹੀਂ ਹੋਣੀ ਚਾਹੀਦੀ ਕਿ ਜੁਲਾਈ 4, 1776 ਨੂੰ ਜਾਰੀ ਕੀਤੇ ਆਜ਼ਾਦੀ ਦੇ ਜਿਸ ਐਲਾਨਨਾਮੇ ਨੂੰ ਲਾਗੂ ਕਰਨ ਲਈ ਅਮਰੀਕੀ ਫ਼ੌਜ ਲੜੀ, ਉਸ ਐਲਾਨਨਾਮੇ ਦੇ ਸ਼ੁਰੂ ਵਿੱਚ ਇੱਕ ਹੋਰ ਬਾਨੀ ਪਿਤਾ, ਥੌਮਸ

ਜੈਫਰਸਨ, ਨੇ ਐਲਾਨ ਕੀਤਾ ਸੀ, "ਅਸੀਂ ਇਹ ਸਚਾਈ ਆਪਣੇ ਆਪ ਵਿੱਚ ਪ੍ਰਮਾਣਿਕ ਮੰਨਦੇ ਹਾਂ ਕਿ ਸਾਰੇ ਬੰਦੇ ਬਰਾਬਰ ਰਚੇ ਗਏ ਹਨ ਤੇ ਉਹ ਸਾਰੇ ਆਪਣੇ ਰਚਣਹਾਰੇ ਵਲੋਂ ਕੁਝ ਖ਼ਾਸ ਅਟੱਲ ਹੱਕਾਂ ਨਾਲ ਨਿਵਾਜ਼ੇ ਗਏ ਨੇ, ਜਿਨ੍ਹਾਂ ਵਿੱਚੋਂ ਕੁਝ ਹਨਃ ਜ਼ਿੰਦਗੀ, ਸਵਤੰਤਰਤਾ, ਤੇ ਖ਼ੁਸ਼ੀ ਦੀ ਭਾਲ।" ਜੇਮਜ਼ ਮੈਡੀਸਨ ਨੇ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ (1787) ਵਿਚ ਵੀ ਪ੍ਰਬੋਧਨ ਦੇ ਕੁਝ ਆਦਰਸ਼ਾਂ ਨੂੰ ਸ਼ਾਮਲ ਕੀਤਾ। ਸਪੱਸ਼ਟ ਹੈ ਕਿ, ਰੇਨਾਸਾਂਸ ਤੇ ਪ੍ਰਬੋਧਨ ਲਹਿਰਾਂ ਦਾ ਤਰਕ, ਮਾਨਵਵਾਦ, ਤੇ ਵਿਗਿਆਨ, ਇਨ੍ਹਾਂ ਬਾਨੀ ਪਿਤਾਵਾਂ ਦੇ ਸਿਰ ਚੜ੍ਹ ਬੋਲ ਰਿਹਾ ਸੀ। ਇਸ ਤਰ੍ਹਾਂ ਇਨ੍ਹਾਂ ਨੇ ਅਮਰੀਕਾ ਵਿੱਚ ਆਧੁਨਿਕ ਯੁੱਗ ਦੀ ਉਸਾਰੀ ਵਿੱਚ ਆਪਣਾ ਮਹੱਤਵਪੂਰਨ ਹਿੱਸਾ ਪਾਇਆ।

**ਪੰਜਾਬ ਵਿੱਚ ਬਾਦਸ਼ਾਹਤ ਦੀ ਬਹਾਲੀ** : ਪੰਜਾਬ ਵਿੱਚ 18ਵੀਂ ਸਦੀ ਦੇ ਆਖ਼ਰੀ ਚੱਪੇ 'ਤੇ ਪੁੱਜਣ ਤੋਂ ਪਹਿਲਾਂ, ਯਾਦ ਕਰੋ ਕਿ ਮੁਗ਼ਲ ਹਕੂਮਤ ਨਾਲ ਹਥਿਆਰਬੰਦ ਲੜਾਈ ਲੜਨ ਲਈ ਸਿੱਖ ਲਹਿਰ ਦੇ ਆਖ਼ਰੀ ਦੇਹਧਾਰੀ ਗੁਰੂ, ਗੋਬਿੰਦ ਸਿੰਘ, ਨੇ 1699 ਵਿੱਚ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ। ਗੁਰੂਆਂ ਤੋਂ ਬਾਅਦ ਬੰਦਾ ਸਿੰਘ ਬਹਾਦਰ ਮੁਗ਼ਲ ਹਕੂਮਤ ਖ਼ਿਲਾਫ਼ ਹਥਿਆਰਬੰਦ ਲੜਾਈ ਦੀ ਅਗਵਾਈ ਕਰਦਿਆਂ ਪਕੜੇ ਜਾਣ ਉਪਰੰਤ 1716 ਵਿੱਚ ਮੁਗ਼ਲ ਹਕੂਮਤ ਹੱਥੋਂ ਸ਼ਹੀਦ ਹੋਏ। 18ਵੀਂ ਸਦੀ ਦੇ ਦੂਜੇ ਅੱਧ ਵਿੱਚ, ਜਦੋਂ ਮੁਗ਼ਲ ਰਾਜ ਦੀਆਂ ਢਹਿੰਦੀਆਂ ਕਲਾਂ ਦਾ ਸਮਾਂ ਪਹਿਲਾਂ ਸ਼ੁਰੂ ਹੋ ਚੁੱਕਾ ਸੀ, ਸਿੱਖ ਜੱਥਿਆਂ ਨੇ ਮੁੜ ਸਰਗਰਮੀ ਫ਼ੜੀ; ਅਤੇ ਅਮਰੀਕਾ ਦੇ ਇੰਗਲੈਂਡ ਤੋਂ ਆਜ਼ਾਦੀ ਯੁੱਧ ਦੌਰਾਨ ਤੇ ਇਹਦੇ ਆਲੇ ਦੁਆਲੇ ਦੇ ਸਮੇਂ ਵਿੱਚ, ਸਿੱਖ ਪੰਜਾਬ ਵਿੱਚ ਛੋਟੇ ਛੋਟੇ ਰਾਜ ਸਥਾਪਤ ਕਰਨ ਲੱਗੇ, ਜਿਨ੍ਹਾਂ ਨੂੰ ਮਿਸਲਾਂ ਕਿਹਾ ਜਾਂਦਾ ਸੀ। ਸੰਨ 1799 ਵਿੱਚ ਸ਼ੁਕਰਚੱਕੀਆ ਮਿਸਲ ਦੇ ਮਿਸਲਦਾਰ ਰਣਜੀਤ ਸਿੰਘ ਦੀ ਫ਼ੌਜ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ, ਅਤੇ 1801 ਵਿੱਚ ਆਪਣੀ ਵਾਗਡੋਰ ਵਿੱਚਲੇ ਪੰਜਾਬ ਰਾਜ (ਸਟੇਟ) ਦੀ ਸਥਾਪਨਾ ਕੀਤੀ। ਪਰ, ਜਿੱਦਾਂ ਥੌਮਸ ਜੈਫਰਸਨ ਤੇ ਜੌਰਜ ਵਾਸ਼ਿੰਗਟਨ ਦੇ ਸਿਰ ਚੜ੍ਹ ਰੇਨਾਸਾਂਸ ਲਹਿਰ ਦਾ ਮਾਨਵਵਾਦ ਬੋਲਿਆ ਸੀ, ਲੱਗਦਾ ਹੈ ਕਿ ਉੱਦਾਂ ਰਣਜੀਤ ਸਿੰਘ ਦੇ ਸਿਰ ਚੜ੍ਹ ਕੇ ਪੰਜਾਬ ਜਾਗਰਿਤੀ ਲਹਿਰ ਦਾ ਮਾਨਵਵਾਦ ਨਹੀਂ ਬੋਲਿਆ, ਤੇ ਉਹਨੇ ਜਮਹੂਰੀਅਤ ਲਾਗੂ ਕਰਨ ਦੀ ਬਜਾਏ ਆਪਣੇ-ਆਪ ਨੂੰ ਮਹਾਰਾਜਾ ਥਾਪ ਦਿੱਤਾ। ਜ਼ਾਹਰਾ ਹੀ, ਰਣਜੀਤ ਸਿੰਘ ਸਿਰ ਚੜ੍ਹਕੇ ਰਾਜਿਆਂ-ਮਹਾਂਰਾਜਿਆਂ ਦੀਆਂ ਕਲਗੀਆਂ ਦੀ ਆਭਾ ਗੁਰੂਆਂ ਦੀ ਮਾਨਵਵਾਦੀ ਲਹਿਰ ਦੇ ਉਦੇਸ਼ਾਂ ਤੋਂ ਕਿਤੇ ਉੱਚੀ ਬੋਲੀ ਹੋਵੇਗੀ; ਨਹੀ ਤਾਂ ਮਨੁੱਖੀ ਸਾਂਝੀਵਾਲਤਾ, ਮਨੁੱਖੀ ਬਰਾਬਰੀ, ਤੇ ਮਨੁੱਖੀ ਕਦਰਾਂ-ਕੀਮਤਾਂ ਵਾਲਾ ਰੇਨਾਸਾਂਸ, ਗੁਰੂਆਂ, ਸੂਫੀਆਂ, ਭਗਤਾਂ ਦਾ ਮਾਨਵਵਾਦ ਇੱਕ ਆਦਮੀ ਜਾਂ ਪਰਿਵਾਰ ਦੇ ਰਾਜ ਤੋਂ ਦੂਰ ਤੇ ਜਮਹੂਰੀਅਤ ਨੇੜੇ ਸੀ। ਐਵੇਂ ਤਾਂ ਨਹੀਂ, ਭਗਤ ਰਵਿਦਾਸ ਨੇ ਗ਼ੁਲਾਮੀ ਦਾ ਵਿਰੋਧ ਕਰਦੇ ਹੋਏ ਸਵਰਾਜ (ਜਮਹੂਰੀਅਤ) ਦਾ ਸੁਪਨਾ ਲਿਆ ਸੀਃ

**"ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।**
**ਰਵਿਦਾਸ ਦਾਸ ਪਰਾਧੀਨ ਕੌ ਸਭਹੀ ਸਮਝੇ ਹੀਨ।**

**ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।**
**ਇੱਕ ਸੁੱਖ ਹੈ ਸਵਰਾਜ ਮੰਹਿ ਦੂਸਰ ਮਰਘਟ ਗਾਂਵ।"**

ਇਤਿਹਾਸ 'ਤੇ ਝਾਤ ਮਾਰਿਆ ਪਤਾ ਚੱਲਦਾ ਹੈ ਕਿ ਰਣਜੀਤ ਸਿੰਘ ਦੇ ਲੱਛਣ ਗੁਰੂ ਦੇ ਸਿੱਖਾਂ ਵਾਲੇ ਘੱਟ ਸਨ ਤੇ ਔਸਤਨ ਰਾਜਿਆਂ ਵਾਲੇ ਜ਼ਿਆਦਾ। ਰਣਜੀਤ ਸਿੰਘ ਬਾਰੇ ਹੇਠਾਂ ਪੇਸ਼ ਕੀਤੇ ਤੱਥ ਕੁਝ ਲੋਕਾਂ ਲਈ ਆਮ ਜਾਣਕਾਰੀ ਹੋਣਗੇ, ਪਰ ਇਹ ਇਤਿਹਾਸਕਾਰਾਂ ਤੇ ਵਿਦਵਾਨਾਂ ਦੀਆਂ ਲਿਖਤਾਂ ਤੋਂ ਵੀ ਲੱਭੇ ਜਾ ਸਕਦੇ ਨੇ। ਇਹ ਤੱਥ ਪੇਸ਼ ਕਰਨਾ ਰਣਜੀਤ ਸਿੰਘ ਦੇ ਬਹਾਦਰ ਹੋਣ ਨੂੰ ਚੁਣੌਤੀ ਨਹੀਂ, ਪਰ ਇੱਕ ਔਸਤਨ ਰਾਜੇ ਵਾਂਗ ਉਹਨੇ ਵੀ ਆਪਣੇ ਰਾਜ ਦੀਆਂ ਹੱਦਾਂ ਵਧਾਉਣ ਲਈ ਸਿਆਸੀ ਦਾਅ-ਪੇਚਾਂ ਤੇ ਸਾਜ਼ਿਸ਼ਾਂ ਦਾ ਇਸਤੇਮਾਲ ਕੀਤਾ। ਮਿਸਾਲ ਵਜੋਂ, ਲਹੌਰ 'ਤੇ ਕਬਜ਼ਾ ਕਰਨ ਬਾਅਦ ਸਿੰਘਾਸਣ ਗ੍ਰਹਿਣ ਕਰਨ ਦੌਰਾਨ ਬ੍ਰਾਹਮਣਵਾਦ ਦੀ ਰੀਤ ਨਿਭਾਉਂਦੇ ਮੱਥੇ ਤੇ ਟਿੱਕਾ ਲਗਵਾਇਆ, ਅਭਿਸ਼ੇਕ (ਜਲ ਛਿੜਕਣ), ਤੇ ਹੋਰ ਬ੍ਰਾਹਮਣਵਾਦੀ ਰਸਮਾਂ ਨਿਭਾਈਆਂ। ਉਸ ਦੇ ਰਾਜ ਸਮੇਂ ਸਿੱਖੀ ਦੇ ਅਸਥਾਨਾਂ 'ਤੇ ਮੂਲ ਵਿੱਚ ਬ੍ਰਾਹਮਣਵਾਦੀ ਰੀਤਾਂ ਤੇ ਪਾਖੰਡ ਖ਼ੂਬ ਪ੍ਰਫੁੱਲਤ ਹੋਏ, ਜਿਨ੍ਹਾਂ ਦਾ ਗੁਰੂਆਂ ਸਮੇਤ ਪੰਜਾਬ ਜਾਗਰਤੀ ਲਹਿਰ ਨੇ ਵਿਰੋਧ ਕੀਤਾ ਸੀ। ਗੁਰੂਆਂ ਦੁਆਰਾ ਸ਼ੁਰੂ ਕੀਤੀ ਮਾਨਵਵਾਦੀ ਲਹਿਰ ਦੇ ਮਨਸ਼ਿਆਂ ਹਿੱਤ ਜਾਂ ਲਹਿਰ ਨੂੰ ਫ਼ਿਰ ਸ਼ੁਰੂ ਕਰਨ ਲਈ ਉਹਨੇ ਡੱਕਾ ਭੰਨ ਕੇ ਦੋਹਰਾ ਨਾ ਕੀਤਾ। ਲੋਕਾਂ ਲਈ ਕੋਈ ਵਿਦਿਅਕ ਅਦਾਰਾ ਤਾਂ ਕੀ ਸ਼ੁਰੂ ਕਰਨਾ ਸੀ, ਗੁਰਬਾਣੀ ਜਾਂ ਗੁਰਮੱਤ ਦੀ ਸਿਖਿਆ ਤੇ ਖੋਜ ਲਈ ਵੀ ਕੋਈ ਕੇਂਦਰ ਨਾ ਖੋਲ੍ਹ ਸਕਿਆ; ਹਾਲਾਂ ਕਿ ਗੁਰੂਆਂ ਦੀ ਸਿੱਖ ਲਹਿਰ ਵਿੱਚ ਗਿਆਨ ਤੇ ਵਿਦਿਆ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਸੀ; ਸਿੱਖੀ ਸ਼ਬਦ ਦਾ ਅਰਥ ਹੀ ਹੈ: ਸਿੱਖਣਾ, ਸਿਖਾਉਣਾ। ਹੋਰ ਤਾਂ ਹੋਰ, ਉਸਨੇ ਪੰਜਾਬੀ ਲੋਕਾਂ ਦੀ, ਤੇ ਗੁਰਬਾਣੀ ਵਿੱਚ ਵਰਤੀ ਗਈ, ਪੰਜਾਬੀ ਭਾਸ਼ਾ ਦੁਰਕਾਰ ਕੇ ਬਦੇਸ਼ੀ ਭਾਸ਼ਾ, ਫਾਰਸੀ, ਨੂੰ ਸਰਕਾਰੀ ਭਾਸ਼ਾ ਬਣਾਈ ਰੱਖਿਆ। ਔਸਤਨ ਰਾਜਿਆਂ-ਮਹਾਰਾਜਿਆਂ ਵਾਂਗ ਹੀ ਰਣਜੀਤ ਸਿੰਘ ਵੀ ਇੱਕ ਐਸ਼ਪ੍ਰਸਤ ਬੰਦਾ ਸੀ ਜਿਹਦੀਆਂ ਕਈ ਔਰਤਾਂ ਸਨ, ਰਾਣੀਆਂ ਜਾਂ ਨਹੀਂ-ਰਾਣੀਆਂ; ਰਾਣੀ ਜਿੰਦਾਂ ਨਾਲ ਉਸਦੀ ਸ਼ਾਦੀ ਜਾ ਕੇ 1835 ਈਸਵੀ ਵਿੱਚ ਹੋਈ ਜਦੋਂ ਉਹ ਪਚਵੰਜਾ ਸਾਲ ਦੀ ਉਮਰ ਨੂੰ ਢੁੱਕ ਚੁੱਕਿਆ ਸੀ। ਉਸ ਦੀ ਮੌਤ ਬਾਅਦ ਉਸ ਦੀਆਂ ਚਾਰ ਹਿੰਦੂ ਰਾਣੀਆਂ ਅਤੇ ਸੱਤ ਗੋਲੀਆਂ ਨੂੰ ਸਤੀ ਕਰਵਾਇਆ ਗਿਆ; ਉਹ ਹੀ ਸਤੀ ਪ੍ਰਥਾ ਜਿਹਦਾ ਗੁਰੂਆਂ ਸਮੇਤ ਪੰਜਾਬ ਜਾਗਰਤੀ ਲਹਿਰ ਨੇ ਸਖ਼ਤ ਵਿਰੋਧ ਕੀਤਾ ਸੀ। ਇਹ ਕੁਛ ਤੱਥ ਇਸ ਗੱਲ ਦਾ ਪ੍ਰਮਾਣ ਨੇ ਕਿ ਰਣਜੀਤ ਸਿੰਘ ਦਾ ਔਰਤਾਂ ਪ੍ਰਤੀ ਤੇ ਹੋਰ ਰਵੱਈਆ ਗੁਰਬਾਣੀ ਤੇ ਗੁਰੂਆਂ ਦੇ ਸੰਦੇਸ਼ ਅਤੇ ਸਿੱਖ ਲਹਿਰ ਸਣੇ ਪੰਜਾਬ ਜਾਗਰਤੀ ਲਹਿਰ ਦੇ ਉਲਟ ਸੀ।

ਇਸ ਤਰ੍ਹਾਂ ਰਣਜੀਤ ਸਿੰਘ ਨੇ ਪੰਜਾਬ ਦੀ ਜਾਗਰਤੀ ਲਹਿਰ ਤੋਂ ਬਾਅਦ ਪੰਜਾਬ ਨੂੰ ਆਧੁਨਿਕ ਯੁੱਗ ਵੱਲ ਧੱਕਣ ਦੀ ਥਾਂ ਇਹਨੂੰ ਮੱਧਕਾਲੀ ਯੁੱਗ ਵਿੱਚ ਹੀ ਪਿਛਾਂਹ ਵੱਲ ਨੂੰ ਯੂ-ਟਰਨ (ਕੂਹਣੀ-ਮੋੜ) ਮਾਰਨ ਵਿੱਚ ਹਿੱਸਾ ਪਾਇਆ। ਪੰਜਾਬ ਜਾਗਰਤੀ ਲਹਿਰ ਦੇ

ਨਜ਼ਰੀਏ ਤੋਂ ਫ਼ੌਜਾਂ ਤਾਂ ਉਦੋਂ ਹੀ ਹਾਰ ਗਈਆਂ ਸਨ, ਜਦੋਂ ਆਧੁਨਿਕ ਯੁੱਗ ਦੇ ਸੰਦੇਸ਼ਵਾਹਕ, ਜਮਹੂਰੀਅਤ, ਨੂੰ ਲਾਗੂ ਕਰਨ ਦੀ ਬਜਾਏ ਰਣਜੀਤ ਸਿੰਘ ਨੇ ਮੱਧਕਾਲੀ ਯੁੱਗ ਦੀ ਰਾਜ-ਕਲਗੀ ਝੁਲਾ ਦਿੱਤੀ ਸੀ।

**ਸਿੱਟੇ**- ਮੁੱਕਦੀ ਗੱਲ, ਇਸ ਅਧਿਆਏ ਵਿੱਚ ਅਸੀਂ ਏਸ ਤੱਥ ਦਾ ਫ਼ਾਇਦਾ ਲੈਂਦਿਆਂ, ਕਿ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਲਹਿਰ ਦੇ ਤੱਤ ਤੇ ਉਦੇਸ਼ ਸਾਂਝੇ ਸਨ, ਇਨ੍ਹਾਂ ਦੋ ਲਹਿਰਾਂ ਦੇ ਤੁਲਨਾਤਮਕ ਅਧਿਅਨ ਦੁਆਰਾ ਇਨ੍ਹਾਂ ਦੀ ਜਿੱਤ ਜਾਂ ਹਾਰ ਦੇ ਮੁੱਖ ਲੱਛਣ ਨੂੰ ਪਹਿਚਾਣਿਆ ਤੇ ਜਾਂਚਿਆ ਹੈ। ਜਿਵੇਂ ਇਸ ਤੇ ਅਧਿਆਏ 5 ਵਿੱਚ ਦਿਖਾਇਆ ਗਿਆ ਹੈ ਕਿ ਜਿਨ੍ਹਾਂ ਸਮਾਜਿਕ ਤੇ ਧਾਰਮਿਕ ਬੁਰਾਈਆਂ, ਲਾਹਣਤਾਂ, ਕੁਰੀਤੀਆਂ, ਤੇ ਪਾਖੰਡਾਂ ਵਿਰੁਧ ਪੰਜਾਬ ਜਾਗਰਤੀ ਲਹਿਰ ਨੇ ਸੰਘਰਸ਼ ਕੀਤਾ; ਜਿਨ੍ਹਾਂ ਨੂੰ ਖ਼ਤਮ ਕਰਨ ਲਈ ਸੂਫ਼ੀਆਂ ਤੇ ਭਗਤਾਂ ਦੇ ਨਾਲ ਨਾਲ, ਗੁਰੂ ਸਾਹਿਬਾਨਾਂ ਨੇ ਆਪਣੇ ਜੀਵਨ ਤੇ ਲਹਿਰ ਦੇ ਸੰਚਾਲਕੀ ਘੇਰੇ ਵਿੱਚ ਸੁਧਾਰ ਲਾਗੂ ਕੀਤੇ ਤੇ ਸਮਾਜ ਵਿੱਚ ਲਾਗੂ ਕਰਨ ਲਈ ਲੋਕਾਂ ਵਿੱਚ ਜਾਗਰਤੀ ਪੈਦਾ ਕੀਤੀ; ਉਹ ਕਰੀਬ ਸਾਰੀਆਂ ਕਿਸੇ ਨਾ ਕਿਸੇ ਰੂਪ ਵਿੱਚ ਅੱਜ ਵੀ ਬਰਕਰਾਰ ਨੇ। ਫ਼ਰਕ ਸਿਰਫ਼ ਇੰਨ੍ਹਾਂ ਹੈ ਕਿ ਹੁਣ ਇਹ ਸਮਾਜਿਕ ਤੇ ਧਾਰਮਿਕ ਕੁਰੀਤੀਆਂ ਤੇ ਪਾਖ਼ੰਡ ਸਿਰਫ਼ ਕੱਟੜ ਹਿੰਦੂ ਤੇ ਇਸਲਾਮ ਧਰਮਾਂ ਤੱਕ ਹੀ ਸੀਮਿਤ ਨਹੀਂ ਰਹੇ। ਸਪਸ਼ਟ ਹੈ ਕਿ ਪੰਜਾਬ ਜਾਗਰਤੀ ਲਹਿਰ ਜਾਂ ਇਹਦੇ ਵਾਰਿਸ ਰਸਤੇ ਵਿੱਚੋਂ ਹੀ ਯੂ-ਟਰਨ (ਕੂਹਣੀ-ਮੋੜ) ਮਾਰ ਗਏ। ਇਹ ਪ੍ਰਤੱਖ ਰੂਪ ਵਿੱਚ ਪੰਜਾਬ ਜਾਗਰਤੀ ਲਹਿਰ ਦੀ ਹਾਰ ਦੇ ਲੱਛਣ ਨੇ; ਤੇ ਰਣਜੀਤ ਸਿੰਘ ਦਾ ਲਾਹੌਰ ਜਿੱਤਣ ਤੋਂ ਬਾਅਦ ਪੰਜਾਬ ਵਿੱਚ ਜਮਹੂਰੀਅਤ ਦੀ ਥਾਂ ਰਾਜਾਸ਼ਾਹੀ ਦਾ ਸਥਾਪਤ ਕਰਨਾ ਵੀ ਹਾਰ ਦਾ ਸੂਚਕ ਹੈ। ਜਿਵੇਂ ਪਿਛਲੇ ਅਧਿਆਵਾਂ ਵਿੱਚ ਦਿਖਾਇਆ ਗਿਆ ਹੈ, ਪੰਜਾਬ ਜਾਗਰਤੀ ਲਹਿਰ ਮਾਨਵਵਾਦ ਦੇ ਕੁਛ ਪੱਖਾਂ ਵਿੱਚ ਯੂਰਪੀਅਨ ਰੇਨਾਸਾਂਸ ਤੋਂ ਵੀ ਅੱਗੇ ਸੀ। ਇੰਝ ਉਹ ਜਿੱਤ ਕੇ ਵੀ ਹਾਰ ਗਈ। ਪਰ, ਇੱਥੇ ਅਸੀਂ ਹਾਰ ਦੇ ਲੱਛਣ (symptom)ਵਿਚਾਰੇ ਹਨ, ਹਾਰ ਦੇ ਮੂਲ ਕਾਰਣ ਨਹੀਂ। ਹਾਰ ਦੇ ਬੀਜ ਇਤਿਹਾਸ ਵਿੱਚ ਪਹਿਲਾਂ ਬੀਜੇ ਜਾ ਚੁੱਕੇ ਸਨ।

ਸਾਡੇ ਸਾਹਮਣੇ ਬੜੀ ਦਿਲਚਸਪ ਪਰਿਸਥਿਤੀ ਹੈ: ਇੱਕੋ ਜਿਹੇ ਚੱਜਾਂ, ਤੱਤਾਂ/ਅੰਸ਼ਾਂ, ਕੰਮਾਂ, ਤੇ ਉਦੇਸ਼ਾਂ ਵਾਲੀਆਂ ਦੋ ਸਮਕਾਲੀ ਲਹਿਰਾਂ; ਇੱਕ, ਯਾਨੀ ਰੇਨਾਸਾਂਸ ਲਹਿਰ, ਕਾਮਯਾਬ ਹੋ ਜਾਂਦੀ ਹੈ, ਅਤੇ ਦੂਸਰੀ, ਜਾਣਿ ਪੰਜਾਬ ਜਾਗਰਤੀ ਲਹਿਰ, ਬੁਰੀ ਤਰ੍ਹਾਂ ਫ਼ੇਲ੍ਹ। ਐਸਾ ਕਿਉਂ? ਹਾਰ ਦੇ ਮੂਲ ਕਾਰਣ ਲੱਭਣ ਲਈ ਸਾਨੂੰ ਇਤਿਹਾਸ ਦੀ ਫ਼ਿਲਮ ਨੂੰ ਹੋਰ ਵੀ ਪਿਛਾਂਹ ਮੋੜਨਾ ਪਵੇਗਾ, ਉਸ ਮੁਕਾਮ ਤੱਕ ਜਿੱਥੇ ਰੇਨਾਸਾਂਸ ਲਹਿਰ ਯੂਰਪ ਨੂੰ ਆਧੁਨਿਕ ਯੁੱਗ ਨਾਲ ਜੋੜਦੀ ਹੈ। ਉਸ ਮੁਕਾਮ ਉੱਪਰ ਖੜ੍ਹਕੇ ਅਸੀਂ ਅੱਗੇ ਨੂੰ ਅਤੇ ਹੋਰ ਵੀ ਪਿੱਛੇ ਵੇਖ ਕੇ ਪੰਜਾਬ ਜਾਗਰਤੀ ਲਹਿਰ ਦੀ ਹਾਰ ਦੇ ਮੁੱਖ ਕਾਰਣਾਂ ਦੀ ਸ਼ਨਾਖ਼ਤ ਕਰ ਸਕਾਂਗੇ। ਫਿਰ ਅਸੀਂ ਜਾਣ ਸਕਾਂਗੇ ਕਿ ਪੰਜਾਬ ਦੇ ਇਸ 'ਰੇਨਾਸਾਂਸ ਮੈਨ' ਦਾ ਇਸ ਅਧਿਆਏ ਵਿੱਚ ਵਰਣਨ ਕੀਤਾ ਹਾਲ ਕਿਉਂ ਹੋਇਆ। ਇਹ ਕੰਮ ਅਗਲੇ ਅਧਿਆਏ ਵਿੱਚ ਕੀਤਾ ਗਿਆ ਹੈ।

# ਅਧਿਆਏ 8

## ਪੰਜਾਬ ਜਾਗਰਤੀ ਲਹਿਰ ਤੇ ਯੂਰਪੀਅਨ ਰੇਨਾਸਾਂਸ ਲਹਿਰ: ਹਾਰ ਜਿੱਤ ਦੀਆਂ ਜੜ੍ਹਾਂ ਵਿੱਚ



*ਭੂਤਮੁਖੀ ਪਹੁੰਚ : ਜਿਹੜੀਆਂ ਕੌਮਾਂ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਭੂਤ ਦੇ ਖ਼ੰਡਰਾਂ 'ਚੋਂ ਤਲਾਸ਼ਦੀਆਂ ਨੇ, ਉਸ ਖ਼ੰਡਰ ਹੀ ਰਹਿੰਦੀਆਂ ਨੇ ਜਾਂ ਖ਼ੰਡਰ ਹੋ ਜਾਂਦੀਆਂ ਨੇ।*



*ਭਵਿੱਖਮੁਖੀ ਪਹੁੰਚ : ਜਿਹੜੀਆਂ ਕੌਮਾਂ ਅੱਜ ਦੀਆਂ ਸਮੱਸਿਆਵਾਂ ਪ੍ਰਤੀ ਵਿਗਿਆਨਕ ਤੇ ਭਵਿੱਖਮੁਖੀ ਪਹੁੰਚ ਅਪਣਾਉਂਦੀਆਂ ਨੇ, ਉਹ ਤਰੱਕੀ ਦੀਆਂ ਪੁਲਾਘਾਂ ਭਰਦੇ ਹੋਏ, ਅੱਗੇ ਵੱਧਦੀਆਂ ਜਾਂਦੀਆਂ ਨੇ।*

ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਮਾਨਵਵਾਦ ਲਹਿਰ ਇੱਕੋ ਜਿਹੇ ਚੱਜਾਂ, ਤੱਤਾਂ/ਅੰਸ਼ਾਂ, ਕੰਮਾਂ, ਤੇ ਉਦੇਸ਼ਾਂ ਵਾਲੀਆਂ ਦੋ ਸਮਕਾਲੀ ਲਹਿਰਾਂ ਸਨ। ਰੇਨਾਸਾਂਸ ਲਹਿਰ ਆਪਣੇ ਉਦੇਸ਼ਾਂ ਦੀ ਪੂਰਤੀ ਵਿੱਚ ਕਾਮਯਾਬ ਹੋਈ, ਪਰ ਪੰਜਾਬ ਜਾਗਰਤੀ ਲਹਿਰ, ਕੁੱਲ ਮਿਲਾ ਕੇ, ਬੁਰੀ ਤਰ੍ਹਾਂ ਫ਼ੇਲ੍ਹ; ਭਾਵੇਂ ਗੁਰੂਆਂ ਦੇ ਸਮੇਂ ਕਾਮਯਾਬੀ ਨਾਲ ਚਲਾਈ ਗਈ ਸੀ। ਇੰਝ ਕਿਉਂ ਹੋਇਆ? ਇਸ ਸਵਾਲ ਦਾ ਜਵਾਬ ਲੱਭਣਾ ਇਸ ਅਧਿਆਏ ਦਾ ਮੁੱਖ ਉਦੇਸ਼ ਹੈ। ਹਥਲੀ ਪਰਿਸਥਿਤੀ ਵਿੱਚ, ਉਪਰੋਕਤ ਸਵਾਲ ਦੇ ਜਵਾਬ ਦੀ ਤਲਾਸ਼ ਵਿੱਚ ਚੁੱਕਿਆ ਪਹਿਲਾ ਕਦਮ ਹੋਏਗਾ, ਇਹ ਪ੍ਰਸ਼ਨ ਪੁੱਛਣਾ: ਇਨ੍ਹਾਂ ਦੋ ਲਹਿਰਾਂ ਅਤੇ ਇਨ੍ਹਾਂ ਦੀਆਂ ਪਿੱਠਭੂਮੀਆਂ/ ਅਗਲਭੂਮੀਆਂ ਵਿੱਚ ਮੁੱਖ ਭਿੰਨਤਾਵਾਂ ਕੀ ਸਨ? ਇਸ ਕਾਰਜ ਲਈ, ਪਿਛਲੇ ਅਧਿਆਏ ਵਿੱਚ ਪੁੱਠੀ ਇੰਜੀਨੀਅਰਿੰਗ ਤਕਨੀਕ ਅਧੀਨ ਸ਼ੁਰੂ ਕੀਤੀ ਇਤਿਹਾਸ ਦੀ ਫ਼ਿਲਮ ਪਿਛਾਂਹ ਨੂੰ ਮੋੜੋ, ਉਸ ਮੁਕਾਮ ਤੱਕ ਜਿੱਥੇ ਰੇਨਾਸਾਂਸ ਲਹਿਰ ਯੂਰਪ ਨੂੰ ਆਧੁਨਿਕ ਯੁੱਗ ਨਾਲ ਜੋੜਦੀ ਹੈ। ਇਸ ਮੁਕਾਮ ਉੱਪਰ ਖੜ੍ਹਕੇ ਅਸੀਂ ਅੱਗੇ ਨੂੰ ਅਤੇ ਪਿੱਛੇ ਨੂੰ ਝਾਤ ਮਾਰ ਕੇ ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਲਹਿਰ ਵਿੱਚਕਾਰ ਮੁੱਖ ਢੁਕਵੀਆਂ ਭਿੰਨਤਾਵਾਂ ਦੀ ਸ਼ਨਾਖ਼ਤ ਕਰ ਸਕਾਂਗੇ। ਏਹੀ ਨਹੀਂ, ਅਸੀਂ ਹਰੇਕ ਪਹਿਚਾਣੀ ਭਿੰਨਤਾ ਦੀ ਜਾਂਚ ਕਰਾਂਗੇ ਕਿ ਉਹ ਕਿੰਝ ਜਿੱਤ ਜਾਂ ਹਾਰ ਦਾ ਕਾਰਣ ਬਣੀ।

**ਲਹਿਰ ਦਾ ਧਰਮ ਵਿੱਚ ਵਟਣਾ**- ਪੰਜਾਬ ਜਾਗਰਤੀ ਲਹਿਰ ਤੇ ਰੇਨਾਸਾਂਸ ਜਾਗਰਿਤੀ ਲਹਿਰ, ਦੋਵੇਂ ਮਾਨਵਵਾਦੀ ਲਹਿਰਾਂ, ਅਧਿਆਤਮਵਾਦ ਦੇ ਘੇਰੇ ਵਿੱਚ ਹੀ ਸ਼ੁਰੂ ਹੋਈਆਂ। ਮਿਸਾਲ ਵਜੋਂ, ਸਿੱਖ ਲਹਿਰ ਦੇ ਬਾਨੀ ਗੁਰੂ ਨਾਨਕ ਦੇਵ ਦੀ ਪਰਿਵਾਰਿਕ ਪਿੱਠਭੂਮੀ ਭਾਵੇਂ ਹਿੰਦੂ ਧਰਮ ਸੀ, ਪਰ ਉਹ ਖ਼ੁਦ ਕਿਸੇ ਵੀ ਸੰਗਠਿਤ ਧਰਮ ਦੇ ਪੈਰੋਕਾਰ ਨਹੀਂ ਸਨ, ਨਾ ਹੀ ਅਜੇਹੇ ਕਿਸੇ ਧਰਮ ਦੀ ਸਥਾਪਨਾ ਉਹਨਾਂ ਜਾਂ ਉਹਨਾਂ ਦੀ ਲਹਿਰ ਦਾ ਉਦੇਸ਼ ਸੀ। ਇਹਿਓ ਹਾਲ ਭਗਤਾਂ ਤੇ ਸੂਫ਼ੀ-ਫ਼ਕੀਰਾਂ ਦਾ ਸੀ। ਪੰਜਾਬ ਜਾਗਰਤੀ ਲਹਿਰ ਦੀ ਇਸ 'ਸੰਗਠਿਤ ਧਰਮ' ਰਹਿਤ ਨੀਤੀ ਦੇ ਗਵਾਹ ਲਹਿਰ-ਸੰਚਾਲਕਾਂ ਦੇ ਕੰਮਾਂ ਦੇ ਨਾਲ ਨਾਲ ਗੁਰਬਾਣੀ ਵੀ ਹੈ:

**"ਨਾ ਹਮ ਹਿੰਦੂ ਨ ਮੁਸਲਮਾਨ ॥**
**ਅਲਹ ਰਾਮ ਕੇ ਪਿੰਡੁ ਪਰਾਨ ॥"**

(ਪੰਨਾ ੧੧੩੬)

ਇਸ ਤੇ ਗਰੰਥ ਸਾਹਿਬ ਵਿੱਚ ਇਸ ਤੋਂ ਪਹਿਲੀਆਂ ਟੂਕਾਂ ਦਾ ਭਾਵ ਹੈ: ਮੈਂ ਕਿਸੇ (ਸੰਗਠਿਤ) ਧਰਮ ਦੀਆਂ ਰੀਤਾਂ, ਜਿਵੇਂ ਰੋਜੇ, ਤੀਰਥ ਯਾਤਰਾ, ਪੂਜਾ ਆਦਿ ਨਹੀਂ ਨਿਭਾਉਂਦਾ। ਮੈਂ ਅਜੇਹੇ ਕਿਸੇ ਧਰਮ, ਹਿੰਦੂਵਾਦ, ਇਸਲਾਮ ਆਦਿ, ਨੂੰ ਨਹੀਂ, ਸਿਰਫ਼ ਇਕ ਰੱਬ ਨੂੰ ਮੰਨਦਾ ਹਾਂ।

ਰੇਨਾਸਾਂਸ ਲਹਿਰ ਦੇ ਮਾਨਵਵਾਦੀ, ਭਾਵੇਂ ਚਰਚ ਦੀਆਂ ਕੁਰੀਤੀਆਂ, ਦੁਰਉਪਯੋਗ, ਤੇ ਦੁਰਵਿਵਹਾਰ ਵਿਰੁੱਧ ਤਰਕ ਦਾ ਹੱਲਾ ਬੋਲ ਰਹੇ ਸਨ, ਪਰ ਉਹ ਇਸਾਈ ਧਰਮ ਦੇ ਪੈਰੋਕਾਰ ਸਨ। ਇਤਿਹਾਸ ਗਵਾਹ ਹੈ ਕਿ ਅਧਿਆਤਮਵਾਦ ਦੇ ਘੇਰੇ ਵਿੱਚ ਸ਼ੁਰੂ ਹੋਈਆਂ

ਇਹ ਦੋ ਮਾਨਵਵਾਦੀ ਲਹਿਰਾਂ ਧਰਮ ਦੇ ਦ੍ਰਿਸ਼ਟੀਕੋਨ ਤੋਂ, ਸਮਾਂ ਪਾ ਕੇ, ਦੋ ਵਿਰੋਧੀ ਦਿਸ਼ਾਵਾਂ ਵਿੱਚ ਵਿਕਸਿਤ ਹੋਈਆਂ। ਯੂਰਪ ਵਿੱਚ ਜਦੋਂ ਵਿਗਿਆਨਕ ਖ਼ੋਜਾਂ ਨੇ ਸਿੱਧ ਕਰਨਾ ਸ਼ੁਰੂ ਕਰ ਦਿੱਤਾ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਨਹੀਂ ਹੈ, ਤਾਂ ਚਰਚ ਲੀਡਰਾਂ ਨੇ ਸਰ੍ਹੇਆਮ ਵਿਗਿਆਨ ਖ਼ਿਲਾਫ਼ ਖੜ੍ਹੇ ਹੋ ਕੇ ਇਨ੍ਹਾਂ ਖ਼ੋਜਾਂ ਨਾਲ ਸੰਬੰਧਿਤ ਵਿਗਿਆਨੀਆਂ ਨੂੰ ਖ਼ੱਜਲ-ਖੁਆਰ ਕਰਨਾ ਸ਼ੁਰੂ ਕਰ ਦਿੱਤਾ; ਚਰਚ ਲੀਡਰਾਂ ਦੀ ਸਮਝ ਅਨੁਸਾਰ ਇਹ ਸੱਚ ਬਾਈਬਲ ਵਿੱਚ ਪੇਸ਼ ਕੀਤੇ ਬ੍ਰਹਿਮੰਡ ਦੇ ਮੱਤ ਦੇ ਸੂਤ ਨਹੀਂ ਸੀ ਬਹਿੰਦਾ। ਰੇਨਾਸਾਂਸ ਮਾਨਵਵਾਦੀ ਲਹਿਰ ਨੇ ਆਪਣੀ ਤਰਕਸ਼ੀਲਤਾ 'ਤੇ ਪਹਿਰਾ ਦਿੰਦੇ ਹੋਏ ਚਰਚ ਵਲੋਂ ਲਏ ਵਿਗਿਆਨ ਵਿਰੋਧੀ ਸਟੈਂਡ ਨੂੰ ਰੱਦ ਕਰਦਿਆਂ ਵਿਗਿਆਨ ਦਾ ਸਾਥ ਦਿੱਤਾ। ਇਸ ਤਰ੍ਹਾਂ, ਹੌਲੀ ਹੌਲੀ ਮਾਨਵਵਾਦੀ ਲਹਿਰ ਅਧਿਆਤਮਵਾਦ ਦੇ ਘੇਰੇ ਦੀ ਚੁੰਗਲ ਤੋਂ ਬਾਹਰ ਹੋ ਨਿੱਕਲੀ। ਰੇਨਾਸਾਂਸ ਮਾਨਵਵਾਦੀਆਂ ਦੀ ਤਰਕਸ਼ੀਲ ਸੋਚ ਤੇ ਵਿਗਿਆਨਕ ਖ਼ੋਜਾਂ ਦੇ ਜਰੀਏ ਯੂਰਪ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ, ਤੇ ਨਤੀਜਣ ਯੂਰਪ ਤੇ ਹੋਰ ਪੱਛਮੀ ਦੇਸ਼ਾਂ ਦੇ ਚਿੰਤਕ ਤੇ ਲੋਕ ਜ਼ਿਆਦਾਤਰ ਵਿਗਿਆਨਕ ਤੇ ਭਵਿੱਖਮੁਖੀ ਸੋਚ ਅਪਣਾਉਂਦੇ ਗਏ। ਇਸ ਤਰ੍ਹਾਂ ਰੇਨਾਸਾਂਸ ਨੇ ਹੌਲੀ ਹੌਲੀ ਯੂਰਪ ਨੂੰ ਮੱਧਕਾਲੀਨ ਯੁੱਗ ਵਿੱਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ।

ਗੁਰੂ ਨਾਨਕ ਜੀ ਨੇ ਸੰਸਥਾਗਤ ਧਰਮਾਂ ਤੋਂ ਉਪਰ ਉੱਠਦੇ ਹੋਏ ਇਨ੍ਹਾਂ ਧਰਮਾਂ ਦੀ ਕੁਰੀਤੀਆਂ ਤੇ ਹੋਰ ਸਮਾਜਿਕ ਤੇ ਰਾਜਨੀਤਕ ਬੁਰਾਈਆਂ ਦਾ ਵਿਰੋਧ ਕਰਦੇ ਹੋਏ ਵਿਸ਼ਵ ਸੁਭਾਅ ਵਾਲੀ ਇਕ ਮਾਨਵਵਾਦੀ ਲਹਿਰ ਸ਼ੁਰੂ ਕੀਤੀ, ਜਿਹਨੂੰ ਜਾਰੀ ਰੱਖਦੇ ਹੋਏ ਬਾਅਦ ਦੇ ਗੁਰੂ ਸਾਹਿਬਾਨਾਂ ਨੇ ਅੱਗੇ ਵਧਾਇਆ। ਗੁਰੂ ਸਾਹਿਬਾਨਾਂ ਦੀ ਅਗਵਾਈ ਵਿੱਚ ਇਹ ਲਹਿਰ ਦੋ ਸਦੀਆਂ ਤੋਂ ਵੀ ਲੰਬੇ ਅਰਸੇ ਤਕ ਸਫਲਤਾਪੂਰਣ ਚੱਲੀ। ਇਸ ਲਹਿਰ ਦੀ ਪੰਜਾਬੀ ਸਮਾਜ ਸਣੇ ਭਾਰਤੀ ਸਮਾਜ ਤੇ ਸਮੁੱਚੀ ਮਨੁੱਖਤਾ ਨੂੰ ਵਡਮੁੱਲੀ ਇਤਿਹਾਸਕ ਦੇਣ ਹੈ। ਹੇਠਾਂ ਦਰਜ਼ ਕੁਛ ਤੱਥਾਂ ਨੂੰ ਵੱਖ ਵੱਖ ਇਤਿਹਾਸਕਾਰ ਤੇ ਵਿਦਵਾਨ ਆਪੋ-ਆਪਣੇ ਢੰਗਾਂ ਵਿਆਖਿਆਵਾਂ (interpretations) ਨਾਲ ਪੇਸ਼ ਕਰ ਸਕਦੇ ਨੇ, ਪਰ ਇਹ ਇਤਿਹਾਸਕ ਸਚਾਈਆਂ ਹਨ।

ਜਿਵੇਂ ਅਧਿਆਏ 2 ਵਿੱਚ ਦੱਸਿਆ ਗਿਆ ਹੈ ਕਿ ਰੇਨਾਸਾਂਸ ਤੋਂ ਨਿੱਕਲੀ ਪ੍ਰਬੋਧਨ (enlightenment) ਲਹਿਰ, ਜਿਹਨੇ ਆਪਣੇ ਧੁਰੇ ਵਿੱਚ ਰੇਨਾਸਾਂਸ ਦੇ ਤਰਕ ਤੇ ਮਾਨਵਵਾਦ ਦੇ ਨਾਲ ਨਾਲ ਵਿਗਿਆਨ ਵੀ ਸ਼ਾਮਲ ਕਰ ਲਿਆ, 18ਵੀਂ ਸਦੀ ਵਿੱਚ ਪੂਰੇ ਜੋਬਨ 'ਤੇ ਸੀ। ਉਦੋਂ ਜਦ ਰੇਨਾਸਾਂਸ ਤੇ ਪ੍ਰਬੋਧਨ ਲਹਿਰਾਂ ਦਾ ਤਰਕ, ਮਾਨਵਵਾਦ, ਤੇ ਵਿਗਿਆਨ ਯੂਰਪ ਤੇ ਅਮਰੀਕਾ ਨੂੰ ਆਧੁਨਿਕ ਯੁੱਗ ਨਾਲ ਜੋੜ ਰਹੇ ਸਨ, ਤਾਂ ਪੰਜਾਬ ਵਿੱਚ ਕੀ ਹੋ ਰਿਹਾ ਹੈ? ਆਖ਼ਰੀ ਗੁਰੂ, ਗੋਬਿੰਦ ਸਿੰਘ, ਤੋਂ ਬਾਅਦ ਜਲਦੀ ਹੀ ਗੁਰੂਆਂ ਦੀ ਸਿੱਖ ਮਾਨਵਵਾਦੀ ਲਹਿਰ ਦਾ ਪਤਨ ਸ਼ੁਰੂ ਹੋਇਆ, ਜਦੋਂ ਇਹਦੇ 'ਤੇ ਦੋ-ਪਾਸੜ ਹਮਲਾ ਹੋਇਆ: ਸਿਆਸੀ ਤੇ ਸਮਾਜਿਕ। ਸਿਆਸੀ ਪਾਸਿਓਂ, ਸੰਨ 1716 ਵਿੱਚ ਬੰਦਾ ਬਹਾਦਰ ਨੂੰ ਸ਼ਹੀਦ ਕਰਨ ਤੋਂ ਬਾਅਦ, ਮੁਗਲ ਹਕੂਮਤ ਨੇ ਹਕੂਮਤ ਸੰਗ ਲੜਦੇ ਸਿੱਖਾਂ ਉੱਪਰ, ਉਨ੍ਹਾਂ ਦੇ ਪਰਿਵਾਰਾਂ ਸਮੇਤ, ਅੰਨ੍ਹਾਂ ਜ਼ੁਲਮ ਢਾਹਿਆ। ਫਿਰ ਵੀ ਸਿੱਖਾਂ ਨੇ ਜਿਵੇਂ-ਕਿਵੇਂ

ਆਪਣੀ ਹੋਂਦ ਨੂੰ ਕਾਇਮ ਰੱਖਦੇ ਹੋਏ ਹੱਕ-ਸੱਚ ਲਈ ਤੇ ਜ਼ੁਲਮ ਵਿਰੁੱਧ ਸੰਘਰਸ਼ ਜਾਰੀ ਰੱਖਿਆ। ਹਥਿਆਰਬੰਦ ਸਿੱਖ ਲਹਿਰ ਨੂੰ ਪੂਰੀ ਤਰ੍ਹਾਂ ਮਲੀਆ ਮੇਟ ਕਰਨ ਵਿੱਚ ਅਸਫ਼ਲ ਰਹੀ ਹਕੂਮਤ ਵਲੋਂ ਲਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਸੰਨ 1733 ਈਸਵੀ ਵਿੱਚ ਸਿੱਖਾਂ ਅੱਗੇ ਤਿੰਨ ਪਰਗਣਿਆਂ ਦੀ ਜਗੀਰ ਭੇਂਟਾ ਦੀ ਪੇਸ਼ਕਸ਼ ਰੱਖੀ, ਜਿਹੜੀ ਕੁੱਝ ਝਿਜਕ ਬਾਅਦ ਸਵੀਕਾਰ ਕਰ ਲਈ ਗਈ। ਇੰਝ ਕਪੂਰ ਸਿੰਘ, ਨਵਾਬ ਕਪੂਰ ਸਿੰਘ ਬਣ ਗਿਆ। ਇਤਿਹਾਸਕਾਰਾਂ ਤੇ ਵਿਦਵਾਨਾਂ ਮੁਤਾਬਿਕ ਇਹ ਮਾਨਵਵਾਦੀ ਸਿੱਖ ਲਹਿਰ ਦੇ ਨਿਘਾਰ ਦਾ ਸ਼ੁਰੂਆਤ ਸੀ; ਇਸ ਤੋਂ ਸਿੱਖਾਂ ਵਿੱਚ ਉਪਜੀ ਰਾਜ-ਸੱਤਾ ਦੀ ਲਾਲਸਾ ਨੇ ਮਾਨਵਵਾਦੀ ਸਿੱਖ ਲਹਿਰ ਦੇ ਉਦੇਸ਼ਾਂ ਨੂੰ ਢਾਹ ਲਾਉਣੀ ਸ਼ੁਰੂ ਕਰ ਦਿੱਤੀ।

ਸਮਾਜਿਕ ਪਾਸਿਓਂ, ਗੁਰੂਆਂ ਦੇ ਸਮੇਂ ਦੌਰਾਨ ਹੀ ਸਿੱਖ ਮਾਨਵਵਾਦੀ ਲਹਿਰ ਨੂੰ ਢਾਹ ਲਾਓਣ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਸਨ। ਮਿਸਾਲ ਵਜੋਂ, ਵਿਸਤ੍ਰਤ ਸਿੱਖ ਲਹਿਰ ਵਿੱਚ ਉੱਠੀਆਂ ਵਿਰੋਧੀ ਧਿਰਾਂ, ਜਿਵੇਂ ਉਦਾਸੀ, ਮੀਣੇ ਅਤੇ ਹੰਦਾਲੀਏ ਫਿਰਕਿਆਂ, ਵੱਲੋਂ ਪੇਸ਼ ਕੀਤੀਆਂ ਜਨਮ ਸਾਖੀਆਂ ਵਿੱਚ ਗੁਰੂ ਨਾਨਕ ਜੀ ਬਾਰੇ ਕੁਝ ਮਨਘੜਤ ਕਰਾਮਾਤੀ ਕਹਾਣੀਆਂ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਧਿਰਾਂ ਦੇ ਮੰਤਵਾਂ ਦਾ ਅੰਦਾਜ਼ਾ ਲਾਉਣ ਲਈ, ਉਦਾਹਰਣ ਵਜੋਂ, ਨੋਟ ਕਰੋ ਕਿ ਉਦਾਸੀ ਫਿਰਕੇ ਦੇ ਪੈਰੋਕਾਰਾਂ ਨੂੰ ਬ੍ਰਾਹਮਣੀ ਫਲਸਫੇ ਤੇ ਰਹੁਰੀਤਾਂ ਵਿੱਚ ਸਿਖਲਾਈ ਦਿੱਤੀ ਜਾਂਦੀ ਸੀ।

ਜਦੋਂ ਯੂਰਪ ਆਧੁਨਿਕ ਯੁੱਗ ਵਿੱਚ ਪ੍ਰਵੇਸ਼ ਕਰ ਰਿਹਾ ਸੀ, ਉਸ ਸਮੇਂ ਦੌਰਾਨ ਹੋਈ, (1738 ਈਸਵੀ ਵਿੱਚ) ਭਾਈ ਮਨੀ ਸਿੰਘ ਦੀ ਸ਼ਹੀਦੀ ਤੋਂ ਬਾਅਦ, ਹਕੂਮਤ ਵਲੋਂ ਕੀਤੀ ਜਾ ਰਹੀ ਸਖਤੀ ਕਾਰਨ ਸਿੱਖੀ ਭੇਸ ਵਿੱਚ ਦਰਬਾਰ ਸਾਹਿਬ ਤੇ ਹੋਰ ਸਿੱਖ ਕੇਂਦਰਾਂ ਦਾ ਸੰਚਾਲਣ ਕਰਨਾ ਮੁਸ਼ਕਲ ਹੋ ਗਿਆ ਸੀ। ਇਸ ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਨਿਰਮਲੇ ਬ੍ਰਾਹਮਣ ਪੁਜਾਰੀ ਤੇ ਉਦਾਸੀ ਫਿਰਕੇ ਦੇ ਸੰਚਾਲਕ ਦਰਬਾਰ ਸਾਹਿਬ ਅਤੇ ਹੋਰ ਸਿੱਖ ਪ੍ਰਚਾਰ ਕੇਂਦਰਾਂ ਵਿੱਚ ਘੁੱਸਪੈਠ ਕਰ ਗਏ। ਇੰਝ, ਉਨ੍ਹਾਂ ਨੇ ਇਨ੍ਹਾਂ ਸਿੱਖ ਕੇਂਦਰਾਂ ਅੰਦਰ 'ਪੁਜਾਰੀਆਂ' ਦਾ ਧੰਦਾ ਸ਼ੁਰੂ ਕਰ ਦਿੱਤਾ; ਸਿੱਖ ਲਹਿਰ ਦੇ ਪ੍ਰਚਾਰ ਕੇਂਦਰ ਪੂਜਾ-ਅਸਥਾਨ ਬਣ ਗਏ; ਉੱਥੇ ਚੜ੍ਹਾਵਾ ਚੜ੍ਹਨਾ ਸ਼ੁਰੂ ਹੋ ਗਿਆ; ਤੇ ਨਾਲ ਹੀ ਬ੍ਰਾਹਮਣਵਾਦੀ ਰਹੁ-ਰੀਤਾਂ ਲਾਗੂ ਹੋ ਗਈਆ। ਯਾਦ ਰਹੇ, ਗੁਰੂਆਂ ਵਲੋਂ ਚਲਾਈ ਮਾਨਵਵਾਦੀ ਲਹਿਰ ਵਿੱਚ ਪੁਜਾਰੀਆਂ ਜਾਂ ਬ੍ਰਾਹਮਣਵਾਦ ਲਈ ਕੋਈ ਜਗਾਹ ਨਹੀਂ, ਸਗੋਂ ਗੁਰੂਆਂ ਸਣੇ ਪੰਜਾਬ ਜਾਗਰਤੀ ਲਹਿਰ ਦੇ ਸੰਚਾਲਕਾਂ ਨੇ ਪੁਜਾਰੀਆਂ ਤੇ ਬ੍ਰਾਹਮਣਵਾਦ ਦੀਆਂ ਕੁਰੀਤੀਆਂ ਤੇ ਪਾਖ਼ੰਡਾਂ ਦਾ ਵਿਰੋਧ ਕੀਤਾ ਸੀ। ਇਸ ਤਰ੍ਹਾਂ, ਨਿਰਮਲੇ ਬ੍ਰਾਹਮਣ ਪੁਜਾਰੀਆਂ ਤੇ ਉਦਾਸੀ ਫਿਰਕੇ ਨੇ ਸਿੱਖੀ ਦੇ ਸਥਾਪਤ ਕੀਤੇ ਪਰਚਾਰ ਕੇਂਦਰਾਂ ਉੱਪਰ ਕਬਜ਼ਾ ਕਰਕੇ ਉਨ੍ਹਾਂ ਨੂੰ ਪੂਜਾ-ਅਸਥਾਨਾਂ ਵਿੱਚ ਬਦਲ ਦਿੱਤਾ; ਹਿੰਦੂ ਮੰਦਰਾਂ ਵਾਂਗ ਹੀ ਉੱਥੇ ਭਾਂਤ ਭਾਂਤ ਦੇ ਕਰਮ-ਕਾਂਡ ਤੇ ਰੀਤੀਆਂ ਸ਼ੁਰੂ ਕਰ ਦਿੱਤੀਆਂ; ਰੂਪ ਵਿੱਚ ਜ਼ਰਾ ਕੁ ਵੱਖਰੀਆਂ, ਪਰ ਤੱਤ ਵਿੱਚ ਉਹੀ। ਇਹ ਸਿੱਖੀ ਵਿੱਚ ਉਨ੍ਹਾਂ ਬ੍ਰਾਹਮਣਵਾਦੀ ਰਹੁ-ਰੀਤਾਂ ਦਾ ਆਰੰਭ ਸੀ, ਜਿਨ੍ਹਾਂ ਉਲੇਖ ਪਿਛਲੇ ਅਧਿਆਏ ਵਿੱਚ ਕੀਤਾ ਗਿਆ ਹੈ।

ਇੰਝ, 18ਵੀਂ ਸਦੀ ਵਿੱਚ ਗੁਰੂਆਂ ਦੀ ਮਾਨਵਵਾਦੀ ਲਹਿਰ ਸਿਆਸੀ ਪਾਸਿਉਂ ਕਪੂਰ ਸਿੰਘ ਦੇ ਨਵਾਬ ਬਣ ਜਾਣ ਤੋਂ ਸ਼ੁਰੂ ਹੋ ਕੇ, ਹੌਲੀ ਹੌਲੀ ਸਿੱਖ ਮਿਸਲਾਂ ਵਿੱਚ ਵਟ ਗਈ, ਤੇ ਸਮਾਜਿਕ ਪਾਸਿਉਂ ਸਿੱਖੀ ਬਰਾਂਡ ਵਾਲੇ ਬ੍ਰਾਹਮਣਵਾਦ ਨਾਲ ਪ੍ਰਫੁੱਲਤ ਸੰਸਥਾਗਤ ਧਰਮ ਵਿੱਚ। ਇਹ ਸੱਭ ਕੁੱਛ ਹੋ ਚੁੱਕਿਆ ਸੀ, ਸੰਨ 1799 ਵਿੱਚ ਸ਼ੁਕਰਚੱਕੀਆ ਮਿਸਲ ਦੇ ਮਿਸਲਦਾਰ ਰਣਜੀਤ ਸਿੰਘ ਦੀ ਫ਼ੌਜ ਵਲੋਂ ਲਾਹੌਰ 'ਤੇ ਕਬਜ਼ਾ ਕਰਨ ਤੋਂ ਪਹਿਲਾਂ ਹੀ। ਰਣਜੀਤ ਸਿੰਘ ਨੂੰ ਮੌਕਾ ਮਿਲਿਆ ਗੁਰੂਆਂ ਦੀ ਸ਼ੁਰੂ ਕੀਤੀ ਮਾਨਵਵਾਦੀ ਲਹਿਰ ਦਾ ਪੁਨਰ-ਸੁਰਜੀਤ ਕਰਨ ਦਾ, ਤੇ ਇਹਦੇ ਉਦੇਸ਼ਾਂ ਅਨੁਕੂਲ ਲੋਕਤੰਤਰ ਸਥਾਪਤ ਕਰਨ ਦਾ; ਪਰ ਜਿਵੇਂ ਪਿਛਲੇ ਅਧਿਆਏ ਵਿੱਚ ਦਿਖਾਇਆ ਗਿਆ ਹੈ, ਰਣਜੀਤ ਸਿੰਘ ਨੇ ਇਹ ਮੌਕਾ ਖੁੰਝਾ ਦਿੱਤਾ।

ਸਵਾਲ ਪੈਦਾ ਹੁੰਦਾ ਹੈ ਕਿ ਕਿਉਂ ਰੇਨਾਸਾਂਸ ਦੇ ਮਾਨਵਵਾਦੀ ਸੰਸਥਾਗਤ ਧਰਮ ਦੀ ਵਲਗਣ ਵਿੱਚੋਂ ਵੀ ਨਿੱਕਲ ਆਏ, ਪਰ ਗੁਰੂਆਂ ਵਲੋਂ ਸੰਸਥਾਗਤ ਧਰਮਾਂ ਤੋਂ ਉਪਰ ਉੱਠਦੇ ਹੋਏ ਚਲਾਈ ਸਿੱਖ ਮਾਨਵਵਾਦੀ ਲਹਿਰ ਦੇ ਕਾਰਕੁਨ ਤੇ ਸੰਗਤਾਂ ਇਸ ਲਹਿਰ ਨੂੰ ਸੰਸਥਾਗਤ ਧਰਮ ਵਿੱਚ ਵਟਦਿਆਂ ਨਾ ਸਿਰਫ਼ ਦੇਖਦੇ ਹੀ ਰਹੇ, ਸ਼ਗੋਂ ਉਹ ਇਸ ਤਬਦੀਲੀ ਨੂੰ ਮਾਨਤਾ ਦਿੰਦੇ ਹੋਏ ਇਸ ਵਿੱਚ ਖ਼ੁਦ ਰੁੜ੍ਹ ਗਏ?

ਇਹਦਾ ਇੱਕ ਮੂਲ ਕਾਰਨ ਹੈ: ਵਿਗਿਆਨ, ਵਿਗਿਆਨਕ ਸੋਚ ਤੇ ਵਿਗਿਆਨਕ ਪਹੁੰਚ ਦੀ ਗ਼ੈਰ-ਹਾਜ਼ਰੀ।

**ਵਿਗਿਆਨ ਤੇ ਵਿਗਿਆਨਕ ਪਹੁੰਚ ਜਾਂ ਇਨ੍ਹਾਂ ਦੀ ਗ਼ੈਰ-ਹਾਜ਼ਰੀ ਦਾ ਰੋਲ**- ਵਿਗਿਆਨ ਨੇ ਧਰਤੀ ਉੱਪਰ ਮਨੁੱਖ ਤੇ ਮਨੁੱਖੀ ਸਮਾਜ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਵਿਗਿਆਨ ਉਸ ਗਿਆਨ ਤੇ ਖੋਜ ਖੇਤਰ ਦਾ ਨਾਂ ਹੈ ਜਿਸ ਵਿੱਚ ਬ੍ਰਹਿਮੰਡ ਅਤੇ ਇਸ ਵਿੱਚਲੀਆਂ ਚੀਜ਼ਾਂ ਤੇ ਵਰਤਾਰਿਆਂ ਬਾਰੇ ਵਿਗਿਆਨਕ ਵਿਧੀ ਵਰਤ ਕੇ ਗਿਆਨ ਖੋਜਿਆ ਅਤੇ ਇਕੱਤਰ ਕੀਤਾ ਜਾਂਦਾ ਹੈ। ਇਸ ਵਿਧੀ ਅਧੀਨ ਕਿਸੇ ਵਿਚਾਰ-ਗੋਚਰੀ ਚੀਜ਼, ਵਰਤਾਰੇ, ਜਾਂ ਸਮੱਸਿਆ ਦੀ ਨਜ਼ਰਸਾਨੀ ਜਾਂ ਨਿਰੀਖ਼ਣ ਦੌਰਾਨ ਇਕੱਤਰ ਕੀਤੇ ਤੱਥਾਂ ਤੇ ਗਿਣਤੀਆਂ-ਮਿਣਤੀਆਂ, ਜਿਨ੍ਹਾਂ ਨੂੰ ਅੰਕੜੇ ਕਿਹਾ ਜਾਂਦਾ ਹੈ, ਦਾ ਵਿਸ਼ਲੇਸ਼ਣ ਕਰਕੇ ਤਰਕਸ਼ੀਲ ਢੰਗਾਂ ਨਾਲ ਨਤੀਜਿਆਂ 'ਤੇ ਪਹੁੰਚਿਆ ਜਾਂਦਾ ਹੈ। ਇਸ ਤਰ੍ਹਾਂ ਭੌਤਿਕ ਪ੍ਰਮਾਣਾਂ ਤੇ ਤਜਰਬਿਆਂ ਦੇ ਆਧਾਰ ਉੱਪਰ ਯੋਜਨਾਬੱਧ ਤਰੀਕੇ ਨਾਲ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਵਿਗਿਆਨਕ ਵਿਧੀ ਦੇ ਨਜ਼ਰੀਏ ਤੋਂ ਚੀਜ਼ਾਂ, ਚੀਜ਼ਾਂ ਦੇ ਆਪਸੀ ਸਬੰਧਾਂ, ਵਰਤਾਰਿਆਂ, ਤੇ ਸਮੱਸਿਆਵਾਂ ਨਾਲ ਨਜਿੱਠਣ ਨੂੰ ਵਿਗਿਆਨਕ ਪਹੁੰਚ ਕਿਹਾ ਜਾਂਦਾ ਹੈ, ਤੇ ਵਿਗਿਆਨਕ ਪਹੁੰਚ 'ਤੇ ਆਧਾਰਿਤ ਸੋਚ ਨੂੰ ਵਿਗਿਆਨਕ ਸੋਚ ਜਾਂ ਵਿਗਿਆਨਕ ਸੋਚਣੀ ਕਿਹਾ ਜਾਂਦਾ ਹੈ। ਵਿਗਿਆਨਕ ਵਿਧੀ ਸਿਰਫ਼ ਵਿਗਿਆਨ ਦੇ ਖ਼ੇਤਰ ਵਿੱਚ ਹੀ ਨਹੀਂ, ਕਿਸੇ ਵੀ ਖ਼ੇਤਰ ਵਿੱਚ ਵਰਤੀ ਜਾ ਸਕਦੀ ਹੈ। ਸੋ, ਵਿਗਿਆਨਕ ਸੋਚ 'ਤੇ ਵਿਗਿਆਨਕ ਪਹੁੰਚ ਵੀ ਕਿਸੇ ਵੀ ਖ਼ੇਤਰ ਵਿੱਚ ਵਰਤ ਸਕਦੇ ਹਾਂ।

ਗੁਰੂ ਨਾਨਕ ਜੀ ਨੇ ਸੰਸਥਾਗਤ ਧਰਮਾਂ ਤੋਂ ਉਪਰ ਉੱਠ ਕੇ, ਇਨ੍ਹਾਂ ਧਰਮਾਂ ਦੀ

ਕੁਰੀਤੀਆਂ ਤੇ ਹੋਰ ਸਮਾਜਿਕ ਤੇ ਰਾਜਨੀਤਕ ਬੁਰਾਈਆਂ ਦਾ ਵਿਰੋਧ ਕਰਦੇ ਹੋਏ ਵਿਸ਼ਵ ਸੁਭਾਅ ਵਾਲੀ ਇਕ ਮਾਨਵਵਾਦੀ ਲਹਿਰ ਸ਼ੁਰੂ ਕੀਤੀ, ਜੋ ਅਧਿਆਤਮਵਾਦੀ ਫ਼ਲਸਫ਼ੇ ਦੇ ਚੌਖਟੇ ਵਿੱਚ ਵੀ ਭਵਿੱਖਮੁਖੀ ਪਹੁੰਚ ਤੇ ਵਿਗਿਆਨਕ ਸੁਭਾਅ ਵਾਲੀ ਸੀ। ਉਨ੍ਹਾਂ ਵਲੋਂ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਦੇਣਾ, ਜ਼ੁਲਮ ਦਾ ਵਿਰੋਧ ਕਰਨਾ, ਕਿਰਤ ਅਤੇ ਹੱਕ ਤੇ ਸੱਚ ਦਾ ਸਾਥ ਦੇਣਾ, ਤੇ ਹੋਰ ਮਾਨਵਵਾਦੀ ਮੁੱਲਾਂ ਦੀ ਵਕਾਲਤ ਕਰਨਾ ਵੀ ਉਨ੍ਹਾਂ ਦੀ ਪਹੁੰਚ ਦੇ ਭਵਿੱਖਮੁਖੀ ਹੋਣ ਵੱਲ ਸਪਸ਼ਟ ਇਸ਼ਾਰਾ ਕਰਦੇ ਹਨ। ਵਿਗਿਆਨ ਵਿਧੀ ਦੀ ਕਸਵੱਟੀ ਚਾੜ੍ਹਿਆਂ, ਅੰਧ-ਵਿਸ਼ਵਾਸਾਂ ਤੇ ਆਡੰਬਰਾਂ/ਪਾਖ਼ੰਡਾਂ ਦਾ ਪਹਿਲੀ ਸੱਟੇ ਹੀ ਪਰਦਾ-ਫ਼ਾਸ਼ ਹੋ ਜਾਂਦਾ ਹੈ। ਏਸੇ ਲਈ, ਜਿਵੇਂ ਗੁਰਬਾਣੀ ਸ਼ਾਹਦੀ ਭਰਦੀ ਹੈ, ਪੰਜਾਬ ਜਾਗਰਤੀ ਲਹਿਰ ਦੇ ਸੰਚਾਲਕਾਂ ਨੇ ਵਿਗਿਆਨਕ ਵਿਧੀ ਦੇ ਅੰਸ਼, ਤਰਕਸ਼ੀਲਤਾ, ਦਾ ਛਾਣਨਾ ਲਾ ਕੇ ਧਾਰਮਿਕ ਕੁਰੀਤੀਆਂ, ਅੰਧ-ਵਿਸ਼ਵਾਸਾਂ ਤੇ ਪਾਖ਼ੰਡਾਂ ਨੂੰ ਸਫ਼ਲਤਾਪੂਰਣ ਨਕਾਰਿਆ। ਉਨ੍ਹਾਂ ਦੀ ਤਰਕਸ਼ੀਲਤਾ ਦੇ ਸਿਵਾਏ, ਭਾਰਤ ਵਿੱਚ ਉਸ ਸਮੇਂ ਵਿਗਿਆਨ ਦੇ ਖ਼ੇਤਰ ਵਿੱਚ ਕੋਈ ਲਹਿਰ ਨਹੀਂ ਚੱਲ ਰਹੀ ਸੀ। ਇਸਦੇ ਉਲਟ, ਯੂਰਪੀਅਨ ਰੇਨਾਸਾਂਸ ਲਹਿਰ ਨੂੰ ਪੈਦਾ ਤੇ ਵਿਕਸਿਤ ਕਰਨ ਵਿੱਚ ਵਿਗਿਆਨ ਨੇ ਸਿੱਧੇ ਤੇ ਅਸਿੱਧੇ ਤੌਰ ਤੇ ਮਹੱਤਵ ਪੂਰਨ ਭੂਮਿਕਾ ਨਿਭਾਈ। ਰੇਨਾਸਾਂਸ ਦਾ ਸਮਾਂ ਵਿਗਿਆਨਕ ਇਨਕਲਾਬ ਦਾ ਸਮਾਂ ਸੀ ਜਦੋਂ ਖੋਜ ਦੇ ਖ਼ੇਤਰ ਵਿੱਚ ਯੂਰਪ ਨੇ ਮੱਲਾਂ ਮਾਰੀਆਂ। ਮਿਸਾਲ ਵਜੋਂ, ਇਸ ਸਮੇਂ ਦੌਰਾਨ ਵਿਗਿਆਨਕ ਖੋਜ ਨੇ ਧਾਰਮਿਕ ਲੀਡਰਾਂ ਨੂੰ ਕ੍ਰੋਧਿਤ ਕਰਦੇ ਹੋਏ ਬ੍ਰਹਿਮੰਡ ਦਾ ਮਾਡਲ ਹੀ ਬਦਲ ਕੇ ਰੱਖ ਦਿੱਤਾ, ਜਿਸ ਵਿੱਚ ਹੁਣ ਧਰਤੀ ਬ੍ਰਹਿਮੰਡ ਦੀ ਕੇਂਦਰ ਨਹੀਂ, ਸਗੋਂ ਹੋਰਾਂ ਗ੍ਰਹਿਾਂ ਸਮੇਤ ਸੂਰਜ ਦੁਆਲੇ ਘੁੰਮਦੀ ਹੈ। ਇਸ ਸਮੇਂ ਦੌਰਾਨ ਹੀ ਵਿਗਿਆਨ ਵਿੱਚ ਨਿਊਟਨ ਦਾ ਗੁਰੂਤਾ ਖਿੱਚ ਨਿਯਮ ਵਿਕਸਿਤ ਹੋਇਆ, ਜਿਸ ਅਨੁਸਾਰ ਕੇਵਲ ਧਰਤੀ 'ਤੇ ਹੀ ਨਹੀਂ, ਸ.ਗੋਂ ਸਾਰੇ ਬ੍ਰਹਿਮੰਡ ਵਿੱਚ ਹਰ ਮਾਦਿਕ ਚੀਜ਼ ਦੂਸਰੀਆਂ ਸੱਭ ਮਾਦਿਕ ਚੀਜ਼ਾਂ ਨੂੰ ਆਪਣੀ ਤਰਫ਼ ਖਿੱਚਦੀ ਹੈ ਤੇ ਇਹ ਖਿੱਚ ਸ਼ਕਤੀ ਮਿਣੀ ਜਾ ਸਕਦੀ ਹੈ। ਇਸ ਖ਼ੋਜ ਨੇ ਕੇਵਲ ਵਿਗਿਆਨੀਆਂ ਵਿੱਚ ਹੀ ਨਹੀਂ, ਬਲਕਿ ਹੋਰ ਚਿੰਤਕਾਂ ਤੇ ਆਮ ਲੋਕਾਂ ਵਿਚ ਵੀ ਨਵਾਂ ਉਤਸ਼ਾਹ ਭਰ ਦਿੱਤਾ; ਉਨ੍ਹਾਂ ਨੂੰ ਦਿਸਣ ਲੱਗ ਪਿਆ ਕਿ ਹੁਣ ਸਿਰਫ਼ ਇਸ ਦੁਨੀਆਂ ਨੂੰ ਹੀ ਨਹੀਂ, ਸ.ਗੋਂ ਵਿਗਿਆਨਕ ਨਿਯਮ ਖ਼ੋਜ ਕੇ ਸਾਰੇ ਬ੍ਰਹਿਮੰਡ ਨੂੰ ਸਮਝਿਆ ਜਾ ਸਕਦਾ ਹੈ।

ਇਹ ਵਿਗਿਆਨਕ ਮਾਹੌਲ ਸੀ ਜਿਸ ਵਿੱਚ ਰੇਨਾਸਾਂਸ ਮਾਨਵਵਾਦੀ ਲਹਿਰ ਨੇ ਤਰਕਸ਼ੀਲਤਾ 'ਤੇ ਪਹਿਰਾ ਦਿੰਦੇ ਹੋਏ ਚਰਚ ਵਲੋਂ ਲਏ ਵਿਗਿਆਨ ਵਿਰੋਧੀ ਸਟੈਂਡ ਨੂੰ ਰੱਦ ਕਰਦਿਆ ਵਿਗਿਆਨ ਦਾ ਸਾਥ ਦਿੱਤਾ; ਤੇ ਇਸ ਤਰ੍ਹਾਂ, ਹੌਲੀ ਹੌਲੀ ਅਧਿਆਤਮਵਾਦ ਦੇ ਘੇਰੇ ਦੇ ਚੁੰਗਲ ਤੋਂ ਬਾਹਰ ਹੋ ਨਿੱਕਲੀ। ਤਰਕ, ਮਾਨਵਵਾਵ, ਤੇ ਵਿਗਿਆਨ ਦੇ ਜ਼ਰੀਏ ਰੇਨਾਸਾਂਸ ਤੇ ਉਹਦੀ ਵਾਰਿਸ ਪ੍ਰਬੋਧਨ ਲਹਿਰ ਨੇ ਮਨੁੱਖੀ ਜ਼ਿੰਦਗੀ ਦੇ ਹਰ ਖ਼ੇਤਰ ਨੂੰ ਪ੍ਰਭਾਵਿਤ ਕਰਦੇ ਹੋਏ ਹੌਲੀ ਹੌਲੀ ਯੂਰਪ ਨੂੰ ਮੱਧਕਾਲੀਨ ਯੁੱਗ ਵਿੱਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ।

ਪੰਜਾਬ ਵਿੱਚ ਪੰਜਾਬ ਜਾਗਰਤੀ ਲਹਿਰ ਤੋਂ ਬਾਅਦ, ਇਹਦੇ ਤਰਕ ਤੇ ਮਾਨਵਵਾਵ ਸੰਗ ਵਿਗਿਆਨ ਨੂੰ ਜੋੜਣ ਵਾਲੀ ਪ੍ਰਬੋਧਨ ਲਹਿਰ ਵਰਗੀ ਕੋਈ ਲਹਿਰ ਨਾ ਚੱਲੀ। ਸਗੋਂ ਇਹਦੇ ਉਲਟ ਰਾਜਾਸ਼ਾਹੀ ਤੇ ਧਾਰਮਿਕ ਪਖ਼ੰਡਾਂ ਦੀ ਨ੍ਹੇਰੀ ਝੁੱਲ ਗਈ, ਜੋ ਪੰਜਾਬ ਜਾਗਰਤੀ ਲਹਿਰ ਦੁਆਰਾ ਖਲੇਰੇ ਤਰਕ ਤੇ ਮਾਨਵਵਾਦ ਨੂੰ ਵੀ ਹੂੰਝ ਕੇ ਲੈ ਗਈ। ਕਿਸੇ ਵੀ ਤਰ੍ਹਾਂ ਦੇ ਵਿਗਿਆਨਕ ਮਾਹੌਲ ਦੀ ਗ਼ੈਰ-ਹਾਜ਼ਰੀ ਸਦਕੇ, ਉਦਾਸੀ ਫ਼ਿਰਕੇ ਦੇ ਸੰਚਾਲਕ ਸਿੱਖ ਪ੍ਰਚਾਰ ਕੇਂਦਰਾਂ ਉੱਤੇ ਕਬਜ਼ਾ ਕਰਕੇ ਉਨ੍ਹਾਂ ਵਿੱਚ ਬ੍ਰਾਹਮਣਵਾਦ ਲਾਗੂ ਕਰਨ ਵਿੱਚ ਕਾਮਯਾਬ ਹੋ ਗਏ। ਇੱਥੇ ਹੀ ਬੱਸ ਨਹੀਂ, ਉਹ ਗੁਰੂਆਂ ਦੇ ਪੈਦਾ ਕੀਤੇ, ਸੰਸਥਾਗਤ ਧਰਮਾਂ ਦੇ ਘੇਰਿਆਂ ਤੋਂ ਆਜ਼ਾਦ, ਸਿੱਖ ਨੂੰ ਮਾਨਵਵਾਦੀ ਲਹਿਰ ਦੇ ਕਾਰਕੁੰਨ ਤੋਂ ਆਪਣੇ ਨਵੇਂ ਸਿਰਜੇ ਬ੍ਰਾਹਮਣਵਾਦੀ ਸੰਸਥਾਗਤ ਧਰਮ ਦੇ ਸ਼ਰਧਾਲੂ ਬਣਾਉਣ ਵਿੱਚ ਵੀ ਸਫ਼ਲ ਹੋਏ। ਇਕ ਕੌੜਾ ਸੱਚ ਹੈ ਕਿ ਵਿਗਿਆਨ ਤੇ ਵਿਗਿਆਨ ਸੋਚ ਦੀ ਗ਼ੈਰ-ਹਾਜ਼ਰੀ ਵਿੱਚ, ਗੁਰੂਆਂ ਤੋਂ ਬਾਅਦ ਗੁਰੂਆਂ ਦੇ ਸਾਜੇ ਸਿੱਖ, ਜਾਂ ਪੰਜਾਬ ਦੇ 'ਰੇਨਾਸਾਂਸ ਮੈਨ' ਦਾ ਇਹ ਹਾਲ ਹੋਇਆ, ਜਿਹਨੇ ਪੰਜਾਬ ਨੂੰ ਆਧੁਨਿਕ ਯੁੱਗ ਨਾਲ ਜੋੜਨਾ ਸੀ। ਉਹ, ਤੇ ਉਹਦੇ ਸਣੇ ਪੰਜਾਬ, ਬ੍ਰਾਹਮਣਵਾਦੀ ਫ਼ਲਸਫ਼ੇ ਤੇ ਅਮਲ ਵੱਲ ਨੂੰ ਯੂ-ਟਰਨ (ਕੂਹਣੀ-ਮੋੜ) ਮਾਰ ਗਿਆ, ਨਵੇਂ ਧਰਮ ਦੇ ਨਾਮ ਹੇਠ, ਜਿਹਦੇ ਲੱਛਣ ਉਹੀਓ ਸਨ ਤੇ ਹਨ, ਬ੍ਰਾਹਮਣਵਾਦੀ, ਨਵੇਂ ਰੂਪ ਵਿੱਚ।

ਸਿੱਖ ਮਾਨਵਵਾਦੀ ਲਹਿਰ ਨੂੰ ਸੰਸਥਾਗਤ ਧਰਮ ਵਿੱਚ ਵਟਾਉਣ ਦੇ ਕਾਰਨਾਮੇ ਨੂੰ ਸਿੱਖ ਸੰਗਤਾਂ ਵਲੋਂ ਮਾਨਤਾ ਦਾ ਦੂਜਾ ਮੁੱਖ ਮੂਲ ਕਾਰਨ ਸੀਃ ਉਹਨਾਂ ਦੀ ਭੂਤਮੁਖੀ ਸੋਚ ਤੇ ਪਹੁੰਚ।

**ਭੂਤਮੁਖੀ ਸੋਚ ਤੇ ਪਹੁੰਚ**- ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿੱਚਲੇ ਲੋਕਾਂ ਦੇ ਵਤੀਰਿਆਂ ਦੀ ਤੁਲਨਾ ਵਿੱਚ ਇੱਕ ਮਹੱਤਵਪੂਰਣ ਕਾਰਕ (factor) ਵਿਚਾਰਨਾ ਬਣਦਾ ਹੈਃ ਭੂਤਮੁਖੀ ਸੋਚ ਤੇ ਪਹੁੰਚ। ਇਹ ਅਜੇਹੀ ਸੋਚ ਤੇ ਪਹੁੰਚ ਹੁੰਦੀ ਹੈ ਜਿਹਨੂੰ ਰੱਖਣ ਤੇ ਅਪਣਾਉਣ ਵਾਲੇ ਲੋਕ ਬੀਤੇ ਸਮੇਂ ਦੇ ਮਸਲਿਆਂ ਉੱਪਰ ਲੜਦੇ ਰਹਿੰਦੇ ਹਨ, ਤੇ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਵੀ ਬੀਤੇ ਵਿੱਚੋਂ ਖੋਜਣ ਦੀ ਕੋਸ਼ਿਸ਼ ਕਰਦੇ ਨੇ। ਭੂਤਮੁਖੀ ਸੋਚ ਵਾਲੇ ਬੰਦੇ ਵਿੱਚ 'ਜੜ੍ਹਤਾ' ਬਹੁਤ ਜ਼ਿਆਦਾ ਹੁੰਦੀ ਹੈ। 'ਜੜ੍ਹਤਾ' ਫਿਜ਼ਿਕਸ ਦਾ ਇੱਕ ਸੰਕਲਪ ਹੈਃ ਕਿਸੇ ਵੀ ਭੌਤਿਕ ਚੀਜ਼ (object) ਵਿੱਚ ਜੜ੍ਹਤਾ ਦੀ ਮਾਤਰਾ ਜਿੰਨੀ ਵੀ ਜ਼ਿਆਦਾ ਹੋਵੇਗੀ, ਉਹ ਚੀਜ਼ ਤਬਦੀਲੀ ਦੀ ਉਤਨੀ ਹੀ ਜ਼ਿਆਦਾ ਵਿਰੋਧਤਾ ਕਰੇਗੀ। ਮਿਸਾਲ ਵਜੋਂ, ਮੰਨ ਲਓ, ਫ਼ਰਸ਼ ਉੱਪਰ ਖੜ੍ਹੀਆਂ ਦੋ ਗੇਂਦਾਂ ਵਿੱਚੋਂ ਪਹਿਲੀ ਗੇਂਦ ਦੀ ਜੜ੍ਹਤਾ ਦੂਜੀ ਗੇਂਦ ਨਾਲੋਂ ਦੁੱਗਣੀ ਹੈ। ਦੋਵੇਂ ਖੜ੍ਹੀਆਂ ਗੇਂਦਾਂ ਆਪਣੀ ਜੜ੍ਹਤਾ ਕਾਰਣ ਚੱਲਣਾ ਨਹੀਂ ਚਾਹੁੰਦੀਆਂ; ਇਸੇ ਲਈ ਇਨ੍ਹਾਂ ਨੂੰ ਚਲਦੀਆਂ ਕਰਨ ਲਈ ਧੱਕਾ ਮਾਰਨਾ ਪਏਗਾ। ਦੋਵੇਂ ਗੇਂਦਾਂ ਨੂੰ ਬਰਾਬਰ ਦੀ ਸਪੀਡ ਨਾਲ ਦੁੜਾਉਣ ਲਈ ਪਹਿਲੀ ਗੇਂਦ ਨੂੰ ਦੂਜੀ ਗੇਂਦ ਨਾਲੋਂ ਦੁੱਗਣੀ ਸ਼ਕਤੀ ਨਾਲ ਧੱਕਾ ਮਾਰਨਾਂ ਪਏਗਾ, ਕਿਉਂਕਿ ਪਹਿਲੀ ਗੇਂਦ ਚੱਲਣਾ ਸ਼ੁਰੂ ਕਰਨ ਦੀ ਦੂਜੀ ਗੇਂਦ ਨਾਲੋਂ ਦੁੱਗਣੀ ਵਿਰੋਧਤਾ ਕਰ ਰਹੀ ਹੈ,

ਆਪਣੀ ਦੁੱਗਣੀ ਜੜ੍ਹਤਾ ਕਰਕੇ। ਪੰਜਾਬੀਆਂ ਦੀ ਜੜ੍ਹਤਾ, ਯਾਨੀ ਤਬਦੀਲੀ ਦਾ ਵਿਰੋਧ ਕਰਨ ਦੀ ਸਮਰੱਥਾ, ਪੱਛਮੀ ਦੇਸ਼ਾਂ ਦੇ ਲੋਕਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਇਹਦੀ ਇੱਕ ਮੁੱਖ ਵਜ੍ਹਾ ਪੰਜਾਬੀਆਂ ਦਾ ਵਧੇਰੇ ਭੂਤਮੁਖੀ ਹੋਣਾ ਹੈ, ਜਿਹਦੇ ਕਾਰਣ ਇਤਿਹਾਸਕ ਹਨ।

ਪੱਛਮ ਵਿੱਚ ਫ਼ਲਸਫ਼ਾ ਗਰੀਕ ਫ਼ਿਲਾਸਫ਼ਰਾਂ ਤੋਂ ਸ਼ੁਰੂ ਹੋਇਆ, ਤੇ ਗਰੀਕ ਫ਼ਲਸਫ਼ੇ ਨੇ ਪੱਛਮੀ ਸੱਭਿਅਤਾ ਦੇ ਵਿਕਾਸ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਈ ਹੈ। ਪ੍ਰਾਚੀਨ ਫ਼ਲਸਫ਼ੇ ਵਿੱਚ, ਘੱਟੋਘੱਟ ਪੱਛਮ ਵਿੱਚ, ਸਾਰੇ ਬੌਧਿਕ ਪ੍ਰਯਤਨ ਤੇ ਗਿਆਨ ਵਿਸ਼ੇ ਸ਼ਾਮਲ ਸਨਃ ਧਰਮ, ਧਰਮ ਸ਼ਾਸਤਰ, ਨੈਤਿਕਤਾ, ਤਰਕ, ਭੌਤਿਕ ਵਿਗਿਆਨ, ਜੀਵ ਵਿਗਿਆਨ, ਆਦਿ। ਪ੍ਰਾਚੀਨ ਕਾਲ ਵਿੱਚ ਕੁਦਰਤੀ ਵਰਤਾਰਿਆਂ ਬਾਰੇ ਮਨੁੱਖ ਦੀ ਅਗਿਆਨਤਾ ਨੇ ਰੱਬ ਤੇ ਦੇਵੀ ਦੇਵਤਿਆਂ ਜਿਹੇ ਸੰਕਲਪਾਂ ਨੂੰ ਜਨਮ ਦਿੱਤਾ, ਜੋ ਕਈਆਂ ਰੂਪਾਂ ਵਿੱਚ ਪ੍ਰਾਚੀਨ ਪੂਰਬੀ ਤੇ ਕਿਸੇ ਹੱਦ ਤੱਕ ਪੱਛਮੀ ਫ਼ਲਸਫ਼ੇ ਵੀ ਵਿੱਚ ਭਾਰੂ ਰਹੇ। ਕਰੀਬਣ 2600 ਸੌ ਸਾਲ ਪਹਿਲੇ ਹੀ ਪੱਛਮੀ ਫ਼ਲਸਫ਼ੇ ਵਿੱਚ ਇਹ ਸਥਿਤੀ ਬਦਲਣੀ ਸ਼ੁਰੂ ਹੋ ਗਈ ਸੀ ਜਦੋਂ ਗਰੀਕ ਫ਼ਿਲਾਸਫ਼ਰ ਥੇਲਜ਼ (624 ਤੋਂ 546 ਈਸਾ ਪੂਰਵ) ਨੇ ਇਹ ਵਿਚਾਰ ਵਿਕਸਤ ਕੀਤਾ ਕਿ ਬ੍ਰਹਿਮੰਡ 'ਤੇ ਇਸ ਵਿਚਲੇ ਵਰਤਾਰਿਆਂ ਨੂੰ ਬਿਨਾਂ ਰੱਬ, ਧਰਮ, ਤੇ ਮਿਥਹਾਸ ਦਾ ਸਹਾਰਾ ਲਏ ਸਮਝਿਆ ਜਾ ਸਕਦਾ ਹੈ। ਉਸ ਦੇ ਅਨੁਸਾਰ ਜਟਿਲ ਦਿਸਦੇ ਕੁਦਰਤੀ ਵਰਤਾਰਿਆਂ ਨੂੰ ਸਾਦੇ ਸਿਧਾਂਤਾਂ ਵਿੱਚ ਸਿਕੋੜ ਕੇ ਉਨ੍ਹਾਂ ਵਰਤਾਰਿਆਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਇਥੋਂ ਪੱਛਮੀ ਫ਼ਲਸਫ਼ੇ ਵਿੱਚ ਵਿਗਿਆਨ ਦਾ ਮੁੱਢ ਬੱਝਦਾ ਹੈ। ਉਦਾਹਰਣ ਦੇ ਤੌਰ 'ਤੇ ਫ਼ਿਲਾਸਫ਼ਰ ਅਰਸਤੂ (384-322 ਈਸਾ ਪੂਰਵ) ਦੁਨੀਆਂ ਦਾ ਪਹਿਲਾਂ ਭੌਤਿਕ ਵਿਗਿਆਨੀ ਵੀ ਮੰਨਿਆਂ ਜਾਂਦਾ ਹੈ। ਵਿਗਿਆਨ ਤੇ ਵਿਗਿਆਨੀ ਦੇ ਸੰਕਲਪ ਤਾਂ ਉੱਨੀਵੀਂ ਸਦੀ ਦੀ ਪੈਦਾਵਾਰ ਹਨ; ਪਹਿਲਾਂ ਸਦੀਆਂ ਤੀਕ ਵਿਗਿਆਨ ਨੂੰ ਕੁਦਰਤੀ ਫ਼ਲਸਫ਼ਾ ਕਿਹਾ ਜਾਂਦਾ ਸੀ ਤੇ ਵਿਗਿਆਨੀਆਂ ਨੂੰ ਕੁਦਰਤੀ ਫ਼ਿਲਾਸਫ਼ਰ।

ਪ੍ਰਾਚੀਨ ਭਾਰਤੀ ਫ਼ਲਸਫ਼ੇ ਵਿੱਚ ਭਾਵੇਂ ਗਰੀਕ ਫ਼ਲਸਫ਼ੇ ਵਾਂਗ ਹੀ ਐਟਮਵਾਦ ਦੇ ਕੁਛ ਅੰਸ਼ ਸਨਃ ਵੇਦਿਕ ਰਿਸ਼ੀ ਅਰੂਨੀ (8ਵੀਂ ਈਸਾ ਪੂਰਵ ਸਦੀ) ਤੇ ਚਾਰਵਾਕ, ਜੈਨ, ਤੇ ਅਜੀਵਿਕਾ (7ਵੀਂ ਈਸਾ ਪੂਰਵ ਸਦੀ) ਵਰਗਿਆਂ ਦੇ ਸਦਕੇ; ਪਰ ਕੱਟੜ ਹਿੰਦੂ ਧਾਰਮਿਕ ਫ਼ਲਸਫ਼ਾ ਹੀ ਸਮੁੱਚੇ ਫ਼ਲਸਫ਼ੇ 'ਤੇ ਭਾਰੂ ਰਿਹਾ। ਐਟਮਵਾਦ, ਜਿਸਦੇ ਅਨੁਸਾਰ ਬਹੁਤ ਛੋਟੇ, ਨੰਗੀਆਂ ਅੱਖਾਂ ਨੂੰ ਨਾ ਦਿਸਣ ਵਾਲੇ, ਅਣੂ ਇਕੱਠੇ ਹੋਕੇ ਦਿਸਣ ਵਾਲੀਆਂ ਚੀਜ਼ਾਂ ਬਣਾਉਂਦੇ ਨੇ, ਭਾਰਤੀ ਫ਼ਲਸਫ਼ੇ ਵਿੱਚ ਵਿਗਿਆਨ ਦੀ ਪੱਧਰ ਤੱਕ ਵਿਕਸਿਤ ਨਾ ਹੋ ਸਕਿਆਂ। ਮੁੱਕਦੀ ਗੱਲ, ਪ੍ਰਾਚੀਨ ਭਾਰਤੀ ਫ਼ਲਸਫ਼ੇ ਤੇ ਸੰਸਕ੍ਰਿਤੀ ਵਿੱਚੋਂ ਵਿਗਿਆਨ, ਏਸ ਲਈ ਵਿਗਿਆਨਕ ਪਹੁੰਚ ਤੇ ਵਿਗਿਆਨਕ ਸੋਚ ਵੀ, ਲੱਗਭੱਗ ਗ਼ਾਇਬ ਰਹੇ ਨੇ; ਇਸੇ ਕਰਕੇ ਇਥੇ ਅੱਜ ਤੱਕ ਕੋਈ ਵਿਗਿਆਨਕ, ਜਾਂ ਵਿਗਿਆਨ ਤੋਂ ਉਪਜੀ ਜਾਂ ਪ੍ਰਭਾਵਿਤ ਕੋਈ ਅਸਰਦਾਇਕ ਲਹਿਰ ਨਹੀਂ ਚੱਲੀ; ਤੇ ਇਸੇ ਲਈ ਵਿਗਿਆਨਕ ਤਰਕ

ਵਿਧੀ ਵੀ ਵਿਕਸਿਤ ਨਹੀਂ ਹੋ ਸਕੀ, ਜਿਸ ਤਰ੍ਹਾਂ ਪੱਛਮ ਵਿੱਚ ਹੋਈ ਸੀ। ਅੰਧਵਿਸ਼ਵਾਸਾਂ 'ਤੇ ਆਧਾਰਿਤ ਰੀਤੀਆਂ ਤੇ ਆਡੰਬਰਾਂ ਦੇ ਸਹਾਰੇ ਲੁੱਟਣ ਵਾਲੇ ਭੇਖਧਾਰੀ ਧਾਰਮਿਕ ਲੁਟੇਰਿਆਂ ਤੋਂ ਰਾਖੀ ਲਈ ਲੋਕਾਂ ਵਿੱਚ ਸਹਿਜ ਹੀ ਘੱਟੋ-ਘੱਟ ਤਰਕ ਵਿਧੀ ਦਾ ਵਿਕਸਿਤ ਹੋਣਾ ਜ਼ਰੂਰੀ ਹੁੰਦਾ ਹੈ। ਵਿਦਵਾਨਾਂ, ਭਾਵ ਬ੍ਰਾਹਮਣ ਵਰਗ, ਕੋਲ ਵਿਗਿਆਨ, ਵਿਗਿਆਨਕ ਸੋਚ, ਤੇ ਵਿਗਿਆਨਕ ਤਰਕ ਵਿਧੀ ਤਾਂ ਹੈ ਹੀ ਨਹੀਂ ਸੀ। ਜੋ ਗਿਆਨ ਉਨ੍ਹਾਂ ਕੋਲ ਸੀ, ਉਹ ਦਿੱਤਾ ਤੇ ਲੋਕਾਂ ਵਿੱਚ ਮਕਬੂਲ ਵੀ ਚੜ੍ਹਿਆ: ਬਰੱਮ੍ਹਾ, ਆਤਮਾ, ਦੇਵੀ ਦੇਵਤੇ, ਨਿਰਵਾਨਾ, ਧਰਮ/ਕਰਮ, ਪੁਨਰ-ਜਨਮ, ਤੇ ਹੋਰ ਧਾਰਮਿਕ ਨਿਕਸੁੱਕ ਬਾਰੇ ਸਿਧਾਂਤ ਤੇ ਕਹਾਣੀਆਂ; ਜੋ ਵਿਗਿਆਨਕ ਸੋਚ ਤੋਂ ਕੋਹਾਂ ਦੂਰ ਸਨ, ਜੇ ਉਲਟ ਨਹੀਂ।

ਜੇ ਸਾਰੇ ਨਹੀਂ, ਬਹੁਤੇ ਸੰਗਠਿਤ ਧਰਮ ਸੁਭਾਵਿਕ ਹੀ ਪਿਛਾਂਹ-ਖਿਚੂ ਹੁੰਦੇ ਨੇ ਜਾਂ ਹੋ ਨਿੱਬੜਦੇ ਨੇ, ਤੇ ਨਤੀਜਣ, ਲੋਕਾਂ ਨੂੰ ਭੂਤਮੁਖੀ ਸੋਚ ਮੁਹੱਈਆ ਕਰਦੇ ਨੇ। ਇਸ ਦੇ ਉਲਟ ਵਿਗਿਆਨ ਆਪਣੀ ਪਰਿਭਾਸ਼ਾ ਤੋਂ ਹੀ ਅਗਾਂਹ-ਵਧੂ ਹੁੰਦਾ ਹੈ, ਅਤੇ ਵਿਗਿਆਨਕ ਸੋਚ ਤੇ ਵਿਗਿਆਨਕ ਪਹੁੰਚ, ਭਵਿਖ-ਮੁਖੀ। ਪੱਛਮ ਵਿੱਚ ਵਿਗਿਆਨ ਤੇ ਧਰਮ ਵਿਚਕਾਰ ਸ਼ੁਰੂ ਤੋਂ ਹੀ ਚੱਲੀ ਆਉਂਦੀ ਟੱਕਰ ਇਸ ਸੱਚ ਦੀ ਗਵਾਹ ਹੈ। "ਪਹਿਲਾਂ ਯੁੱਗ ਸੱਤਯੁਗ ਸੀ ਅਤੇ ਤ੍ਰੇਤਾ ਤੇ ਦੁਆਪਰ ਤੋਂ ਬਾਅਦ ਹੁਣ ਦਾ ਯੁੱਗ ਕਲਯੁੱਗ ਹੈ"; ਇਸ ਸਮੇਤ ਹਿੰਦੂ ਧਾਰਮਿਕ ਫ਼ਲਸਫ਼ੇ ਤੇ ਚਿੰਤਨ ਵਿੱਚਲੀਆਂ ਅਜਿਹੀਆਂ ਪਿਛਲ-ਖੁਰੀ ਧਾਰਨਾਵਾਂ ਨੇ, ਵਿਗਿਆਨ ਤੇ ਵਿਗਿਆਨਕ ਸੋਚ ਦੀ ਗ਼ੈਰਹਾਜ਼ਰੀ ਸਦਕਾ, ਭਾਰਤੀ ਲੋਕਾਂ ਦੀ ਮਾਨਸਿਕਤਾ ਤੇ ਚਿੰਤਨ ਵਿੱਚ ਭੂਤ-ਮੁਖੀ ਪਹੁੰਚ ਕੁੱਟ ਕੁੱਟ ਕੇ ਭਰ ਦਿੱਤੀ ਜੋ ਅੱਜ ਤੱਕ ਜਾਰੀ ਹੈ। ਇਸ ਤਰ੍ਹਾਂ, ਪੰਜਾਬੀ ਮਾਨਸਿਕਤਾ ਤੇ ਚਿੰਤਨ ਵਿੱਚ ਭੂਤ-ਮੁੱਖੀ ਪਹੁੰਚ ਦੇ ਦਾਖ਼ਲੇ ਦਾ ਮੁੱਢਲਾ ਕਾਰਨ ਵਿਗਿਆਨ ਤੇ ਵਿਗਿਆਨਕ ਸੋਚ ਦੀ ਗ਼ੈਰਹਾਜ਼ਰੀ ਹੈ, ਕਿਉਂਕਿ ਜੇ ਵਿਗਿਆਨ ਤੇ ਵਿਗਿਆਨਕ ਸੋਚ ਹਾਜ਼ਰ ਹੁੰਦੀਆਂ ਤਾਂ ਉਹ ਇਸ ਦਾਖ਼ਲੇ ਦਾ ਵਿਰੋਧ ਕਰਦੀਆਂ।

ਭੂਤਮੁਖੀ ਪਹੁੰਚ ਦਾ ਸੱਭ ਤੋਂ ਖ਼ਤਰਨਾਕ ਖ਼ਾਸਾ ਇਹ ਹੁੰਦਾ ਹੈ ਕਿ ਇਹ ਠੀਕ ਸਵਾਲ ਪੁੱਛਣ ਅਤੇ ਚੀਜ਼ਾਂ ਤੇ ਵਰਤਾਰਿਆਂ ਨੂੰ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਵੇਖਣ ਦੀ ਵਿਵੇਕ ਬੁੱਧੀ ਬੰਦੇ ਕੋਲੋਂ ਖੋਹ ਲੈਂਦੀ ਹੈ, ਜਾਂ ਉਸ ਨੂੰ ਭਾਰੀ ਨੁਕਸਾਨ ਪਹੁੰਚਾਉਂਦੀ ਹੈ।

ਭੂਤਮੁਖੀ ਸੋਚ ਤੇ ਪਹੁੰਚ ਕਾਰਣ ਪੰਜਾਬ ਦੇ ਲੋਕਾਂ ਵਿੱਚ 'ਜੜ੍ਹਤਾ' ਯੂਰਪੀਅਨ ਲੋਕਾਂ ਨਾਲੋਂ ਬਹੁਤ ਜ਼ਿਆਦਾ ਸੀ, ਏਸ ਲਈ ਤਬਦੀਲੀ ਦਾ ਵਿਰੋਧ ਕਰਨ ਦੀ ਸਮਰੱਥਾ ਵੀ ਉਨ੍ਹੀ ਹੀ ਜ਼ਿਆਦਾ। ਜਦੋਂ ਗੁਰੂਆਂ ਨੇ ਧਾਰਮਿਕ ਕੁਰੀਤੀਆਂ, ਖ਼ੋਖਲੀਆਂ ਰਸਮਾਂ, ਅਤੇ ਪਾਖ਼ੰਡਾਂ ਤੇ ਜਾਤ-ਪਾਤ ਜਿਹੀਆਂ ਲਾਹਣਤਾਂ ਦਾ ਤਾਰਕਿਕ ਖ਼ੰਡਨ ਕਰਦੇ ਹੋਏ ਲੋਕਾਂ ਨੂੰ ਉਨ੍ਹਾਂ ਨਾਲੋਂ ਤੋੜ-ਵਿਛੋੜਾ ਕਰਨ ਦਾ ਸੱਦਾ ਦਿੱਤਾ ਤਾਂ ਲੋਕੀਂ ਇਹ ਤਬਦੀਲੀ ਆਪਣੇ ਜੀਵਨ ਵਿੱਚ ਲਾਗੂ ਕਰਨ ਤੋਂ ਹਿਚਕਿਚਾਉਣ ਲੱਗੇ। ਗੁਰੂਆਂ ਤੋਂ ਬਾਅਦ, ਜਦ ਉਦਾਸੀ ਫਿਰਕੇ ਨੇ ਸਿੱਖੀ ਦੇ ਸਥਾਪਤ ਕੀਤੇ ਪਰਚਾਰ ਕੇਂਦਰਾਂ ਉੱਪਰ ਕਬਜ਼ਾ ਕਰਕੇ ਉਨ੍ਹਾਂ ਵਿੱਚ ਸਿੱਖੀ ਦੇ ਨਾਂ 'ਤੇ ਸੰਸਥਾਗਤ ਧਰਮ ਸ਼ੁਰੂ ਦਿੱਤਾ, ਇਸ ਕਾਰਨਾਮੇ ਨੂੰ ਮਾਨਤਾ ਦੇਣ ਵਿੱਚ ਲੋਕਾਂ ਨੂੰ ਕੋਈ ਤਕਲੀਫ਼ ਨਾ ਹੋਈ; ਉਨ੍ਹਾਂ ਦੇ ਭਾਣੇ ਇਹ ਅੱਛਾ ਸੌਦਾ ਸੀ: ਗੁਰੂ ਦੇ ਸਿੱਖ ਵੀ ਬਣੇ ਰਹੋ, ਤੇ

ਬਦਲਣਾ ਵੀ ਨਾ ਪਊ; ਨਾਲੇ ਪੁੰਨ, ਨਾਲੇ ਫ਼ਲੀਆ।

ਲਹਿਰ ਦੇ ਧਰਮ ਵਿੱਚ ਵਟਣ ਤੋਂ ਬਾਅਦ. ਜਦ ਸਿੱਖ ਲਹਿਰ ਸੰਗਠਿਤ ਧਰਮ ਵਿੱਚ ਵਟ ਗਈ, ਤਦ ਧਰਮ ਨੂੰ ਉਹ ਹੋਇਆ ਜੋ ਅਕਸਰ ਧਰਮ ਨੂੰ ਹੁੰਦਾ ਹੀ ਹੈ। ਇੱਕ ਔਸਤਨ ਸੰਸਥਾਗਤ ਧਰਮ ਵਾਹ ਲੱਗਦੀ ਨੂੰ ਹਰ ਥਾਂ ਆਪਣਾ ਵੱਧੋ-ਵੱਧ ਮੁਨਾਫ਼ੇ ਵਾਲਾ ਸੌਦਾ ਪੱਤਾ ਵੱਧੋ-ਵੱਧ ਲੋਕਾਂ ਨੂੰ ਵੇਚਣਾ ਚਾਹੁੰਦਾ ਹੈ, ਜੋ ਵਿਕਦਾ ਤਾਂ ਹੀ ਹੈ ਜੇ ਲੋਕੀਂ ਖ਼ਰੀਦਣ ਤਾਂ। ਬ੍ਰਾਹਮਣਵਾਦ ਦਾ ਜੋ ਸੌਦਾ ਪੱਤਾ ਲੋਕੀਂ ਪੱਕੇ ਗਾਹਕਾਂ ਵਾਂਗ ਸਦੀਆਂ ਤੋਂ ਖ਼ਰੀਦਦੇ ਆ ਰਹੇ ਸਨ, ਉਹਦਾ ਹੀ ਇੱਕ ਬਰਾਂਡ ਚੱਲ ਪਿਆ; ਸੋ, ਵੇਚਣ ਤੇ ਖ਼ਰੀਦਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਈ।

ਪੰਜਾਬ ਸਣੇ ਭਾਰਤ ਵਿੱਚ, ਲੋਕਾਂ ਦੀ ਲੁੱਟ-ਖਸੁੱਟ ਕਰਨ ਤੇ ਆਪਣਾ ਉੱਲੂ ਸਿੱਧਾ ਰੱਖਣ ਲਈ, ਧਾਰਮਿਕ ਤੇ ਸਿਆਸੀ ਲੀਡਰਾਂ ਦੀ ਮਿਲੀ-ਭੁਗਤ ਦੇ ਸਿਰਜੇ ਕੁਝ ਦ੍ਰਿਸ਼-ਪਾਪ ਧੋਣ ਜਾਂ ਰੱਬ ਨੂੰ ਖੁਸ਼ ਕਰਨ ਲਈ ਤੀਰਥ/ਗੁਰਧਾਮ ਯਾਤਰਾ ਤੇ ਇਸ਼ਨਾਨ ਕਰਦੇ ਲੋਕ; ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਤੀਲੀ ਲੱਗਣ ਬਾਅਦ ਭੜਕਦੇ ਫ਼ਿਰਕੂ ਫ਼ਸਾਦ; ਦੇਵੀ/ਦੇਵਤਿਆਂ ਦੀਆਂ ਮੂਰਤੀਆਂ ਅਤੇ ਧਾਰਮਿਕ ਪੋਥੀਆਂ ਦੀਆਂ ਹੋ ਰਹੀਆਂ ਆਰਤੀਆਂ ਤੇ ਉਨ੍ਹਾਂ ਨੂੰ ਲੱਗ ਰਹੇ ਭੋਗਾਂ ਸਾਹਵੇਂ ਰਾਮ ਰਾਮ / ਵਾਹਿਗੁਰੂ ਵਾਹਿਗੁਰੂ ਕਰਦੇ ਲੋਕ; ਜ਼ਿੰਦਗੀ ਦੇ ਦਲਿੱਦਰ, ਦੁੱਖਾਂ, ਤੇ ਸਮੱਸਿਆਵਾਂ 'ਚੋਂ ਨਿੱਕਲਣ ਲਈ ਮੰਗਾਂ/ਮਨੌਤਾਂ ਤੇ ਚੜ੍ਹਾਵਿਆਂ ਦੇ ਸਿਲਸਿਲੇ ਵਿੱਚ ਖੁੱਭੇ ਲੋਕ; ਸਦੀਆਂ ਪੁਰਾਣੇ ਧਾਰਮਿਕ ਮੁੱਦਿਆਂ ਨੂੰ ਸਮਝਣ ਤੇ ਹੱਲ ਕਰਨ ਦੀ ਬਜਾਏ ਉਨ੍ਹਾਂ ਉੱਤੇ ਆਪਸ ਵਿੱਚ ਫ਼ਸ ਕੇ ਮਰ ਰਹੇ ਲੋਕ; ਮਤਲਬ ਸਮਝਣ ਤੋਂ ਬਿਨ੍ਹਾਂ ਹੀ ਪੂਜਾ ਵਿੱਚ ਸ਼ਬਦ ਉਚਾਰ ਰਹੇ ਸ਼ਰਧਾਲੂ; ਧਾਗੇ, ਤਵੀਤ, ਤੇ ਮੰਤਰ ਵੰਡਦੇ ਪਾਖ਼ੰਡੀ ਬਾਬਿਆਂ/ਸਾਧਾਂ ਦੇ ਡੇਰਿਆਂ 'ਤੇ ਜੁੜੀਆਂ ਸ਼ਰਧਾਲੂਆਂ ਦੀਆਂ ਭੀੜਾਂ, ਆਦਿ। ਇਹ ਇੱਥੇ ਵਿਕ ਰਹੇ 'ਧਰਮ ਦੇ ਸੌਦੇ-ਪੱਤੇ' ਦੀਆਂ ਕੁਝ ਕੁ ਉਦਾਹਰਣਾਂ ਹਨ।

**ਸਵਾਲ ਉੱਠਦਾ ਹੈ**: ਧਰਮ ਇਤਨਾ ਘਟੀਆ ਸੌਦਾ-ਪੱਤਾ ਯੂਰਪ ਜਾਂ ਅਮਰੀਕਾ/ਕੈਨੇਡਾ ਵਿੱਚ ਕਿਉਂ ਨਾ ਵੇਚ ਸਕਿਆ, ਜਿਤਨਾ ਪੰਜਾਬ ਸਣੇ ਭਾਰਤ ਵਿੱਚ। ਧਰਮ ਕੋਲ ਵੇਚਣ ਲਈ ਕੀ ਹੁੰਦਾ ਹੈ ਤੇ ਲੋਕ ਕੀ ਖ਼ਰੀਦਦੇ ਨੇ, ਇਹ ਕਿਸੇ ਦੇਸ਼ ਜਾਂ ਇਲਾਕੇ ਦੇ ਇਤਿਹਾਸ, ਮੌਜੂਦਾ ਹਾਲਾਤ, ਲੋਕਾਂ ਦੀ ਮੌਜੂਦਾ ਸੋਚ, ਤੇ ਸੰਸਕਾਰਾਂ ਪ੍ਰਤੀ ਉਨ੍ਹਾਂ ਦੇ ਰਵੱਈਏ 'ਤੇ ਨਿਰਭਰ ਕਰਦਾ ਹੈ। ਵਿਗਿਆਨ ਸ਼ੁਰੂ ਤੋਂ ਹੀ ਪੱਛਮੀ ਫ਼ਲਸਫ਼ੇ ਦਾ ਅਹਿਮ ਹਿੱਸਾ ਰਿਹਾ ਹੈ। ਪੱਛਮੀ ਅਵਾਮ ਸਮੇਂ ਸਮੇਂ 'ਤੇ ਰੂੜ੍ਹੀਆਂ ਤੇ ਅੰਧਵਿਸ਼ਵਾਸਾਂ ਦੀ ਰਾਖੀ ਕਰਦੇ ਧਰਮ ਨੂੰ ਵਿਗਿਆਨ ਦਾ ਰਸਤਾ ਰੋਕ ਕੇ ਖੜ੍ਹਦਿਆਂ ਦੇਖਦਾ ਰਿਹਾ ਹੈ; ਧਰਮ ਤੇ ਵਿਗਿਆਨ ਦੀ ਇਸ ਸ਼ਰੇਆਮ ਲੜ੍ਹਾਈ ਵਿੱਚ ਵਿਗਿਆਨ ਨੂੰ ਜਿੱਤਦਿਆਂ ਵੀ ਤੱਕਦਾ ਰਿਹਾ ਹੈ; ਤੇ ਵਿਗਿਆਨ ਦੀਆਂ ਜਿੱਤਾਂ ਦੇ ਫ਼ਲ ਬਾਕੀ ਦੁਨੀਆਂ ਤੋਂ ਪਹਿਲਾਂ ਚੱਖਦਾ ਰਿਹਾ ਹੈ। ਇਨ੍ਹਾਂ ਫ਼ਲਾਂ ਵਿੱਚ ਸ਼ਾਮਲ ਨੇ ਆਧੁਨਿਕ ਯੁੱਗ ਦੀਆਂ ਅਣਗਿਣਤ ਸਹੂਲਤਾਂ: ਇੰਜਨ ਤੋਂ ਟਿਊਬਵੈੱਲ, ਟਰੱਕ/ਕਾਰਾਂ, ਤੇ ਹਵਾਈ ਜਹਾਜ਼ਾਂ ਤੱਕ; ਬਿਜਲਈ ਚੁੱਲ੍ਹਿਆਂ,

ਫਰਿੱਜਾਂ, ਤੇ ਏਅਰਕੰਡੀਸ਼ਨਰਾਂ ਤੋਂ ਘਰਾਂ, ਸੜਕਾਂ, ਤੇ ਸ਼ਹਿਰਾਂ ਨੂੰ ਜਗਮਗਾਉਂਦੀ ਰੰਗ-ਬਰੰਗੀ ਰੌਸ਼ਨੀ ਤੱਕ; ਰੇਡੀਓ, ਟੀ.ਵੀ., ਤੇ ਕੰਪਿਊਟਰਾਂ ਤੋਂ ਇੰਟਰਨੈੱਟ, ਸ਼ੋਸ਼ਲ ਮੀਡੀਆ, ਤੇ ਸਮਾਰਟ ਫ਼ੋਨਾਂ ਤੱਕ; ਅਤੇ ਵੈਕਸੀਨਾਂ ਤੋਂ ਭਿੰਨ ਭਿੰਨ ਬਿਮਾਰੀਆਂ ਦੇ ਇਲਾਜਾਂ ਤੱਕ। ਇੰਝ, ਵਿਗਿਆਨਕ ਸੋਚ ਕਿਸੇ ਹੱਦ ਤੱਕ ਸਹਿਜ ਹੀ ਪੱਛਮੀ ਸੰਸਕ੍ਰਿਤੀ, ਸਮਾਜ, ਤੇ ਮਨੁੱਖ ਵਿੱਚ ਘਰ ਕਰਦੀ ਰਹੀ ਹੈ। ਉਦਾਹਰਣ ਵਜੋਂ, ਪੱਛਮ ਵਿੱਚ ਇੱਕ ਆਮ ਕਹਾਵਤ ਹੈਃ 'ਇਟ ਡਜ਼ ਨਾਟ ਵਰਕ', ਭਾਵ 'ਇਸ ਸੂਤ ਨਹੀਂ ਬਹਿੰਦੀ' ਜਾਂ 'ਇਹ ਚੱਲਦੀ ਨਹੀਂ'। ਲੋਕੀ ਇਹ ਕਹਾਵਤ ਉਦੋਂ ਵਰਤਦੇ ਨੇ ਜਦ ਕਿਸੇ ਚੀਜ਼, ਵਿਧੀ, ਖਿਆਲ, ਜਾਂ ਰਿਵਾਜ਼ ਦੇ ਇਸਤੇਮਾਲ ਕਰਨ ਨਾਲ ਲੋੜੀਂਦੇ ਸਿੱਟੇ ਨਾ ਨਿੱਕਲਣ; ਫਿਰ ਉਹ ਹੋਰ ਕੋਈ ਚੀਜ਼, ਵਿਧੀ, ਜਾਂ ਖਿਆਲ ਅਜ਼ਮਾਉਂਦੇ ਨੇ। ਇੰਝ, ਵਿਗਿਆਨਕ ਸੋਚ ਨਾਲ ਮੇਲ ਖਾਂਦੇ ਅਨੇਕਾਂ ਲੱਛਣ ਤੇ ਰੁਝਾਨ ਪੱਛਮੀ ਸੰਸਕ੍ਰਿਤੀ ਤੇ ਅਵਾਮੀ ਸੋਚ ਦਾ ਹਿਸਾ ਬਣੇ ਹੋਏ ਨੇ। ਇਸ ਲਈ ਧਰਮ ਨੂੰ ਵੀ ਕਿਸੇ ਹੱਦ ਤੱਕ ਤਰਕਸ਼ੀਲ ਹੋਣਾ ਪੈਂਦਾ ਹੈ; ਇਹ ਨਹੀਂ ਚੱਲਦਾ ਕਿ ਕੋਈ ਵੀ ਖ਼ੇਹ-ਸੁਆਹ ਵੇਚੀ ਜਾਵੋ।

**ਸਿੱਟੇ**- ਮੁੱਕਦੀ ਗੱਲ, ਮੂਲ ਰੂਪ ਵਿੱਚ, ਫ਼ੌਜਾਂ, ਭਾਵ ਲਹਿਰਾਂ, ਦੀ ਜਿੱਤ ਦਾ ਸਿਹਰਾ ਤਰਕ, ਮਾਨਵਵਾਦ, ਵਿਗਿਆਨ, ਵਿਗਿਆਨਕ ਸੋਚ, ਤੇ ਭਵਿੱਖਮੁੱਖੀ ਪਹੁੰਚ ਸਿਰ ਬੱਝਦਾ ਹੈ, ਅਤੇ ਹਾਰ ਦੇ ਲਾਅਨਤ ਇਹਨਾਂ ਚੀਜ਼ਾਂ ਦੀ ਗ਼ੈਰ-ਹਾਜ਼ਰੀ ਤੇ ਭੂਤਮੁਖੀ ਪਹੁੰਚ ਦੇ ਪੱਲੇ ਪੈਂਦੀ ਹੈ। ਗੁਰੂਆਂ ਦੇ ਸਮੇਂ ਤੋਂ ਹੀ, ਬ੍ਰਾਹਮਣਵਾਦੀ ਫ਼ਲਸਫ਼ੇ ਤੇ ਅਮਲ ਰੱਦ ਕਰਦੀ ਗੁਰੂਆਂ ਦੀ ਮਾਨਵਵਾਦੀ ਲਹਿਰ ਦੇ ਉਦੇਸ਼ਾਂ ਨਾਲ ਅਸਹਿਮਤ ਕੁਝ ਮੱਤ ਜਾਂ ਫ਼ਿਰਕੇ ਸਨ, ਜਿਨ੍ਹਾਂ ਨੇ ਗੁਰੂਆਂ ਤੋਂ ਬਾਅਦ, ਲਹਿਰ ਨੂੰ, ਗੁਰੂਆਂ ਦੇ ਨਾਂ 'ਤੇ ਹੀ ਕਾਮਯਾਬੀ ਨਾਲ ਇੱਕ ਸੰਸਥਾਗਤ ਧਰਮ ਵਿੱਚ ਬਦਲ ਦਿੱਤਾ; ਪੰਜਾਬ ਵਿੱਚ ਸਦੀਆਂ ਤੋਂ ਪ੍ਰਚੱਲਤ ਭੂਤਮੁਖੀ ਪਹੁੰਚ ਦੀ ਭਰਮਾਰ ਅਤੇ ਵਿਗਿਆਨ ਤੇ ਵਿਗਿਆਨਕ ਸੋਚ ਦੀ ਗ਼ੈਰ-ਹਾਜ਼ਰੀ ਸਦਕੇ। ਇਸ ਤਰ੍ਹਾਂ ਪੰਜਾਬ, ਜਾਂ ਗੁਰੂਆਂ ਦਾ ਸਿਰਜਿਆ ਸਿੱਖ, ਪੰਜਾਬ ਦੇ 'ਰੇਨਾਸਾਂਸ ਮੈਨ', ਬ੍ਰਾਹਮਣਵਾਦੀ ਫ਼ਲਸਫ਼ੇ ਤੇ ਅਮਲ ਨੂੰ ਮਾਨਤਾ ਦੇਣ ਵੱਲ ਨੂੰ ਯੂ-ਟਰਨ (ਕੂਹਣੀ-ਮੋੜ) ਮਾਰ ਗਿਆ। ਇਹਦੇ ਉਲਟ, ਰੇਨਾਸਾਂਸ ਦੌਰਾਨ ਤੇ ਰੇਨਾਸਾਂਸ ਤੋਂ ਬਾਅਦ , ਵਿਗਿਆਨ ਤੇ ਵਿਗਿਆਨਕ ਸੋਚ ਸਦਕੇ, ਯੂਰਪ ਅਤੇ ਰੇਨਾਸਾਂਸ ਦੇ ਵਾਰਿਸਾਂ ਵਲੋਂ ਸ਼ੁਰੂ ਕੀਤੇ ਦੇਸ਼ ਅਮਰੀਕਾ ਤੇ ਕੈਨੇਡਾ ਭਵਿੱਖਮੁਖੀ ਪਹੁੰਚ ਅਪਣਾਉਂਦੇ ਹੋਏ ਅੱਗੇ ਵਧਦੇ ਗਏ। ਪੰਜਾਬ ਤੇ ਯੂਰਪ ਵਿਚਕਾਰ ਇਹ ਫ਼ਰਕ ਹੀ ਪਿਛਲੇ ਅਧਿਆਏ 'ਚ ਵਿਚਾਰੇ ਪੰਜਾਬ ਜਾਗਰਤੀ ਲਹਿਰ ਦੀ ਹਾਰ ਦੇ ਹੋਰ ਲੱਛਣਾਂ, ਜਿਵੇਂ ਰਣਜੀਤ ਸਿੰਘ ਵਲੋਂ ਜਮਹੂਰੀਅਤ ਲਾਗੂ ਕਰਨ ਦੀ ਬਜਾਏ ਆਪਣੇ-ਆਪ ਨੂੰ ਮਹਾਂਰਾਜਾ ਥਾਪਣਾ, ਦਾ ਵੀ ਮੂਲ ਕਾਰਣ ਹੈ।

ਅਗਲੇ ਅਧਿਆਏ ਵਿੱਚ, ਅਸੀਂ ਭਗਤਾਂ ਤੇ ਸੂਫ਼ੀਆਂ ਦੇ ਨਾਲ ਨਾਲ ਗੁਰੂਆਂ ਵਲੋਂ ਚਲਾਈ ਗਈ ਪੰਜਾਬ ਜਾਗਰਤੀ ਲਹਿਰ ਦੀ ਰੌਸ਼ਨੀ ਵਿੱਚ, ਵਿਸ਼ਾਲ ਪ੍ਰਸੰਗ ਵਿੱਚ ਵੇਖਾਂਗੇ ਕਿ ਕਿੰਝ ਕਈਆਂ ਰੂਪਾਂ ਵਿੱਚ ਪੰਜਾਬ ਅਜੇ ਵੀ ਗੁਰੂ ਨਾਨਕ ਜਾਂ ਉਸ ਤੋਂ ਪਹਿਲਾਂ ਦੇ ਸਮੇਂ ਵਿੱਚ ਖੜ੍ਹਾ ਹੈ, ਤੇ ਕੀ ਕਰਨਾ ਬਣਦਾ ਹੈ।

# ਅਧਿਆਏ 9

## ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ 'ਤੇ: ਪੰਜਾਬ ਸਿੰਘ ਦਾ ਇਕਬਾਲੀਆ ਬਿਆਨ



*ਨਨਕਾਣਾ ਸਾਹਿਬ (ਪੁਰਾਣਾ ਨਾਂ : ਭੋਏ ਦੀ ਤਲਵੰਡੀ) : ਅਣਵੰਡੇ ਪੰਜਾਬ ਦਾ ਇੱਕ ਕਸਬਾ, ਜੋ ਹੁਣ ਪਾਕਿਸਤਾਨ ਵਿੱਚ ਹੈ, ਜਿੱਥੇ ਮੱਧਯੁੱਗੀ ਪੰਜਾਬ ਜਾਗ੍ਰਤੀ ਲਹਿਰ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ (1469-1539) ਜੀ ਦਾ ਜਨਮ ਹੋਇਆ।*



*ਫਲੋਰੈਂਸ : ਯੂਰਪ ਵਿੱਚ ਇਟਲੀ ਦਾ ਇੱਕ ਸ਼ਹਿਰ ਜਿਸ ਵਿੱਚ ਮੱਧਯੁੱਗੀ ਰੇਨਾਸਾਂਸ ਜਾਗਰਤੀ ਲਹਿਰ (14ਵੀਂ ਸਦੀ ਤੋਂ 17ਵੀਂ ਸਦੀ ਤੱਕ) ਪੈਦਾ ਹੋ ਕੇ ਸਾਰੇ ਯੂਰਪ ਵਿੱਚ ਫ਼ੈਲ ਗਈ, ਤੇ ਯੂਰਪ ਨੂੰ ਆਧੁਨਿਕ ਯੁੱਗ ਨਾਲ ਜੋੜ ਦਿੱਤਾ।*

ਹੈਲੋ, ਇਥੇ ਤੇ ਬਾਕੀ ਸੰਸਾਰ ਵਿੱਚ ਖਿੱਲਰੇ ਪੰਜਾਬੀਓ, ਕਾਇਨਾਤ ਦੇ ਨਾਂ 'ਤੇ: ਸਾਸਰੀਕਾਲ, ਚੜ੍ਹਦੀ ਕਲਾ, ਨਮਸਤੇ, ਅਸਲਾਮ-ਓ-ਅਲੈਕਮ, ਰੱਬ ਰਾਖਾ ! ਮੇਰਾ ਨਾਮ ਪੰਜਾਬ ਸਿੰਘ ਆ; ਮੈਂ ਆਪਣੇ-ਆਪ ਨੂੰ 'ਮੈਂ' ਤੇ ਕਦੀ 'ਅਸੀਂ' ਨਾਲ ਮੁਖਾਤਿਬ ਹੁੰਦਾਂ। ਅਸੀਂ ਉਤਨੇ ਹੀ ਸਿਆਣੇ ਹਾਂ ਜਿੰਨਾਂ ਸਾਡਾ ਵੱਧ ਤੋਂ ਵੱਧ ਸਿਆਣਾ ਵਿਦਵਾਨ, ਤੇ ਉਤਨੇ ਹੀ ਬੇਫ਼ਕੂਫ਼ ਜਿੰਨਾਂ ਸਾਡਾ ਵੱਧ ਤੋਂ ਵੱਧ ਅਗਿਆਨੀ ਬੰਦਾ।

ਪੰਜਾਬ ਵਸਦਾ ਗੁਰਾਂ ਦੇ ਨਾਮ 'ਤੇ? ਸ਼ਾਇਰ ਕਦੀ ਸਮੇਂ ਦੇ ਸੱਚ 'ਚੋਂ ਬੋਲਦਾ ਹੈ, ਤੇ ਕਦੀ ਭਵਿੱਖ ਦੇ ਸੁਫ਼ਨੇ 'ਚੋਂ। ਮੈਨੂੰ ਨਹੀਂ ਪਤਾ, ਉਸ ਸ਼ਾਇਰ ਦੇ ਚਿੱਤ ਵਿੱਚ ਕੀ ਸੀ, ਜਦੋਂ ਉਹਨੇ ਕਰੀਬ ਸਦੀ ਪਹਿਲਾਂ ਕਹਿ ਮਾਰਿਆ:

**"ਪੰਜਾਬ ਵਸਦਾ ਗੁਰਾਂ ਦੇ ਨਾਮ 'ਤੇ"**

(ਪ੍ਰੋ. ਪੂਰਨ ਸਿੰਘ)

ਉਂਝ ਮੈਂ ਤਾਂ ਇਸ ਤੁੱਕ ਵਿੱਚ ਵਿਸ਼ਵਾਸ ਰੱਖਦਾ ਰਿਹਾ ਹਾਂ, ਸ਼ਾਇਰ ਦੇ ਕਹਿਣ ਤੋਂ ਪਹਿਲਾਂ ਵੀ ਤੇ ਬਾਅਦ ਵੀ।

ਕੁਝ ਸ਼ਾਇਰਾਂ ਦੇ ਬੋਲ ਸਦੀਆਂ ਸਦੀਆਂ ਤੋਂ ਹਵਾ ਵਿੱਚ ਭਟਕਦੇ ਰਹਿੰਦੇ ਨੇ, ਉਨ੍ਹਾਂ ਸਿਰਾਂ ਦੀ ਭਾਲ ਵਿੱਚ, ਜਿੱਥੇ ਬੋਲ ਇਕ ਕੰਨ ਰਾਹੀਂ ਦਾਖ਼ਲ ਹੋਕੇ ਦੂਜੇ ਕੰਨ ਰਾਹੀਂ ਬਾਹਰ ਨਾ ਨਿੱਕਲ ਜਾਣ। ਅਸੀਂ ਇੰਨਾ ਵੀ ਬੋਲੇ ਨਹੀਂ ਹੁੰਦੇ, ਇੰਨੇ ਕਮਲੇ ਵੀ ਨਹੀਂ; ਬੱਸ ਮਚਲੇ, ਮੀਸਣੇ ਜਿਹੇ ਬਣ, ਘੇਸਲ ਮਾਰ ਲੈਂਦੇ ਆਂ; ਕਈ ਵਾਰੀ ਵਰ੍ਹਿਆਂ ਤੇ ਸਦੀਆਂ ਲੰਬੀ ਘੇਸਲ। ਸਦੀਆਂ ਤੋਂ ਮੇਰੇ ਆਲੇ ਦੁਆਲੇ ਦੀ ਹਵਾ ਵਿੱਚ ਘੁੰਮਦੇ, ਉੱਜੜੇ ਹੋਏ, ਸ਼ਬਦ ਤੇ ਫ਼ਿਕਰੇ ਮੈਂ ਅੱਜ ਵੀ ਸੁਣਦਾਂ:

**"ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥"**

(ਗੁਰੂ ਗਰੰਥ ਸਾਹਿਬ, ਪੰਨਾ ੧)

**"ਸੱਚ ਕੀ ਬਾਣੀ ਨਾਨਕ ਆਖੈ, ਸੱਚ ਸੁਣਾਇਸੀ ਸੱਚ ਕੀ ਬੇਲਾ ॥"**

(ਗੁਰੂ ਗਰੰਥ ਸਾਹਿਬ, ਪੰਨਾ ੭੨੩)

ਜਦੋਂ ਮੈਂ ਇਸ ਤਰ੍ਹਾਂ ਦੇ ਸ਼ਬਦ ਤੇ ਫ਼ਿਕਰੇ ਸੁਣਦਾਂ ਹਾਂ, ਤਾਂ ਕਦੀ ਮੇਰੇ ਕੰਨਾਂ ਵਿੱਚ ਸ਼ਾਂ-ਸ਼ਾਂ ਹੋਣ ਲੱਗਦੀ ਆ, ਤੇ ਕਦੀ ਦਿਲ ਉੱਪਰ ਥੱਲੇ ਹੋਣ ਲੱਗ ਜਾਂਦਾ, ਯਾਨੀ ਬੇਚੈਨੀ ਜਿਹੀ ਹੋਣ ਲੱਗਦੀ ਆ, ਜਿਹਨੂੰ ਅੰਗਰੇਜ਼ੀ ਵਿੱਚ 'ਫੀਲਿੰਗ ਅਨਕਮਫ਼ਟੇਬਲ' ਵੀ ਕਹਿੰਦੇ ਆ।

ਲਾਣੇ ਵਿੱਚੋਂ ਕਈ ਇਸ ਬੇਚੈਨੀ ਤੋਂ ਛੁਟਕਾਰਾ ਪਾਉਣ ਖ਼ਾਤਰ ਗੁਰਦੁਆਰਿਆਂ ਨਾਲ ਬਣੇ ਸਰੋਵਰਾਂ ਵਿੱਚ ਛਲਾਂਗਾਂ ਲਗਾ ਦਿੰਦੇ ਨੇ, ਤੀਰਥ ਇਸ਼ਨਾਨ ਕਰ ਰਹੇ ਹਿੰਦੂ ਸ਼ਰਧਾਲੂ ਵਾਂਗ ਹੀ, ਆਪਣੇ ਪਾਪ ਧੋਣ ਲਈ ਜਾਂ ਰੱਬ ਨੂੰ ਖ਼ੁਸ਼ ਕਰਨ ਲਈ। ਫੇਰ, ਉਨ੍ਹਾਂ ਦੇ ਮਨ ਇੱਕ ਹੋਰ ਆਵਾਜ਼ ਪੈਂਦੀ ਆ:

**"ਨਾਵਣ ਚਲੇ ਤੀਰਥੀ ਮਨ ਖੋਟੈ ਤਨਿ ਚੋਰ ॥<br>ਇਕੁ ਭਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥"**

(ਪੰਨਾ ੭੮੯)

ਭਾਵ: ਜਿਸ ਤੀਰਥ (ਜਾਂ ਸਰੋਵਰ) ਜਾ ਕੇ ਮਨ ਦੀ ਮੈਲ (ਖੋਟ) ਨੂੰ ਧੋਣਾ ਸੀ ਉਥੋਂ ਹੀ ਮਨ ਤੇ ਹੋਰ ਦੂਜੀ (ਹਉਮੈ ਦੀ) ਮੈਲ ਝੜ੍ਹਾ ਲਈ। ਇਸ ਤਰ੍ਹਾਂ, ਤੀਰਥ (ਜਾਂ ਸਰੋਵਰ) ਵਿੱਚ ਨਹਾ ਕੇ ਲਾਭ ਦੀ ਥਾਂ ਉਲਟਾ ਨੁਕਸਾਨ ਹੀ ਕਰਾ ਲਿਆ।

ਏਸ ਆਵਾਜ਼ ਨਾਲ ਉਨ੍ਹਾਂ ਦੀ ਬੇਚੈਨੀ ਹੋਰ ਵੀ ਵਧ ਜਾਂਦੀ ਆ। ਉਹ ਬੇਬੱਸ ਅਸਮਾਨ ਵੱਲ ਟਿੱਕਟਿਕੀ ਲਾ ਕੇ ਵੇਖਦੇ ਆ, ਤਾਂ ਕੁਦਰਤ ਵਿੱਚ ਆਪਣੇ-ਆਪ ਹੋ ਰਹੀ ਆਰਤੀ ਬਾਰੇ, ਇਹ ਆਵਾਜ਼ ਉਨ੍ਹਾਂ ਦੇ ਕੰਨੀਂ ਪੈਂਦੀ ਆ (ਹਿੰਦੂ ਮਤ ਅਨੁਸਾਰ ਦੇਵੀ/ਦੇਵਤੇ ਦੀ ਮੂਰਤੀ ਅੱਗੇ ਥਾਲ ਵਿੱਚ ਦੀਵੇ ਮੋਤੀ ਰੱਖ ਕੇ ਥਾਲ ਨੂੰ ਘੁਮਾਉਂਦੇ ਹੋਏ ਕੀਤੀ ਜਾ ਰਹੀ ਆਰਤੀ ਦਾ ਖ਼ੰਡਨ ਕਰਦੀ):

**"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥**
**ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥**
**ਅਨਹਤਾ ਸਬਦ ਵਾਜੰਤ ਭੇਰੀ ॥"**

(ਪੰਨਾ ੬੬੩)

**ਭਾਵ:** ਸਾਰਾ ਅਸਮਾਨ ਥਾਲ ਹੈ, (ਜਿਸ ਵਿਚ) ਸੂਰਜ ਤੇ ਚੰਦ ਦੀਵੇ ਬਣੇ ਹੋਏ ਹਨ ਅਤੇ ਤਾਰਿਆਂ ਦੇ ਸਮੂਹ ਜਿਵੇਂ ਰੱਖੇ ਹੋਏ ਮੋਤੀ ਹੋਣ। ਮਲਯ (ਅਨਲੋ) ਪਰਬਤ ਵਲੋਂ ਆਉਂਦੀ ਹਵਾ (ਧੁਖ ਰਹੇ) ਧੂਫ਼ ਤੇ ਚੌਰ ਦਾ ਕੰਮ ਕਰ ਰਹੀ ਹੈ। ਸਾਰੀ (ਕੁਦਰਤੀ) ਬਨਸਪਤੀ ਇਸ ਜੋਤ (ਆਰਤੀ) ਲਈ ਫੁੱਲ ਦੇ ਰਹੀ ਹੈ। ਸਿਰਜਨਹਾਰ ਦੀ (ਕੁਦਰਤ ਵਿਚ) ਕੈਸੀ ਸੁੰਦਰ ਆਰਤੀ ਹੋ ਰਹੀ ਹੈ! ਇੱਕ-ਰਸ ਜੀਵਨ-ਰੌ ਵਿੱਚ ਆਰਤੀ ਵਾਸਤੇ ਨਗਾਰੇ ਵੱਜ ਰਹੇ ਹਨ।

ਇਸ ਆਰਤੀ ਦੇ ਢੋਲ ਨਗਾਰੇ ਉਨ੍ਹਾਂ ਦੀ ਬੇਚੈਨੀ ਵਿੱਚ ਵੀ ਵੱਜਣ ਲੱਗ ਪੈਂਦੇ ਆ, ਤਾਂ ਉਨ੍ਹਾਂ ਦੀ ਨਜ਼ਰੇ ਕੁਝ ਦ੍ਰਿਸ਼ ਪੈਂਦਾ ਆ: ਗੁਰਬਾਣੀ ਦੇ ਇਸੇ ਹੀ ਸ਼ਬਦ-ਗਾਣ ਨਾਲ, ਹਿੰਦੂ ਰੀਤ ਵਾਂਗ ਹੀ, ਥਾਲ ਵਿੱਚ ਦੀਵੇ ਬਾਲ ਕੇ ਥਾਲ ਨੂੰ ਘੁਮਾਉਂਦੇ ਹੋਏ, ਗੁਰਬਾਣੀ ਦੀ ਆਰਤੀ ਉਤਾਰੀ ਜਾ ਰਹੀ ਹੈ; ਕਿਸੇ ਦੇਵੀ/ਦੇਵਤੇ ਦੀ ਮੂਰਤੀ ਦੀ ਆਰਤੀ ਵਾਂਗ ਹੀ। ਗੁਰਬਾਣੀ ਨੂੰ ਭੋਗ ਲੱਗਵਾਇਆ ਜਾ ਰਿਹਾ ਹੈ, ਮੰਦਰਾਂ ਵਿੱਚ ਦੇਵੀ/ਦੇਵਤੇ ਦੀ ਮੂਰਤੀ ਨੂੰ ਭੋਗ ਲੱਗਵਾਓਣ ਵਾਂਗ ਹੀ।

ਅਜਿਹੇ ਜਿਨ੍ਹਾਂ ਪਾਖ਼ੰਡਾਂ ਦਾ ਗੁਰੂਆਂ ਖ਼ੰਡਨ ਕੀਤਾ ਸੀ, ਉਨ੍ਹਾਂ ਪਾਖ਼ੰਡਾਂ ਦੇ ਜਸ਼ਨਾਂ ਵਿੱਚ ਲਾਣੇ ਵਿੱਚੋਂ ਬਾਹਲੇ ਸ਼ਾਮਲ ਹੋ ਜਾਂਦੇ ਆ। ਅਜੇਹੀ ਆਰਤੀ ਦੇ ਸ਼ੋਰ ਵਿੱਚ ਕੰਨਾਂ ਦੀ ਸ਼ਾਂ-ਸ਼ਾਂ ਮਹਿਸੂਸ ਨਹੀਂ ਹੁੰਦੀ; ਚੱਕਰਾਇਆ ਹੋਇਆ ਮਸਤਕ ਸੋਚਣਾ ਛੱਡ ਦਿੰਦਾ ਆ; ਤੇ ਬੇਚੈਨੀ ਮਦਹੋਸ਼ੀ ਵਿੱਚ ਬਦਲਣ ਲੱਗਦੀ ਆ।

ਫਿਰ ਵੀ, ਕੁੱਲ ਮਿਲਾ ਕੇ, ਮੈਨੂੰ ਭੋਰਾ ਭਰ ਵੀ ਸ਼ੱਕ ਨਹੀਂ ਸੀ ਕਿ ਮੈਂ ਗੁਰਾਂ ਦੇ ਨਾਮ 'ਤੇ ਵਸਦਾਂ। ਪੂਰਾ ਵਿਸ਼ਵਾਸ ਸੀ ਮੈਨੂੰ ਇਸ ਗੱਲ ਦਾ, ਸੰਨ 2019 ਦੇ ਕੱਤਕ ਦੀ ਪੁੰਨਿਆ ਤੱਕ, ਜਦੋਂ ਮੇਰੇ ਉੱਪਰ ਇੱਕ ਅਜਬ ਭਾਣਾ ਵਰਤਿਆ। ਪਤਾ ਨਹੀਂ ਇਹ

ਆਵਾਜ਼ ਕਿਧਰੋਂ ਆਈ, ਜਾਂ ਸ਼ਬਰੇ, ਮੇਰਾ ਆਪਾ ਹੀ ਆਪੇ ਤੋਂ ਬਾਹਰ ਹੋ ਕੇ ਖ਼ੁਦ ਉੱਪਰ ਵਰ੍ਹ ਪਿਆ ਸੀ:

ਪੰਜਾਬ ਸਿੰਹਾਂ, ਅੱਕ ਚੱਬੇਂਗਾ? ਐਵੇਂ ਬੁਰਾ ਨਾ ਮੰਨ ਜਾਵੀਂ, ਅੱਕ ਜਾਂ ਕਹਿ ਲੈ ਕੌੜ ਗੰਦਲ, ਵਰਗਾ ਸੱਚ ਕਹਿਣ ਲੱਗਿਆ ਜੇ:

**"ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ 'ਤੇ!"**

'ਤੇ ਇਹਦੇ ਨਾਲ ਹੀ ਹਿਮਾਚਲ ਦੀਆਂ ਪਹਾੜੀਆਂ ਦੀ ਗੂੰਜ, ਪਹਾੜੀਆਂ ਉੱਪਰ ਟਹਿਲ ਰਹੇ ਬੱਦਲਾਂ ਦੀ ਗਰਜ, ਤੇ ਪੰਜਾਂ ਦਰਿਆਵਾਂ ਦੇ ਭਬਕ ਮੇਰਿਆਂ ਕੰਨਾਂ ਵਿੱਚ ਜਿਵੇਂ ਸਿੱਕਾ ਢਾਲਦੀ ਨਿੱਕਲ ਗਈ। ਫੇਰ, ਇਹ ਬਰਕਰਾਰ ਆਵਾਜ਼ ਜਾਣੇ ਕਿਤਿਓਂ ਦੂਰ ਦੁਰੇਡਿਓਂ, ਜਾਂ ਕਿਸੇ ਡੂੰਘੇ ਖ਼ੂਹ ਵਿੱਚੋਂ, ਜਾਂ ਆਪਣੀ ਹੀ ਰੂਹ ਦੇ ਧੁਰ ਅੰਦਰੋਂ ਆ ਰਹੀ ਪ੍ਰਤੀਤ ਹੋਣ ਲੱਗੀ:

ਐਵੇਂ ਝੂਠ ਬੋਲਦਾ ਰਿਹਾਂ ਏਂ ਤੂੰ ਖ਼ੁਦ ਨਾਲ। ਤੇਰੇ ਆਸਹੀਣਤਾ ਤੇ ਦਿਸ਼ਾਹੀਣਤਾ ਵਿੱਚ ਗੁਆਚੇ ਗੱਭਰੂ ਨਸ਼ਿਆਂ ਦੇ ਹੜ੍ਹ ਵਿੱਚ ਡੁੱਬ ਕੇ ਮਰ ਰਹੇ ਆ; ਜੋ ਜੁਗਾੜ੍ਹ ਬਣਾ ਸਕਣ, ਉਹ ਆਪਣੇ ਸੁਪਨਿਆਂ ਮਗ਼ਰ ਦੌੜ੍ਹਦੇ ਦੌੜ੍ਹਦੇ ਤੈਨੂੰ ਛੱਡ ਕੇ ਦੂਸਰੇ ਮੁਲਖਾਂ ਨੂੰ ਉਡਾਰੀਆਂ ਮਾਰ ਰਹੇ ਆ। ਤੇਰੇ ਭਾਈ ਲਾਲੋ, ਕਿਰਤੀ ਕਿਸਾਨ, ਕਰਜ਼ੇ ਦੇ ਭਾਰ ਦਾ ਫ਼ਾਹਾ ਗਲ ਪਾ ਖ਼ੁਦਕਸ਼ੀਆਂ ਰਹੇ ਆ।

ਤੂੰ ਇਹਨੂੰ 'ਵਸਣਾ' ਆਖਦਾਂ ਏਂ? ਤਾਂ ਫਿਰ ਦੱਸ, ਉੱਜੜਣਾਂ ਕਿੱਦਾਂ ਦਾ ਹੁੰਦਾ?

ਪੰਜਾਬ ਜਿਊਂਦਾ ਕਲਗੀਆਂ ਦੇ ਨਾਮ 'ਤੇ! ਗੁਰਾਂ ਦੇ ਨਾਮ 'ਤੇ ਵਸਣਾ ਤਾਂ ਦੂਰ ਦੀ ਗੱਲ ਰਹੀ, ਤੈਨੂੰ ਤਾਂ ਗੁਰਾਂ ਦੇ ਨਾਮ 'ਤੇ ਜੀਊਂਣਾ ਵੀ ਨਹੀਂ ਆਉਂਦਾ। ਕੀ ਬਣਿਆ ਤੇਰੇ ਉਸ 'ਰੇਨਾਸਾਂਸ ਮੈਨ' ਦਾ? ਜਿਹਨੇ ਗੁਰੂਆਂ ਤੇ ਗੁਰਬਾਣੀ ਨੂੰ ਸਮਝ ਕੇ ਬ੍ਰਾਹਮਣਵਾਦੀ ਜਾਤ-ਪਾਤ ਖ਼ਤਮ ਕਰਨੀ ਸੀ? ਖ਼ੁਦ ਜਾਤ-ਪਾਤ ਵਿੱਚ ਖ਼ੇਰੂੰ ਹੋ ਗਿਆ: ਜੱਟ ਸਿੱਖ, ਮਜਹਬੀ ਸਿੱਖ, ਭਾਪੇ ਸਿੱਖ, ਰਾਮਗੜ੍ਹੀਏ ਸਿੱਖ, ਬਗ਼ੈਰਾ ਬਗ਼ੈਰਾ। ਗੁਰਦੁਆਰੇ ਵੀ ਜਾਤਾਂ ਵਿੱਚ ਵੰਡ ਲਏ: ਜੱਟਾਂ ਦਾ, ਭਾਪਿਆਂ ਦਾ, ਚਮਾਰਾਂ ਦਾ, ਤਰਖਾਣਾਂ ਦਾ ਗੁਰਦੁਆਰਾ।

ਉਹ ਜਾਤ-ਪਾਤ 'ਤੇ ਵੀ ਨਹੀਂ ਰੁਕਦਾ; ਹੋਰ ਵੀ ਪਿੱਛੇ ਜਾਂਦਾ ਹੋਇਆ ਕਬੀਲਿਆਂ/ ਗੋਤਾਂ ਵਿੱਚ ਵਟ ਜਾਂਦਾ, ਤੇ 'ਸਾਹਿਬ' ਦੀ ਕਲਗੀ ਲਗਵਾਉਣ ਵਿੱਚ ਮਾਨ ਮਹਿਸੂਸ ਕਰਦਾ: ਕੀ ਹਾਲਿ ਆ ਬਰਾੜ ਸਾਹਿਬ, ਕਮਾਲਿ ਆ ਸੰਘੇੜਾ ਸਾਹਿਬ, ਬਗ਼ੈਰਾ ਬਗ਼ੈਰਾ। ਏਦਾਂ ਆਪਣੀ ਸੋਚ ਵਿੱਚ ਉਹ ਜਦ ਕਬੀਲੇ ਵਾਲੇ ਯੁੱਗ ਵਿੱਚ ਨੂੰ ਪੌੜੀਆਂ ਉੱਤਰਣ ਲੱਗਦਾ ਹੈ, ਤਾਂ ਸਿਰਾਂ ਉੱਪਰ ਰਾਜਾਸ਼ਾਹੀ, ਰਜਵਾੜਾਸ਼ਾਹੀ, ਤੇ ਸਰਦਾਰੀਆਂ ਦੀਆਂ ਕਲਗੀਆਂ ਉੱਗਣ ਲੱਗ ਪੈਂਦੀਆਂ। ਜਿਸ 'ਰੇਨਾਸਾਂਸ ਮੈਨ' ਨੇ ਤੈਨੂੰ ਆਧੁਨਿਕ ਯੁੱਗ ਵੱਲ ਲੈ ਜਾਣਾ ਸੀ, ਉਹ ਯੂ-ਟਰਨ ਮਾਰਕੇ ਤੈਨੂੰ ਮੁੜ ਮੱਧਕਾਲੀ ਯੁੱਗ ਵੱਲ ਲੈ ਤੁਰਦਾ ਹੈ।

ਅਜੇ ਬਥੇਰੇ ਪੁੱਤਰ ਨੇ, ਜੋ ਇਨ੍ਹਾਂ ਕਲਗੀਆਂ ਦੀ ਛਾਂ ਵਿੱਚ ਹੀ ਬੱਕਰੇ ਬੁਲਾਉਣ ਲੱਗਦੇ ਆ। ਮਨੁੱਖੀ ਸੱਭਿਅਤਾ ਦੇ ਬਣਨ ਤੋਂ ਵੀਹ ਹਜ਼ਾਰ ਸਾਲ ਬਾਅਦ ਵੀ ਤੇਰੇ ਬੰਦਿਆਂ ਨੂੰ ਬੰਦੇ ਦਾ ਪੁਤ ਬਣਨ ਨਾਲੋਂ ਸ਼ੇਰ ਦਾ ਪੁੱਤ ਬਣਨ ਵਿੱਚ ਵਧੇਰੇ ਮਾਣ ਕਿਉਂ

ਹੁੰਦਾ? ਅਜੇ ਵੀ ਬਥੇਰੀਆਂ ਧੀਆਂ ਨੇ, ਜੋ ਜੇ ਪੁੱਤਰਾਂ ਵਾਂਗ ਆਪਣੀ ਜ਼ਿੰਦਗੀ ਦੇ ਫ਼ੈਸਲੇ ਖ਼ੁਦ ਕਰਨ ਲੱਗ ਪੈਣ, ਤਾਂ ਇਨ੍ਹਾਂ ਕਲਗੀਆਂ ਨੂੰ ਖ਼ਤਰਾ ਪੈਦਾ ਹੋ ਜਾਂਦਾ ਹੈ, ਜਿਹਨੂੰ 'ਖ਼ਾਨਦਾਨ ਦੀ ਇੱਜ਼ਤ ਨੂੰ ਖ਼ਤਰਾ' ਦਾ ਨਾਮ ਦੇ ਦਿੱਤਾ ਜਾਂਦਾ ਆ। ਜਦੋਂ ਇਹ ਖ਼ਤਰਾ ਪੈਂਦਾ ਹੁੰਦਾ, ਕੁੜੀ ਵਾਲਿਆਂ ਦਾ ਖ਼ਾਨਦਾਨੀ ਨੱਕ ਭਾਈਚਾਰੇ ਵਿੱਚ ਵੱਢਿਆ ਜਾਂਦਾ; ਜਿਸ 'ਤੇ ਬੰਦੂਕੜੀਆਂ ਵੀ ਚੱਲ ਸਕਦੀਆਂ। ਇਹ ਖ਼ਤਰੇ ਪੈਣ 'ਤੇ ਜਾਂ ਅਕਸਰ ਇਸ ਖ਼ਤਰੇ ਡਰੋਂ ਹੀ ਧੀਆਂ ਨੂੰ ਅਮਲੀ ਤੌਰ 'ਤੇ ਘਰ ਦੀ ਚਾਰ-ਦੀਵਾਰੀ ਜਾਂ ਨਿਗਰਾਨੀ ਅੰਦਰ ਕੈਦ ਰੱਖਿਆ ਜਾਂਦਾ। ਇਹ ਸੱਭ ਮੱਧਯੁੱਗੀ ਸੋਚ ਦੇ ਲੱਛਣ ਆ, ਪੰਜਾਬ ਸਿੰਹਾਂ !

ਉਂਝ ਤੇਰਾ ਲਾਣਾ ਆਧੁਨਿਕ ਵੀ ਬਹੁਤ ਹੋ ਗਿਆ। ਹੁਣ ਬੱਚੀ ਨੂੰ ਜਨਮ ਤੋਂ ਬਾਅਦ ਚਾਟੀ ਵਿੱਚ ਪਾ, ਜ਼ਮੀਨ 'ਚ ਦੱਬਣ ਦੀ ਲਾਹਨਤ ਤੋਂ ਬਚ ਜਾਂਦਾ; ਮਾਡਰਨ ਟੇਕਨੋਲੋਜੀ ਦੇ ਆਸਰੇ ਅਗਾਊਂ ਪਤਾ ਲਗਾ ਲੈਂਦਾ ਕਿ ਜੰਮਣ ਵਾਲਾ ਬੱਚਾ ਹੋਵੇਗਾ ਜਾਂ ਬੱਚੀ, ਤਾਂ ਜੋ ਅਨ-ਚਾਹੀ ਬੱਚੀ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਸਕੇ, ਗਰਭ ਗਿਰਾ ਕੇ; ਨਾ ਰਹੂ ਬਾਂਸ, ਨਾ ਵੱਜੂਗੀ ਬਾਂਸਰੀ। ਉਦੋਂ ਗੁਰੂਆਂ ਜਾਂ ਗੁਰਬਾਣੀ ਦਾ ਚੇਤਾ ਭੁੱਲ ਜਾਂਦਾ, ਜੋ ਇਸ ਪਸ਼ੂ ਬਿਰਤੀ ਵਾਲੀ ਜ਼ਾਲਮਾਨਾ ਸਮਾਜਿਕ ਕੁਰੀਤੀ ਵਿਰੁੱਧ ਆਵਾਜ਼ ਉਠਾਉਂਦੇ ਹੋਏ ਇਹਨੂੰ ਘੋਰ ਪਾਪ ਕਹਿਦੇ ਆ:

**"ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥**
**ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥"**

(ਪੰਨਾ ੧੧੨੭)

ਭਾਵ ਬੱਚੀ ਦੀ ਹੱਤਿਆ ਗਊ ਜਾਂ ਬ੍ਰਾਹਮਣ ਹੱਤਿਆ ਤੇ ਦੁਸ਼ਟਾਂ ਦੀ ਭੇਂਟ ਸਵੀਕਾਰਣ ਵਾਂਗ ਹੀ ਪਾਪ ਹੈ, ਤੇ ਇਹ ਪਾਪੀ ਸਦਾ ਹੰਕਾਰੀ ਅਭਿਮਾਨ ਨਾਲ ਭਰਿਆ ਹੁੰਦਾ ਹੈ।

ਇੰਝ ਅਜੇ ਵੀ ਤੂੰ ਗੁਰਬਾਣੀ ਨੂੰ ਉਲੰਘਦਾ ਆਪਣੇ ਪੁੱਤਰਾਂ ਤੇ ਧੀਆਂ ਵਿਚਕਾਰ ਦਰ੍ਹਾਂਡਾ ਕਰਦਾ ਏਂ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦੀ ਥਾਂ ਅੱਜ ਵੀ ਤੇਰੇ ਬਥੇਰਿਆਂ ਸਿਰਾਂ ਤੇ ਗੀਤਾਂ ਵਿੱਚ "ਰੰਨਾਂ ਚੈਂਚਲਹਾਰੀਆ, ਕੀ ਰੰਨਾਂ ਦਾ ਇਤਬਾਰ", "ਔਰਤ ਦੀ ਮੱਤ ਉਹਦੇ ਗਿੱਟਿਆਂ 'ਚ ਹੁੰਦੀ ਆ", ਤੇ "ਔਰਤ ਮਰਦ ਦੇ ਪੈਰ ਦੀ ਜੁੱਤੀ ਆ" ਵਰਗਾ ਕੂੜ੍ਹਾ ਕਰਕਟ ਭਰਿਆ ਹੋਇਆ।

ਗੁਰਾਂ ਨੇ ਜਿਸ ਜਮੀਂ 'ਤੇ ਤਰਕ ਗੋਸ਼ਟੀਆਂ ਕੀਤੀਆਂ, ਉਸੇ ਜਮੀਂ 'ਤੇ ਤਰਕ ਦੀ ਥਾਂ ਤਕਰਾਰ ਚੱਲਦੇ ਨੇ, ਨਿੱਕੀਆਂ ਤੁੱਛ ਜਿਹੀਆਂ ਗੱਲਾਂ ਤੋਂ ਵੀ ਜੀਭਾਂ ਬੱਕਰੇ ਬੁਲਾਉਣ ਲੱਗਦੀਆਂ ਨੇ, ਹੱਥ ਦੂਸਰੇ ਸਿਰਾਂ ਤੋਂ ਪੱਗਾਂ ਉਛਾਲਣ ਲੱਗ ਪੈਂਦੇ ਆ, ਸਿਰ ਪਾਟਦੇ ਆ, ਤੇ ਬੰਦੂਕੜੀਆਂ ਚੱਲ ਪੈਂਦੀਆਂ; ਸੱਭ ਕਲਗੀਆਂ ਦੀ ਛਾਂ ਵਿੱਚ।

ਲੱਖ ਇੰਟਰਨੈੱਟ 'ਤੇ ਚੜ੍ਹ, ਅੰਗਰੇਜ਼ੀ ਬੋਲ, ਮਾਡਰਨ ਮਸ਼ੀਨਰੀ ਚਲਾ, ਮਾਡਰਨ ਬਸਤਰ ਪਾ ਤੇ ਮਾਡਰਨ ਖ਼ੁਰਾਕਾਂ ਖਾਹ; ਤੇਰੇ ਚੱਜ ਅਤੇ ਕੰਮ ਡੰਕੇ ਦੀ ਚੋਟ 'ਤੇ ਸਾਰੀ ਦੁਨੀਆ ਸਾਹਮਣੇ ਕਹਿ ਰਹੇ ਆ ਕਿ ਤੂੰ ਅਜੇ ਵੀ ਮੱਧਯੁੱਗ ਵਿੱਚ ਜੀਅ ਰਿਹੈਂ, ਪੰਜਾਬ ਸਿੰਹਾਂ, ਗੁਰੂਆਂ ਤੋਂ ਵੀ ਪਹਿਲਾਂ ਵਾਲੇ ਮੱਧਯੁੱਗ ਵਿੱਚ !

ਫਿਰ ਉਹ ਆਵਾਜ਼ ਪਤਾ ਨਹੀਂ ਆਲੇ ਦੁਆਲੇ ਦੀ ਹਵਾ ਵਿੱਚ ਗ਼ੁੰਮ ਹੋ ਗਈ, ਜਾਂ ਮੇਰੇ ਮਗਜ 'ਚੇ।

ਪਰ, ਰੂਹ ਨੂੰ ਚੂੰਢੀਆਂ ਵੱਢਦਾ ਇਕ ਸਵਾਲ ਛੱਡ ਗਈ: ਜਦ ਅੱਜ ਵੀ ਰਜਵਾੜਸ਼ਾਹੀ ਕਲਗੀਆਂ ਦੇ ਨਾਂ 'ਤੇ ਜਿਊਂਦਾ ਹੈ ਪੰਜਾਬ, ਮੈਂ ਕਿਹੜੇ ਮੂੰਹ ਨਾਲ ਕਵ੍ਹਾਂ: ਵਸਦਾ ਹੈ ਪੰਜਾਬ ਗੁਰਾਂ ਦੇ ਨਾਮ 'ਤੇ?

ਪੰਜਾਬ ਜਿਊਂਦਾ ਬ੍ਰਾਹਮਣਵਾਦੀ ਕੁਰੀਤਾਂ ਤੇ ਪਾਖ਼ੰਡਾਂ ਦੇ ਨਾਮ 'ਤੇ, ਹਾਲੇ ਵੀ! ਮੈਂ ਤਾਂ ਲਾਣੇ ਨੂੰ ਬੜਾ ਸਮਝਾਉਂਦਾਂ ਬਈ ਗੁਰੂਆਂ, ਭਗਤਾਂ, ਤੇ ਸੂਫ਼ੀਆਂ ਨੇ ਸਾਨੂੰ ਧਾਰਮਿਕ ਲੁਟੇਰਿਆਂ ਦੀਆਂ ਬ੍ਰਾਹਮਣਵਾਦੀ ਤੇ ਹੋਰ ਕੁਰੀਤਾਂ, ਪਾਖ਼ੰਡਾਂ ਤੇ ਅੰਧਵਿਸ਼ਵਾਸ ਤੋਂ ਆਪਣੀ ਰਾਖੀ ਕਰਨ ਲਈ ਦੋ ਵੱਡੇ ਹਥਿਆਰ ਦਿੱਤੇ ਆ: ਸੱਚ ਤੇ ਤਰਕ। ਸੱਚ ਦਾ ਮਤਲਬ ਹੈ: ਅਸਲ, ਸਹੀ, ਜਾਂ ਵਾਸਤਵ। ਕਿਸੇ ਵੀ ਚੀਜ਼ ਜਾਂ ਮਸਲੇ ਬਾਰੇ ਪਹਿਲਾਂ ਸੱਚ ਨੂੰ ਤਿਨਕਾ ਤਿਨਕਾ ਤੱਥ ਚੁਗ ਚੁਗ ਕੇ ਇਕੱਤਰ ਕਰੋ, ਫਿਰ ਤਰਕ ਵਰਤ ਕੇ ਤੱਥਾਂ ਨੂੰ ਇੱਕ ਦੂਜੇ ਸੰਗ ਜੋੜੋ, ਜਾਂਚੋ। ਇੰਝ ਗਿਆਨ ਤੱਕ ਪਹੁੰਚੋ। ਗਿਆਨ ਦਾ ਇਹੀ ਰਾਹ ਗੁਰੂਆਂ ਦਿਖਾਇਆ; ਇਹੀ ਵਿਗਿਆਨ ਦਿਖਾਉਂਦੀ ਆ। ਮੈਂ ਤਾਂ ਚੌਣੇ ਨੂੰ ਬੜਾ ਸਮਝਾਉਂਦਾਂ, ਮੇਰੀ ਕੋਈ ਸੁਣੇ ਵੀ!

ਜਦੋਂ ਮੈਨੂੰ ਕੋਈ ਮੇਹਣਾ ਮਾਰਨ ਵਾਂਗ ਪੁੱਛਦਾ: "ਬਈ ਪੰਜਾਬ ਸਿੰਹਾਂ, ਕੀ ਬਣਿਆ ਤੇਰੇ ਉਸ 'ਰੇਨਾਸਾਂਸ ਮੈਨ' ਦਾ, ਜਿਹਨੇ ਪੰਜਾਬ ਨੂੰ ਆਧੁਨਿਕ ਯੁੱਗ ਵੱਲ ਲੈ ਜਾਣਾ ਸੀ, ਜਿਵੇਂ ਤੂੰ ਕਹਿੰਦਾ ਸੀ, ਯੂਰਪ ਨੂੰ ਉਹਦਾ 'ਰੇਨਾਸਾਂਸ ਮੈਨ' ਮਾਡਰਨ ਯੁੱਗ ਵੱਲ ਲੈ ਲਿਆ? ਕੀ ਕਰਦਾ ਅੱਜ ਕੱਲ ਉਹ, ਗੁਰੂਆਂ ਦੀ ਲਹਿਰ ਵਿੱਚੋਂ ਜਨਮਿਆ ਤੇਰਾ ਨਵਾਂ ਮਨੁੱਖ, ਗੁਰੂ ਦਾ 'ਸਿੱਖ'?"

ਮੈਂ ਹੀ ਜਾਣਦਾਂ, ਤਦ ਮੇਰੇ ਦਿਲ 'ਤੇ ਕੀ ਬੀਤਦੀ ਆ। ਇਹ ਸਵਾਲ ਜਾਂ ਕਹਿ ਲਓ ਮਿਹਣਾ, ਪਾਣੀਉਂ ਪਤਲਾ ਤੇ ਕੱਖੋਂ ਹੌਲਾ ਕਰ ਕੇ ਸੁੱਟ ਜਾਂਦਾ ਮੈਨੂੰ। ਕੀ ਦੱਸਾਂ ਮੈਂ, ਕੀ ਕਰਦਾ ਮੇਰਾ 'ਰੇਨਾਸਾਂਸ ਮੈਨ'। ਦੱਸਣੇ ਜੋਗਾ ਛੱਡਿਆ ਹੋਵੇ ਤਾਂ ਨਾ!

ਕੀ ਕਹਾਂ ਕਿ ਮੇਰਾ 'ਰੇਨਾਸਾਂਸ ਮੈਨ' ਲਾਣੇ ਵਿੱਚ ਰਲਿਆ ਗੁਰਦੁਆਰਿਆਂ ਨਾਲ ਬਣੇ ਸਰੋਵਰਾਂ ਵਿੱਚ ਸੰਗਰਾਂਦ, ਮੱਸਿਆ, ਤੇ ਹੋਰ ਖ਼ਾਸ ਮੌਕਿਆਂ 'ਤੇ ਕਿਸੇ ਹਿੰਦੂ ਸ਼ਰਧਾਲੂ ਦੀ ਤੀਰਥ ਯਾਤਰਾ ਤੇ ਇਸ਼ਨਾਨ ਵਾਂਗ ਹੀ ਇਸ਼ਨਾਨ ਕਰਦਾ ਵੇਖਿਆ ਜਾਂਦਾ; ਉਸੇ ਜਿਹੀ ਹੀ ਸ਼ਰਧਾ ਤੇ ਭਾਵਨਾਵਾਂ ਨਾਲ ਹੀ। ਹਾਲਾਂ ਕਿ ਗੁਰਬਾਣੀ ਗਵਾਹ ਹੈ, ਇਸ ਸੱਚ ਦੀ ਕਿ ਗੁਰੂਆਂ ਨੇ 'ਪਾਪ ਧੋਣ' ਤੇ 'ਜੀਵਨ ਸਫ਼ਲਾ ਕਰਨ' ਦੇ ਇਰਾਦੇ ਤੇ ਭਾਵਨਾਵਾਂ ਨਾਲ ਕੀਤੀ ਤੀਰਥ ਯਾਤਰਾ ਤੇ ਇਸ਼ਨਾਨ ਨੂੰ ਭਰਮ ਕਿਹਾ, ਤੇ ਇਸ ਰੀਤ ਨੂੰ ਬ੍ਰਾਹਮਣਵਾਦ ਦਾ ਅੰਧਵਿਸ਼ਵਾਸ ਤੇ ਪਾਖ਼ੰਡ ਕਹਿ ਕੇ ਇਹਦਾ ਖੰਡਨ ਕੀਤਾ।

ਤਰਕ ਇਹ ਕਹਿੰਦਾ ਹੈ: ਜੇ ਅਜੇਹੀ ਤੀਰਥ ਯਾਤਰਾ ਤੇ ਇਸ਼ਨਾਨ ਭਰਮ ਤੇ ਪਾਖ਼ੰਡ ਹੈ, ਤਾਂ ਅਜੇਹੇ ਹੀ ਇਰਾਦੇ ਤੇ ਭਾਵਨਾਵਾਂ ਨਾਲ ਕੀਤੀ ਗਈ ਗੁਰਧਾਮ-ਯਾਤਰਾ ਤੇ ਗੁਰਧਾਮਾਂ ਨਾਲ ਬਣੇ ਸਰੋਵਰਾਂ ਵਿੱਚ ਕੀਤਾ ਗਿਆ ਇਸ਼ਨਾਨ ਵੀ ਭਰਮ ਤੇ ਪਾਖ਼ੰਡ ਹੀ

ਹੋਇਆ, ਕਿ ਨਹੀਂ?

ਕੀ ਕਹਾਂ 'ਰੇਨਾਸਾਂਸ ਮੈਨ' ਬਾਰੇ? ਜਾਂ ਫਿਰ ਇਹ ਦੱਸਾਂ ਕਿ ਉਹ ਥਾਲ ਵਿੱਚ ਦੀਵੇ ਬਾਲ ਕੇ ਗੁਰੂ ਗ੍ਰੰਥ ਸਾਹਿਬ ਦੀ ਉਤਾਰੀ ਜਾ ਰਹੀ ਆਰਤੀ ਵਿੱਚ ਵੀ ਸ਼ਰੀਕ ਹੋ ਰਿਹਾ ਹੈ, ਉਸੇ ਆਰਤੀ ਵਿੱਚ, ਜੋ ਉਤਾਰੀ ਜਾ ਰਹੀ ਗਰੰਥ ਸਾਹਿਬ ਦੇ ਉਸ ਸ਼ਬਦ ਨਾਲ, ਜੋ ਐਸੀ ਆਰਤੀ ਨੂੰ 'ਕੂੜ ਤੇ ਅਡੰਬਰ' ਕਹਿੰਦਾ ਹੈ। ਜਿਸ ਆਰਤੀ ਨੂੰ ਗਰੰਥ ਸਾਹਿਬ ਕੂੜ ਅਡੰਬਰ ਕਹਿੰਦਾ, ਉਸੇ ਗਰੰਥ ਸਾਹਿਬ ਦੀ ਉਸੇ ਢੰਗ ਨਾਲ ਉਤਾਰੀ ਜਾ ਰਹੀ ਆਰਤੀ, ਫਿਰ ਮਹਾਂ ਕੂੜ ਅਡੰਬਰ ਨਾ ਹੋਈ, ਤਾਂ ਹੋਰ ਕੀ ਹੋਈ? ਜੇ ਮੰਦਰ ਵਿੱਚ ਉਤਾਰੀ ਉਹ ਆਰਤੀ ਬ੍ਰਾਹਮਣਵਾਦ ਹੈ, ਤਾਂ ਇਹ ਆਰਤੀ ਕੀ ਬਲਾਅ ਹੋਈ? ਇਸ ਸਵਾਲ ਦਾ ਜਵਾਬ ਕੱਢਣ ਲਈ ਫਿਜ਼ਿਕਸ ਦੀ ਪੀ.ਐਚ.ਡੀ. ਦੀ ਲੋੜ ਨਹੀਂ, ਸਿਰਫ਼ ਪੂਜਾ ਛੱਡ ਕੇ ਸੋਚਣ ਦੀ ਜ਼ਰੂਰਤ ਆ।

ਇੱਦਾਂ ਹੀ, ਜੋ ਗਰੰਥ ਸਾਹਿਬ, 'ਮੂਰਤੀ ਪੂਜਾ' ਤੇ ਮੂਰਤੀਆਂ ਦੇ ਭੋਗ ਲਗਵਾਉਣ ਦੀ ਬ੍ਰਾਹਮਣਵਾਦੀ ਰੀਤ ਦਾ ਖ਼ੰਡਨ ਕਰਦਾ, ਉਸੇ ਗਰੰਥ ਸਾਹਿਬ ਨੂੰ ਭੋਗ ਲੱਗ ਰਹੇ ਆ, ਤਾਂ ਫਿਰ ਗਰੰਥ ਸਾਹਿਬ ਨੂੰ ਭੋਗ ਲਗਵਾਉਂਣ ਦੀ ਰੀਤ, ਬ੍ਰਾਹਮਣਵਾਦੀ ਰੀਤ ਕਿਵੇਂ ਨਾ ਹੋਈ? ਮੁਲੱਖ ਗੁਰੂਬਾਣੀ ਨੂੰ ਨਿਰਾਪੁਰਾ ਜਪਣਾ ਛੱਡ ਕੇ ਸਮਝਣ ਦੀ ਕੋਸ਼ਿਸ਼ ਕਰੇ, ਤਾਂ ਹੀ ਆ ਨਾ? ਉਨਾ ਚਿਰ ਧਰਮ ਵਿਉਪਾਰੀਆਂ ਦੀਆਂ ਪੌਂ ਬਾਰਾਂ; ਉਨ੍ਹਾਂ ਦਾ ਬਿਜ਼ਨਿਸ ਪ੍ਰਫ਼ੁੱਲਤ ਰਹਿਣਾ, ਉਹੀਓ ਪੁਰਾਣੀਆਂ ਬ੍ਰਾਹਮਣਵਾਦੀ ਰੀਤਾਂ ਦਾ ਸੌਦਾ ਪਤਾ ਨਵਿਆਂ ਪੈਕਟਾਂ ਵਿੱਚ ਵੇਚਣ ਦਾ। ਨਾ ਹਿੰਗ ਲੱਗੇ, ਨਾ ਫ਼ਟਕੜੀ।

'ਰੇਨਾਸਾਂਸ ਮੈਨ' ਗੁਰਬਾਣੀ ਵਿੱਚ ਨਿਕਾਰੀ ਹੋਈ ਸਰਾਧ ਪ੍ਰਥਾ ਨੂੰ ਵੀ ਜਾਰੀ ਰੱਖ ਰਿਹਾ ਹੈ, ਭੋਜਨ ਚਾਹੇ ਬ੍ਰਾਹਮਣਾਂ ਨੂੰ ਛਕਾਇਆ ਜਾਏ ਜਾਂ ਬ੍ਰਾਹਮਣਾਂ ਦੀ ਥਾਂ 'ਸਿੱਖ ਬਹਿਠਾਏ' ਜਾਣ, ਗੱਲ ਤਾਂ ਉਹੀਓ ਈ ਹੋਈ। ਹੁਣ ਕੀ ਕੀ ਗਿਣਾਵਾਂ? ਬਾਬਾ ਆਦਮ ਦੇ ਵੇਲੇ ਤੋਂ ਚੱਲੀਆਂ ਆਉਂਦੀਆਂ ਬ੍ਰਾਹਮਣਵਾਦੀ ਕੁਰੀਤੀਆਂ ਤੇ ਪਾਖ਼ੰਡ, ਉਨ੍ਹਾਂ ਦਾ ਵੱਖ ਵੱਖ ਰੂਪਾਂ ਵਿੱਚ ਵਿਸਤਾਰ ਤੇ ਰਹਿੰਦ-ਖੂੰਦ ਅਜੇ ਵੀ ਕਾਇਮ ਆ: ਜੋਤਸ਼ੀਆਂ, ਤਾਂਤਰਿਕ ਪਾਖ਼ੰਡੀਆਂ, ਤੇ ਪਾਖੰਡੀ ਬਾਬਿਆਂ ਦੀਆਂ ਪੌਂ ਬਾਰਾਂ। ਵਹਿਮਾਂ ਤੇ ਅੰਧਵਿਸ਼ਵਾਸ ਵਿੱਚ ਜਕੜਿਆ ਲਾਣਾ ਪਾਖੰਡੀ ਬਾਬਿਆਂ, ਤਾਂਤਰਿਕ ਪਾਖ਼ੰਡੀਆਂ, ਜੋਤਸ਼ੀਆਂ, ਤੇ ਹੋਰ ਪਤਾ ਕਿਹੜੇ ਕਿਹੜੇ ਦੇ ਹੱਥੋਂ ਲੁੱਟ ਹੋ ਰਿਹਾ। ਕੋਈ ਗੁਰੂਆਂ ਦੇ ਦੱਸੇ ਮੁਤਾਬਕ ਏਸ ਦੰਭ ਦੇ ਬਰਖ਼ਿਲਾਫ਼ ਦਲੀਲ ਕਰੇ ਤਾਂ ਸ਼ਰਧਾਲੂ ਲਾਣਾ ਉਹਨੂੰ ਧਰਮ ਵਿਰੋਧੀ ਕਹਿ ਕੇ ਦੁਰਕਾਰ ਦਿੰਦਾ। 'ਰੇਨਾਸਾਂਸ ਮੈਨ' ਲਾਣੇ ਵਿੱਚ ਰਲਿਆ ਉਨ੍ਹਾਂ ਵਾਂਗ ਹੀ ਧਾਗੇ ਤਵੀਤ ਕਰਵਾ ਰਿਹਾ; ਸੱਖਣਾਂ ਸੁੱਖਣ, ਮੰਨਤਾਂ ਮੰਗਣ/ਮਨਾਉਣ, ਤੇ ਚੜ੍ਹਾਵੇ ਚੜ੍ਹਾਉਣ ਦੀਆਂ ਰਸਮਾਂ 'ਚੇ ਗੜੁੱਚ ਆ।

ਆਖ਼ਰ ਇਹ ਮਾਜ਼ਰਾ ਕਯਾ ਹੈ ਕਿ ਅਸੀਂ ਮੁੜ ਗੁਰੂਆਂ ਤੋਂ ਪਹਿਲਾਂ ਵਾਲੀਆਂ ਬ੍ਰਾਹਮਣਵਾਦੀ ਕੁਰੀਤੀਆਂ ਤੇ ਪਾਖ਼ੰਡਾਂ ਵਿੱਚ ਅੱਜ ਵੀ ਫ਼ਸੇ ਹੋਏ ਆਂ। ਇਸ ਸੱਭ ਪਿੱਛੇ ਕਿਹੜਾ ਸੱਚ ਕੰਮ ਕਰ ਰਿਹਾ? ਕਈ ਵਾਰ ਸੱਚ ਸਾਡੇ ਨੱਕ ਹੇਠਾਂ ਹੁੰਦਾ, ਲੇਕਿਨ ਆਪਣੀਆਂ

ਕਮਜ਼ੋਰੀਆ ਸਦਕੇ ਅਸੀਂ ਉਹਨੂੰ ਪਹਿਚਾਣ ਨਹੀਂ ਸਕਦੇ, ਜਾਂ ਪਹਿਚਾਣਨਾ ਨਹੀਂ ਚਾਹੁੰਦੇ; ਮਚਲੇ ਬਣ ਜਾਂਦੇ ਆਂ। ਇਹ ਸੱਚ ਵੀ ਕੁਛ ਇੱਦਾਂ ਦਾ ਈ ਆ। ਗੁਰੂਆਂ ਦੇ ਸਮੇਂ ਦੌਰਾਨ ਹੀ ਉੱਠੀਆਂ ਸੀ ਵਿਰੋਧੀ ਧਿਰਾਂ, ਜਿਵੇਂ ਉਦਾਸੀ, ਮੀਣੇ ਅਤੇ ਹੰਦਾਲੀਏ ਫਿਰਕੇ ਬਗ਼ੈਰਾ, ਜੋ ਗੁਰੂਆਂ ਦੀ ਸਿੱਖ ਮਾਨਵਵਾਦੀ ਲਹਿਰ ਨਾਲ ਸਹਿਮਤ ਨਹੀਂ ਸਨ। ਮਿਸਾਲ ਵਜੋਂ, ਉਦਾਸੀ ਫਿਰਕੇ ਦੇ ਪੈਰੋਕਾਰਾਂ ਨੂੰ ਬ੍ਰਾਹਮਣੀ ਫਲਸਫੇ ਤੇ ਰਹੁਰੀਤਾਂ ਵਿੱਚ ਸਿਖਲਾਈ ਦਿੱਤੀ ਜਾਂਦੀ ਸੀ। ਗੁਰੂਆਂ ਤੋਂ ਬਾਅਦ ਨਿਰਮਲੇ ਬ੍ਰਾਹਮਣ ਪੁਜਾਰੀਆਂ ਤੇ ਉਦਾਸੀ ਫਿਰਕੇ ਨੇ, ਮੌਕਾ ਪਾ ਕੇ, ਸਿੱਖੀ ਦੇ ਪਰਚਾਰ ਕੇਂਦਰਾਂ ਉੱਪਰ ਕਬਜ਼ਾ ਕਰ ਲਿਆ ਤੇ ਉਨ੍ਹਾਂ ਨੂੰ ਪੂਜਾ-ਅਸਥਾਨਾਂ ਵਿੱਚ ਬਦਲ ਦਿੱਤਾ; ਹਿੰਦੂ ਮੰਦਰਾਂ ਵਾਂਗ ਹੀ ਉੱਥੇ ਭਾਂਤ ਭਾਂਤ ਦੇ ਕਰਮ-ਕਾਂਡ ਤੇ ਰੀਤਾਂ ਸ਼ੁਰੂ ਕਰ ਦਿੱਤੀਆ। 'ਰੇਨਾਸਾਂਸ ਮੈਨ' ਸਣੇ ਲਾਣਾ ਏਸ ਸਚਾਈ ਨੂੰ ਪਹਿਚਾਣ ਨਾ ਸਕਿਆ, ਜਾਂ ਪਹਿਚਾਣਨਾ ਨਹੀਂ ਚਾਹੁੰਦਾ ਸੀ।

ਤਾਂ ਹੀ ਤਾਂ ਚੌਣੇ ਦੀ 'ਨਾ ਪਹਿਚਾਣਨ' ਦੀ ਏਸ ਸਚਾਈ ਦਾ ਅੱਕ ਮੈਨੂੰ ਰੋਜ਼ ਚੱਬਣਾ ਪੈਂਦਾ ਹੈ ਕਿ:

ਪੰਜਾਬ ਜਿਊਂਦਾ ਬ੍ਰਾਹਮਣਵਾਦੀ ਰੀਤਾਂ/ਕੁਰੀਤਾਂ ਤੇ ਪਾਖ਼ੰਡਾਂ ਦੇ ਨਾਮ 'ਤੇ!

ਕਿਹੜੇ ਮੂੰਹ ਨਾਲ ਕਵ੍ਹਾਂ: ਵਸਦਾ ਹੈ ਪੰਜਾਬ ਗੁਰਾਂ ਦੇ ਨਾਮ 'ਤੇ?

ਕਿੰਝ ਵਸੀਂ ਦਾ ਗੁਰਾਂ ਦੇ ਨਾਮ 'ਤੇ? ਉਹੀਓ ਹੀ ਆਵਾਜ਼ ਫਿਰ ਕਿਧਰੋਂ ਆਈ:

"ਇੱਕ ਵੇਰਾਂ ਕਹਾ ਲੈ, ਭਾਵੇ ਹਜ਼ਾਰ ਵੇਰਾਂ: ਆਧੁਨਿਕ ਯੁੱਗ ਤਾਂ ਮਿਲ ਗਿਆ ਤੈਨੂੰ, ਜੋ ਤੇਰੀ ਇੰਗਲੈਂਡੋਂ ਤੋਂ ਆਈ ਗ਼ੁਲਾਮੀ ਦਾਜ ਵਿੱਚ ਲਿਆਈ ਸੀ; ਉਂਝ ਤੇਰਾ ਸਰੀਰ ਹੀ ਆਧੁਨਿਕ ਯੁੱਗ ਵਿੱਚ ਹੈ, ਆਧੁਨਿਕ ਯੁੱਗ ਦੀਆਂ ਤਾਂ ਤੂੰ ਸਹੂਲਤਾਂ ਹੀ ਮਾਣਨਾ ਏਂ, ਤੇਰੀ ਸੋਚ, ਤੇਰੇ ਖ਼ਾਬ, ਤਾਂ ਅਜੇ ਵੀ ਬਾਬਾ ਨਾਨਕ ਤੋਂ ਪਹਿਲਾਂ ਵਾਲੇ ਮੱਧਕਾਲੀ ਯੁੱਗ ਵਿੱਚ ਅੜ੍ਹੇ ਹੋਏ ਆ, ਪੰਜਾਬ ਸਿੰਹਾ।

ਹੋਰ ਤਾਂ ਹੋਰ, ਬਾਬਾ ਨਾਨਕ ਤਾਂ ਤੇਰੇ ਭਾਣੇ ਜਿੱਦਾਂ ਤੇਰੇ ਲਈ ਪੈਦਾ ਹੀ ਨਹੀਂ ਹੋਇਆ।

ਤੂੰ ਤਾਂ ਆਪਣਾ ਖ਼ਿਆਲੀ ਬਾਬਾ ਨਾਨਕ ਬਣਾ ਕੇ ਉਹਨੂੰ ਪੂਜੀ ਜਾਨਾਂ ਏਂ, ਮੰਨਤਾਂ ਮੰਗੀ ਜਾਦਾਂ ਏਂ, ਚੜ੍ਹਾਵੇ ਚੜ੍ਹਾਈ ਜਾਦਾਂ ਏਂ, ਤੇ ਨਾਲ ਨਾਲ ਪਾਖੰਡੀ ਬਾਬਿਆਂ ਦੇ ਡੇਰਿਉਂ ਤਵੀਤ ਵੀ ਬੰਨਾਈਂ ਜਾਦਾਂ ਏਂ, ਤੇ ਹੋਰ ਨਾ ਜਾਣੇ ਕਿੰਨਾ ਕੁਛ ਖੇਹ ਸੁਆਹ ਕਰੀ ਜਾਨਾਂ ਏਂ।

ਵੱਡਾ ਆਇਆ ਗੁਰਾਂ ਦੇ ਨਾਮ 'ਤੇ ਵਸਣ ਵਾਲਾ!

ਇੱਧਰ ਦੇਖ, ਤੈਨੂੰ ਦਿਖਾਵਾਂ, ਗੁਰਾਂ ਦੇ ਨਾਮ 'ਤੇ ਕਿਸ ਤਰ੍ਹਾਂ ਵਸਿਆ ਜਾਂਦਾ ਏਂ!"

ਕਈ ਵਾਰ ਸੱਚ ਅਲਫ਼ ਨੰਗਾ ਹੁੰਦਾ ਹੈ, ਤੇ ਨੰਗੇ ਸੱਚ ਦੀ ਆਵਾਜ਼ ਕੁਰੱਖਤ ਹੁੰਦੀ ਹੈ, ਪਰ ਜੇ ਉਹਨੂੰ ਸੁਣਕੇ ਕੇ, ਉਹਦੀ ਰੌਸ਼ਨੀ ਵਿੱਚ ਅੱਖ ਉਘਾੜਣ ਦਾ ਜੇਰਾ ਕਰ ਲਈਏ, ਤਾਂ ਆਪਣੀਆਂ ਸਮੱਸਿਆਵਾਂ ਅਸਲੀ ਰੂਪ ਵਿੱਚ ਬੜੀਆਂ ਸਪੱਸ਼ਟ ਦਿਸਦੀਆਂ ਨੇ, ਤੇ ਉਨ੍ਹਾਂ ਦੇ ਹੱਲ ਦਾ ਰਸਤਾ ਵੀ। ਕੁਝ ਇਸ ਤਰ੍ਹਾਂ ਹੀ ਇਹ ਆਵਾਜ਼ ਵੀ ਮੇਰੀਆਂ

ਅੱਖਾਂ ਖੋਲ੍ਹ ਗਈ। ਜਦੋਂ ਉਸ ਆਵਾਜ਼ ਨੇ ਕਿਹਾ: "ਇੱਧਰ ਦੇਖ, ਤੈਨੂੰ ਦਿਖਾਵਾਂ, ਗੁਰੂ ਦੇ ਨਾਮ 'ਤੇ ਕਿਸ ਤਰ੍ਹਾਂ ਵਸਿਆ ਜਾਂਦਾ ਏ!" ਤਾਂ ਮੈਨੂੰ ਸਭ ਚਾਨਣ ਹੋ ਗਿਆ, ਤਦੇ ਈ ਤਾਂ ਮੈਂ ਲਾਣੇ ਨੂੰ ਕਹਿੰਦਾਂ ਬਈ ਤੁਸੀਂ ਤਾਂ ਗੁਰੂਆਂ ਨੂੰ ਪੂਜਣ ਜੋਗੇ ਰਹਿ ਗਏ, ਗੁਰਾਂ ਦੇ ਨਾਮ 'ਤੇ ਤਾਂ ਕੋਈ ਹੋਰ ਹੀ ਵਸੀ ਜਾ ਰਹੇ ਆ, ਜਿਨ੍ਹਾਂ ਨੇ ਖ਼ਬਰੇ ਕਦੀ ਗੁਰਾਂ ਦਾ ਨਾਮ ਵੀ ਨਹੀਂ ਸੁਣਿਆ ਹੋਣਾਂ।

ਦੁਨੀਆ ਵਿੱਚ ਬਥੇਰੇ ਐਸੇ ਮੁਲਖ਼ ਹੈਗੇ ਆ, ਜਿਹੜੇ ਗੁਰੂਆਂ ਦਾ ਚਿਤਵਿਆ ਆਧੁਨਿਕ ਯੁੱਗ ਸੱਚੇ ਮਨੋਂ ਜੀਅ ਰਹੇ ਆ, ਸੱਚੀਮੁੱਚੀ ਦਾ, ਨਾ ਕਿ ਝੂਠੀਂਮਿੱਥੀ ਦਾ। ਜਿੱਥੇ ਮਾਪਿਆਂ ਦਾ ਬੱਚਿਆਂ ਪ੍ਰਤੀ ਵਤੀਰਾ ਇੱਕੋ ਜਿਹਾ ਹੀ ਹੁੰਦਾ, ਬਿਨ੍ਹਾਂ ਲਿੰਗ ਦੇ ਭੇਦ-ਭਾਵ ਤੋਂ। ਯੁਵਾ ਅਵਸਥਾ ਤੋਂ ਹੀ ਕੁੜੀਆਂ, ਮੁੰਡਿਆਂ ਵਾਂਗੂ ਹੀ, ਆਪਣੀ ਜ਼ਿੰਦਗੀ ਦੇ ਫ਼ੈਸਲੇ ਖ਼ੁਦ ਕਰਨ ਲੱਗ ਪੈਂਦੀਆਂ। ਕਿਸੇ ਵੀ ਕੁੜੀ ਦਾ ਆਪਣੀ ਪਸੰਦ ਦਾ ਮੁੰਡਾ ਲੱਭ ਕੇ ਉਸ ਨਾਲ ਪਰਿਵਾਰ ਸ਼ੁਰੂ ਕਰਨਾ ਆਮ ਜਿਹੀ ਗੱਲ ਆ, ਮਾਪਿਆਂ ਦੇ ਸਿਰ ਉੱਪਰਲਾ ਅਸਮਾਨ ਨਹੀਂ ਡਿਗਦਾ, ਨਾ ਪੈਰਾਂ ਥੱਲੇ ਦੀ ਜਮੀਨ ਹੀ ਫ਼ਟਦੀ ਆ; ਉਹ ਸਗੋਂ ਆਪਣੀ ਧੀ ਦੀ ਖ਼ੁਸ਼ੀ ਵਿੱਚ ਸ਼ਰੀਕ ਹੁੰਦੇ ਆ, ਇਸ ਵਿੱਚ ਹੈਂਡ ਗਰਨੈਂਡ ਨਹੀਂ ਸੁੱਟਦੇ। ਦੁਬਾਰਾ ਵਿਵਾਹ ਕਰਵਾਉਣ 'ਤੇ ਵਿਧਵਾ ਜਾਂ ਤਲਾਕ-ਸ਼ੁਦਾ ਔਰਤਾਂ 'ਤੇ ਕੋਈ ਉਂਝ ਨਹੀਂ ਲੱਗਦੀ। ਉਥੇ ਗਰਭ ਵਿੱਚ ਬੱਚੇ ਦੀ ਥਾਂ ਬੱਚੀ ਦੀ ਸੂਹ ਲੱਗਣ 'ਤੇ ਕੋਈ ਗਰਭ ਨਹੀਂ ਗਿਰਾਉਂਦਾ। ਇੱਥੇ ਦੇ ਮੁਕਾਬਲੇ, ਉੱਥੇ ਔਰਤ ਤੇ ਮਰਦ ਨੂੰ ਬਰਾਬਰ ਦੇ ਹੱਕ ਮਿਲਦੇ ਆ, ਕੁੱਲ ਮਿਲਾ ਕੇ।

ਗੁਰਬਾਣੀ ਗਵਾਹ ਹੈ, ਇੰਝ ਵਸਿਆ ਜਾਂਦਾ ਹੈ, ਗੁਰਾਂ ਦੇ ਨਾਮ 'ਤੇ।

ਉਨ੍ਹਾਂ ਮੁਲਖਾਂ ਵਿੱਚ ਵਿਗਿਆਨ ਤੇ ਵਿਗਿਆਨਕ ਸੋਚ ਦੀ ਰੌਸ਼ਨੀ ਵਿੱਚ, ਜੋਤਸ਼, ਧਾਰਮਿਕ ਕਲਟਾਂ (cults), ਪਾਖ਼ੰਡਾਂ, ਤੇ ਹੋਰ ਅੰਧ-ਵਿਸ਼ਵਾਸਾਂ ਦਾ ਬੋਲਬਾਲਾ ਨਹੀਂ ਏ। ਅਕਸਰ ਤਰਕ ਤੇ ਵਿਗਿਆਨਕ ਸੋਚ ਰੋਜ਼ਾਨਾ ਜ਼ਿੰਦਗੀ ਵਿੱਚ ਸਹਿਜ ਹੀ ਘੁਲੀ ਮਿਲੀ ਹੁੰਦੀ ਹੈ, ਕਿਸੇ ਹੱਦ ਤੱਕ। ਧਾਰਮਿਕ ਹੋਵੇ ਜਾਂ ਅਧਾਰਮਿਕ ਹੋਵੇ, ਅਕਸਰ ਵਿਗਿਆਨਕ ਸੋਚ ਦੀ ਰੌਸ਼ਨੀ ਵਿੱਚ ਤੁਰਦਾ ਹੋਇਆ ਮਨੁੱਖ ਮਨੁੱਖੀ ਹੱਕਾਂ, ਮਨੁੱਖੀ ਬਰਾਬਰੀ, ਤੇ ਹੋਰ ਆਧੁਨਿਕ ਮਨੁੱਖੀ ਕਦਰਾਂ-ਕੀਮਤਾਂ ਦਾ ਝੰਡਾ ਬਰਦਾਰ ਹੋ ਨਿੱਬੜਦਾ, ਸੁਭਾਅ ਵਜੋਂ ਹੀ, ਭਾਵੇਂ ਘੱਟੋ-ਘੱਟ ਕਦੇ ਤੇ ਭਾਵੇਂ ਵੱਧ ਪੱਧਰ 'ਤੇ।

ਗੁਰਬਾਣੀ ਗਵਾਹ ਆ, ਇਹਨੂੰ ਕਹਿੰਦੇ ਨੇ, ਵਸਣਾ ਗੁਰਾਂ ਦੇ ਨਾਮ 'ਤੇ।

ਮਿਸਾਲ ਦਿੰਨਾਂ, ਇੱਕ ਜੱਟ ਤੇ ਇੱਕ ਚਮਾਰ, ਇੱਕੋ ਈ ਜਹਾਜ਼ੇ ਚੜ੍ਹ ਦੁਨੀਆ ਦੇ ਕਿਸੇ ਆਧੁਨਿਕ ਸਮਾਜ ਵਿੱਚ ਪਹੁੰਚ ਸਕਦੇ ਆ, ਇੱਕ-ਦੋ ਦਿਨ੍ਹਾਂ ਵਿੱਚ; ਤੇ ਉਸ ਮੁਲਖ਼ ਵਿੱਚ ਉਤਰਦਿਆਂ ਹੀ ਜੱਟ-ਚਮਾਰ ਵਿਚਕਾਰ ਫ਼ਾਸਲਾ ਖ਼ਤਮ ਹੋ ਜਾਂਦਾ; ਸ਼ੂ ਮੰਤਰ। ਜੋ ਫ਼ਾਸਲਾ ਵੱਧੋ-ਵੱਧ ਦੋ ਦਿਨ੍ਹਾਂ ਵਿੱਚ ਖ਼ਤਮ ਹੋ ਜਾਂਦਾ, ਉਹਨੂੰ ਅਸੀਂ ਅਨੇਕਾਂ ਸਦੀਆਂ ਵਿੱਚ ਖ਼ਤਮ ਨਾ ਕਰ ਸਕੇ; ਫੇਰ ਵੀ ਸਾਡਾ ਸਮਾਜ ਉਨ੍ਹਾਂ ਆਧੁਨਿਕ ਸਮਾਜਾਂ ਦੇ ਨਾਲ ਨਾਲ ਰਹਿ ਰਿਹਾ, ਇੱਕੋ ਸਮੇਂ ਵਿੱਚ। ਇਹ ਵਕਤ ਦੀ ਸੱਭ ਤੋਂ ਵੱਡੀ ਤੌਹੀਨ ਆ। ਇਸ

ਲਈ, ਸਾਡੇ ਵਰਗੀਆਂ ਕੌਮਾਂ ਤੇ ਸਮਾਜਾਂ ਨੂੰ ਵਕਤ ਦਾ ਸਰਾਪ ਹੈ: "ਉੱਜੜ ਜਾਓ; ਆਪਸ ਵਿੱਚ ਲੜ ਮਰ ਕੇ, ਨਸ਼ਿਆਂ ਵਿੱਚ ਡੁੱਬ ਕੇ, ਖ਼ੁਦਕਸ਼ੀਆਂ ਕਰ ਕੇ, ਬਾਹਰ ਨੂੰ ਭੱਜ ਕੇ, ਜਿਸ ਤਰ੍ਹਾਂ ਵੀ ਸੂਤ ਲੱਗਦਾ, ਬੱਸ ਉੱਜੜ ਜਾਓ!" ਤਾਂ ਹੀ ਲਾਣਾ, ਖ਼ਾਸਕਰ ਨੌਜਵਾਨ, ਜਿਨ੍ਹਾਂ ਦਾ ਸੂਤ ਲੱਗਦਾ, ਹੁਣ ਚੁੰਬਕੀ ਖਿੱਚ ਦੇ ਖਿੱਚੇ ਮਾਡਰਨ ਮੁਲਖ਼ਾਂ ਨੂੰ ਉਡਾਰੀਆਂ ਮਾਰ ਰਹੇ ਆ; ਜੋ ਨੌਜਵਾਨ ਪਿੱਛੇ ਰਹਿ ਗਏ, ਉਹ ਆਸਹੀਣ ਦਿਸ਼ਾਹੀਣ, ਨਸ਼ਿਆਂ ਵਿੱਚ ਡੁੱਬ ਰਹੇ ਆ। ਜੋ ਉਡਾਰੀਆਂ ਮਾਰ ਗਏ, ਉਨ੍ਹਾਂ ਵਿੱਚੋਂ ਬਾਹਲੇ, ਆਪਣੀ ਭੂਤਮੁਖੀ ਸੋਚ ਸਦਕਾ, ਉਨ੍ਹਾਂ ਆਧੁਨਿਕ ਮੁਲਖ਼ਾਂ ਵਿੱਚ ਵੀ ਕੁਛ ਸਿੱਖ ਨਹੀਂ ਰਹੇ; ਸਗੋਂ ਪਾਖੰਡੀ ਬਾਬਿਆਂ ਦੇ ਟਰਿੱਪ ਲੁਆ ਕੇ, ਕੁਛ ਅੰਧ-ਵਿਸ਼ਵਾਸ ਇਮਪੋਰਟ ਕਰ ਲੈਂਦੇ ਆ। ਚਲੋ, ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਤਾਂ ਆਧੁਨਿਕ ਸਮਾਜ ਵਿੱਚ ਵਸਣਗੀਆਂ, ਪੰਜਾਬ ਗੁਰਾਂ ਦੇ ਨਾਮ 'ਤੇ।

'ਭੂਤਮੁਖੀ ਸੋਚ' ਨਾਮ ਦੀ ਮਰਜ਼- ਮੈਂ ਤਾਂ ਲਾਣੇ ਨੂੰ ਕਹਿੰਨਾਂ ਬਈ ਜੇ ਅਸੀਂ ਇੱਥੇ ਹੋ ਰਹੇ ਉਜਾੜੇ ਨੂੰ ਰੋਕਣਾ ਚਾਹੁੰਦੇ ਹਾਂ, ਤਾਂ ਵਕਤ ਦੇ ਇਸ 'ਉਜੜ ਜਾਓ' ਸਰਾਪ ਦਾ ਇੱਕ ਹੀ ਇਲਾਜ ਹੈ: ਬਦਲ ਜਾਓ! ਆਪਣੇ ਸਮਾਜ ਨੂੰ ਆਪਣੀ ਸੋਚ ਸਮੇਤ ਆਧੁਨਿਕ ਯੁੱਗ ਵਿੱਚ ਨੂੰ ਲੈ ਜਾਓ। ਇਹ ਹੁਣ ਤੱਕ ਕਿਉਂ ਨਹੀਂ ਹੋ ਸਕਿਆ? ਕਿਉਂਕਿ ਸਾਨੂੰ ਸਦੀਆਂ ਸਦੀਆਂ ਤੋਂ ਭੂਤ ਚੰਬੜਣ ਦੀ ਨਾਮੁਰਾਦ ਮਰਜ਼ ਲੱਗੀ ਹੋਈ ਆ; ਬੀਤੇ ਦੇ ਭੂਤ। ਇਸ ਮਰਜ਼ ਨੂੰ 'ਭੂਤਮੁਖੀ ਸੋਚ' ਵੀ ਕਹਿੰਦੇ ਨੇ। ਜਦੋਂ ਏਸ ਮਰਜ਼ ਦੀ ਹਵਾ ਮੁਲੱਖ ਨੂੰ ਆਉਂਦੀ ਆ, ਤਾਂ ਹਿਰਦੇ ਫ਼ਿਰਕੂ ਭਾਵਨਾਵਾਂ ਸੰਗ ਜਲਣ ਭੜਕਣ ਲਗਦੇ ਆ, ਹਿਰਦਿਆਂ ਦੀ ਅੱਗ ਬਾਹਰ ਨਿੱਕਲ ਕੇ ਆਲੇ ਦੁਆਲੇ ਨੂੰ ਆਪਣੀ ਲਪੇਟ ਵਿੱਚ ਲੈਣ ਲੱਗਦੀ ਆ; ਬੰਦਾ ਖ਼ੂੰਖਾਰ ਪਸ਼ੂ ਬਣਕੇ ਦੂਸਰੇ ਬੰਦਿਆਂ ਨੂੰ ਮੌਤ ਘਾਟ ਉਤਾਰਣ 'ਤੇ ਉਤਰ ਆਉਂਦਾ। ਜਦੋਂ ਇਸ ਮਰਜ਼ ਦੀ ਹਵਾ, ਮੇਰੇ ਬੁੱਧੀਮਾਨਾਂ ਦੇ ਸਿਰ ਚੜ੍ਹਦੀ ਆ, ਤਾਂ ਅੱਜ ਦੀਆਂ ਸਮੱਸਿਆਵਾਂ ਸਾਹਮਣੇ ਖੜ੍ਹੇ, ਉਹ ਚੰਗੇ ਭਲੇ ਦਿਸਦੇ, ਪਿੱਛੇ ਨੂੰ ਮੂੰਹ ਕਰਕੇ, ਇਤਿਹਾਸਕ ਹਸਤੀਆਂ ਨੂੰ ਹਾਕਾਂ ਮਾਰਨ ਲੱਗ ਪੈਂਦੇ ਨੇ ਜਿਵੇਂ ਬੁੱਲ੍ਹੇ ਸ਼ਾਹ, ਵਾਰਿਸਸ਼ਾਹ, ਮਹਾਂਰਾਜਾ ਰਣਜੀਤ ਸਿੰਘ, ਬਾਬਾ ਨਾਨਕ, ਤੇ ਰਿਸ਼ੀ ਮੁਨੀ; ਸੇਧ ਲੈਣ ਲਈ। ਇਹ ਕੁਛ ਇਸ ਤਰ੍ਹਾਂ ਆ ਕਿ ਸਕੂਲੋਂ ਮਿਲੇ ਸਵਾਲਾਂ ਦੇ ਜਵਾਬ ਖ਼ੁਦ ਕੱਢਣ ਦੀ ਬਜਾਏ, ਕੋਈ ਪਾੜ੍ਹਾ, ਆਪਣੇ ਦਾਦਿਆਂ ਪੜਦਾਦਿਆਂ ਅੱਗੇ ਮਦਦ ਲਈ ਲੈਲਣੀਆਂ ਕੱਢਣ ਲੱਗ ਪਵੇ; ਜਾਂ ਫਿਰ ਮਾਡਰਨ ਫਿਜ਼ਿਕਸ ਦਾ ਕੋਈ ਵਿਦਿਆਰਥੀ 20ਵੀਂ ਸਦੀ ਦੀ ਖੋਜੀ ਕੁਆਂਟਮ ਭੌਤਿਕੀ ਦੇ ਸਵਾਲਾਂ ਦੇ ਜਵਾਬ 17ਵੀਂ ਤੇ 18ਵੀਂ ਸਦੀ ਦੇ ਮਹਾਨ ਵਿਗਿਆਨੀ ਨਿਊਟਨ ਦੇ ਸਿਧਾਂਤਾਂ ਅਨੁਕੂਲ ਵਾਰ ਵਾਰ ਕੱਢੇ, ਹਰ ਵਾਰ ਫ਼ੇਲ੍ਹ ਹੋਣ ਦੇ ਬਾਵਜੂਦ ਵੀ। ਤਾਂ ਹੀ ਅਜੇਹੇ ਬੁੱਧੀਜੀਵੀ ਸਦੀਆਂ ਸਦੀਆਂ ਤੋਂ ਖ਼ੁਦ ਫ਼ੇਲ੍ਹ ਹੁੰਦੇ ਤੇ ਲਾਣੇ ਨੂੰ ਫੇਲ੍ਹ ਕਰਦੇ ਆਏ ਆ। ਇਸੇ ਮਰਜ਼ ਸਦਕਾ ਹੀ, ਲਾਣੇ ਵਿੱਚੋਂ ਕਈ ਗੁਰੂਆਂ ਨੂੰ ਉਨ੍ਹਾਂ ਦੇ ਸਮੇਂ ਵਿੱਚ ਹੀ ਕੁਰਾਹੀਏ ਕਹਿੰਦੇ ਰਹੇ; ਤੇ ਮੇਰੇ 'ਰੇਨਾਸਾਂਸ ਮੈਨ' ਨੇ ਮੂੰਹ ਵਿੱਚ ਘੁੰਗਣੀਆਂ ਪਾਈ ਰੱਖੀਆਂ। ਜਦੋਂ ਨਿਰਮਲੇ ਬ੍ਰਾਹਮਣ ਪੁਜਾਰੀਆਂ ਤੇ ਉਦਾਸੀ ਫਿਰਕੇ ਨੇ ਗੁਰੂਆਂ ਦੀ ਸ਼ੁਰੂ ਕੀਤੀ ਲਹਿਰ ਦੇ

ਪ੍ਰਚਾਰ ਕੇਂਦਰਾਂ 'ਚ ਬ੍ਰਾਹਮਣਵਾਦੀ ਰੀਤਾਂ ਤੇ ਪਾਖੰਡ ਨੂੰ ਲਾਗੂ ਕੀਤਾ, ਤੇ ਜਮਹੂਰੀਅਤ ਲਾਗੂ ਕਰਨ ਦੀ ਬਜਾਏ ਰਣਜੀਤ ਸਿੰਘ ਆਪਣੇ ਸਿਰ ਉੱਪਰ ਮੱਧਕਾਲੀ ਯੁੱਗ ਦੀ ਰਾਜ-ਕਲਗੀ ਸਜਾ 'ਮਹਾਂਰਾਜਾ' ਬਣ ਗਿਆ। 'ਭੂਤਮੁੱਖੀ ਸੋਚ' ਨਾਂ ਦੀ ਏਸ ਮਰਜ਼ ਦੀ ਤਰਕ ਨਾਲ ਦੁਸ਼ਮਣੀ ਆ। ਜਦੋਂ ਤੱਕ ਲਾਣੇ ਨੂੰ ਇਹ ਮਰਜ਼ ਲੱਗੀ ਰਹੂ, ਉੱਨਾ ਚਿਰ ਨਹੀਂ ਵਸ ਸਕਦਾ ਪੰਜਾਬ ਗੁਰਾਂ ਦੇ ਨਾਮ 'ਤੇ।

'ਭੂਤਮੁਖੀ ਸੋਚ' ਨਾਂ ਦੀ ਮਰਜ਼ ਦੇ ਇਲਾਜ ਦਾ ਨੁਸਖਾ ਆ: ਤਰਕ (ਇੱਕ ਹਥਿਆਰ ਜੋ ਗੁਰੂਆਂ ਸਾਨੂੰ ਦਿੱਤਾ) ਤੇ ਵਿਗਿਆਨਕ ਸੋਚਣੀ, ਜੋ ਗੁਰੂਆਂ ਨੇ ਖ਼ੁਦ ਅਧਿਆਤਮਕ ਘੇਰੇ ਵਿੱਚ ਵੀ ਵਰਤੀ। ਮਿਸਾਲ ਵਜੋਂ, ਭਾਵੇਂ ਵਿਗਿਆਨ ਦਾ ਇੱਕ ਕੇਂਦਰੀ, ਮਾਦਾ ਦੀ ਅਵਿਨਾਸ਼ਤਾ ਦੇ, ਸਿਧਾਂਤ ਦਾ ਖ਼ਿਆਲ 2800 ਸੌ ਵਰ੍ਹੇ ਪਹਿਲੇ ਹੀ ਗਰੀਕ ਫ਼ਿਲਾਸਫ਼ਰ ਥੇਲਜ਼ ਨੂੰ ਆ ਗਿਆ ਸੀ, ਲੇਕਿਨ ਇਹ ਸਿਧਾਂਤ ਮੁਕੰਮਲ ਹੋਇਆ 20ਵੀਂ ਸਦੀ ਵਿੱਚ ਹੀ, ਆਈਨਸਟਾਈਨ ਦੀ ਖ਼ੋਜ ਨਾਲ। ਲਓ, ਸੁਣ ਲਓ, ਇਸ ਮੁਕੰਮਲ ਖ਼ਿਆਲ ਦਾ ਅਧਿਆਤਮਕ ਰੂਪ ਬਾਬਾ ਨਾਨਕ ਨੇ ਗੁਰਬਾਣੀ ਦੇ ਮੂਲ ਮੰਤਰ ਵਿੱਚ 20ਵੀਂ ਸਦੀ ਤੋਂ ਕਰੀਬ ਚਾਰ ਸਦੀਆਂ ਪਹਿਲਾਂ ਹੀ ਭਰ ਦਿੱਤਾ। ਏਸ ਲਈ, ਚਲੋ ਅਧਿਆਤਮਕਤਾ ਦੇ ਦਾਇਰੇ ਵਿੱਚ ਹੀ ਸਹੀ, ਗੁਰਾਂ ਦੀ ਸੋਚ ਵਿਗਿਆਨਕ ਸੀ। ਉਨ੍ਹਾਂ ਦੀ ਬਾਣੀ ਵਿੱਚ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ, ਜ਼ੁਲਮ ਦਾ ਵਿਰੋਧ, ਕਿਰਤ ਤੇ ਹੱਕ ਸੱਚ ਦਾ ਸਾਥ, ਤੇ ਹੋਰ ਮਾਨਵਵਾਦੀ ਮੁੱਲਾਂ ਦੀ ਵਕਾਲਤ ਉਨ੍ਹਾਂ ਦੀ ਪਹੁੰਚ ਦੇ ਭਵਿੱਖਮੁਖੀ ਹੋਣ ਵੱਲ ਸਪਸ਼ਟ ਇਸ਼ਾਰਾ ਕਰਦੇ ਆ। ਮੌਜੂਦਾ ਸਮੱਸਿਆਵਾਂ ਦੇ ਹੱਲ ਲੱਭਣ ਲਈ ਭੂਤਮੁਖੀ ਪਹੁੰਚ ਅਪਣਾਉਣ ਦੇ ਬਜਾਏ ਅੱਜ ਦੇ ਹਾਲਾਤ 'ਤੇ ਆਧਾਰਿਤ, ਵਿਗਿਆਨਕ ਤੇ ਭਵਿੱਖ-ਮੁਖੀ ਪਹੁੰਚ ਅਪਣਾਉਂਦੇ ਹੋਏ ਆਪਾਂ ਸੱਚੀਂ ਮੁੱਚੀਂ ਦੇ ਆਧੁਨਿਕ ਯੁੱਗ ਵਿੱਚ ਦਾਖ਼ਲ ਹੋ ਸਕਦੇ ਆ। ਫੇਰ ਵਸੂ ਪੰਜਾਬ ਗੁਰਾਂ ਦੇ ਨਾਮ 'ਤੇ।

ਤਦ ਤੱਕ, ਮੈਂ ਲਾਣੇ ਨੂੰ ਸੁਣਾਉਣ ਲਈ, ਹਵਾ ਸੰਗ ਵਹਿ ਰਹੀ ਕਿਸੇ ਸ਼ਾਇਰ ਦੀ ਆਵਾਜ਼ ਵਿੱਚ ਆਪਣੀ ਅਵਾਜ਼ ਮਿਲਾਉਂਦਾ ਰਹਾਂਗਾ:

**ਹਾਰ ਨੂੰ ਜਿੱਤ ਕਹਿ ਨਹੀਓਂ ਸੱਚ ਉਲੰਘੀਦਾ,**
**ਹਾਰ ਨੂੰ ਮੰਨ ਕੇ ਜਿੱਤ ਦਾ ਸਫ਼ਰ ਆਰੰਭੀਦਾ।**
**ਜਿੰਦ ਨੂੰ ਏਨਾਂ ਕੂੜ੍ਹ ਹੇਠ ਨਹੀਂ ਦੱਬੀਦਾ,**
**ਕਦੇ ਕਦੇ ਤਾਂ ਸੱਚ ਜ਼ੁਬਾਨੋਂ ਕੱਢੀਦਾ।**
**ਲਿਖ ਦਿਓ ਇਹਦੇ ਪਾਣੀ, ਹਵਾ, ਅਸਮਾਨ ਉੱਤੇ,**
**ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।**

**ਔਰਤ ਜੰਮਣੋਂ ਪਹਿਲਾਂ ਮਾਰ ਮੁਕਾਈ ਹੈ**
**ਫੇਰ ਸਰੋਵਰ-ਤੀਰਥ ਡੁਬਕੀ ਲਾਈ ਹੈ।**
**ਗੁਰਬਾਣੀ ਨੂੰ ਜਿਹਨਾਂ ਭੋਗ ਲੱਗਵਾਇਆ ਹੈ**

ਬਾਣੀ ਸਾਹਵੇਂ ਆਰਤੀ-ਥਾਲ ਨਚਾਇਆ ਹੈ
ਮੂਰਤੀ ਪੂਜਾ ਨੂੰ ਵੀ ਸ਼ਰਮ 'ਚ ਲਾਇਆ ਹੈ,
ਉਸੇ ਮਨ ਜ਼ੁਬਾਨ ਕਹੀਏ ਕਿਸ ਮਾਣ ਉੱਤੇ
ਵਸਦਾ ਹੈ ਪੰਜਾਬ ਗੁਰਾਂ ਦੇ ਨਾਮ ਉੱਤੇ।

ਲੱਗਦੀ ਵਾਹ ਜੁਆਨੀ ਬਾਹਰ ਨੂੰ ਭੱਜ ਰਹੀ,
ਰਹਿੰਦੀ 'ਨਾ-ਹੋਣੀ' ਹੋਈ ਨਸ਼ੇ 'ਤੇ ਲੱਗ ਰਹੀ।
ਭਾਗੋ ਜ਼ਿੰਦਗੀ ਮੌਤ ਤੋਂ ਬਦਤਰ ਕਰ ਰਿਹਾ,
ਲਾਲੋ ਨਿੱਤ ਹੀ ਖ਼ੁਦ ਦੀ ਫ਼ਾਂਸੀ ਚੜ੍ਹ ਰਿਹਾ।
ਇਹਨੂੰ ਵਸਣਾ ਕਹਿੰਦੇ ਤਾਂ ਉਜਾੜ ਕਿੱਥੇ,
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਬਹੁਤਾ ਉੱਜੜ ਚੁਕਾ ਰਹਿੰਦਾ ਉੱਜੜ ਜਊ,
ਰੂਹ ਵਿੱਚ ਨ੍ਹੇਰਾ ਹੋਰ ਵੀ ਡੂੰਘਾ ਉੱਤਰ ਜਊ,
ਜੇ ਸਿਰਾਂ 'ਚ ਗਿਆਨ ਦਾ ਦੀਵਾ ਬਲਿਆ ਨਾ,
ਤਰਕ ਅਤੇ ਵਿਗਿਆਨ ਦਾ ਸੂਰਜ ਚੜ੍ਹਿਆ ਨਾ।
ਅਜੇ ਤਾਂ ਚੱਲਦਾ ਬਹੁਤਾ ਕੁਛ ਅਗਿਆਨ ਉੱਤੇ,
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਅੰਧਵਿਸ਼ਵਾਸ ਕੁਰੀਤਾਂ ਜ਼ੁਲਮ ਪਾਖ਼ੰਡਾਂ ਨੂੰ
ਲੁੱਟ-ਖਸੁੱਟ ਦੇ ਇਨ੍ਹਾਂ ਧਰਮ ਦੇ ਸੰਦਾਂ ਨੂੰ,
ਮੇਟਣ ਦੇ ਲਈ ਗੁਰੂਆਂ ਲਹਿਰ ਚਲਾਈ ਸੀ
ਸੱਚ ਤਰਕ ਤੇ ਹੱਕ ਸੰਗ ਢੋਈ ਲਾਈ ਸੀ।
ਕੰਧ ਜ਼ੁਲਮ ਦੀ ਹਿੱਲੀ ਕਲਮ ਜ਼ਬਾਨ ਉੱਤੇ
ਵਸਿਆ ਸੀ ਪੰਜਾਬ ਗੁਰਾਂ ਦੇ ਨਾਮ ਉੱਤੇ।

ਪਾਖੰਡੀ ਬਾਬੇ ਬਣੀ ਬੈਠੇ ਮਹਾਂਰਾਜ ਅਜੇ
ਗਿਆਨ ਦੇ ਉੱਪਰ ਅੰਧਵਿਸ਼ਵਾਸ ਦਾ ਰਾਜ ਅਜੇ।
ਸਿੱਖੀ ਵਿੱਚ ਵੜ ਜਾਤਾਂ ਜਰਬਾਂ ਖਾ ਚੁੱਕੀਆਂ,
ਰੂਹੇ-ਤੀਰਥ ਨਾਲ ਸਰੋਵਰੀ ਆ ਢੁੱਕੀਆਂ,
ਸੰਗਤਾਂ ਜੁੜੀਆਂ ਗੁਰਧਾਮੀ ਇਸ਼ਨਾਨ ਉੱਤੇ,
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਉਹੀ ਧਰਮ ਕੁਰੀਤਾਂ ਜਾਤ ਪਾਖ਼ੰਡਾਂ ਨੂੰ
ਮੋੜ ਲਿਆਇਆ ਕੌਣ ਮਹੰਤ ਮਸੰਦਾਂ ਨੂੰ।
ਵੱਢ ਟੁੱਕ ਕੇ ਪੰਜਾਬ ਨੇਤਾਵਾਂ ਧਰ ਛੱਡਿਆ,
ਆਪੋ ਆਪਣੇ ਮਤਲਬ ਮੇਚ ਦਾ ਕਰ ਛੱਡਿਆ।
ਹਾਕਮ ਨੱਚਦੇ ਮੁ.ਗਲਾਂ ਵਾਲੇ ਤਾਨ ਉੱਤੇ
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਮਰਦ ਜਿੰਨਾ ਹੀ ਔਰਤ ਦਾ ਅਧਿਕਾਰ ਹੋਊ
ਧਰਮ ਪਾਖ਼ੰਡ ਕੁਰੀਤਾਂ ਦਾ ਅੰਬਾਰ ਢਊ।
ਮਨੁੱਖੀ ਲੁੱਟ ਦਾ ਬੰਦਾ ਨਾ ਸ਼ਿਕਾਰ ਹੋਊ
ਅੰਧਵਿਸ਼ਵਾਸੋਂ ਨਿੱਕਲ ਤਰਕ-ਅਸਵਾਰ ਹੋਊ।
ਕੰਮ ਸੋਚ ਸਮਾਜ ਚਲੂ ਵਿਗਿਆਨ ਉੱਤੇ
ਫੇਰ ਵਸੂ ਪੰਜਾਬ ਗੁਰਾਂ ਨਾਮ ਉੱਤੇ।

# ਨੋਟ ਤੇ ਹਵਾਲੇ


1. *What Is Enlightenment?* Immanuel Kant, 1784.
2. Lessnoff, Michael H. *Social Contract Theory,* New York: NYU, 1990.
3. Robert A. Ferguson, *The American Enlightenment*, 1750–1820 (1994).
4. " 'ਓਂ' ਦਾ ਅਰਥ ਹੈ 'ਉਹ ਹਸਤੀ ਜੋ ਇਕ ਹੈ, ਜਿਸ ਵਰਗਾ ਹੋਰ ਕੋਈ ਨਹੀਂ ਹੈ ਅਤੇ ਜਿਸ ਵਿਚ ਇਹ ਸਾਰਾ ਜਗਤ ਸਮਾ ਜਾਂਦਾ ਹੈ।"
   ਗੁਰੂ ਗਰੰਥ ਸਾਹਿਬ, www.gurugranthdarpan.net/darpan.html, ਟੀਕਾਕਾਰ: ਪ੍ਰੋਫੈਸਰ ਸਾਹਿਬ ਸਿੰਘ.
5. "The word 'O-ankaar' denotes that God manifests Himself ceaselessly throughout His Creation in diverse forms, features and colours, and in this way becomes knowable to man. But, in spite of manifesting Himself diversing, God remains One; He remains Immanent in His Creation, while at the same time remaining Transcendent." in:
   https://www.sikhiwiki.org/index.php/¡
6. The Sikhs meditate on God as Ek-Omkar, and not in any other way like worship of idols "Ram Nam Jap Ek-Omkar*. (GGS, p. 185) Ek Omkar is the Transcendent Lord of entire creation, who existed before the creation and who alone will survive the creation. (GGS, pp. 296 and 930, and Bhai Gurdas Var, 4011.)* — Ramesh Chander Dogra? Gobind Singh Mansukhani, Encyclopaedia of Sikh Religion and Culture, pp 138–139; Translated by Pashaura Singh.
7. "'By itself the One is just One, One and only One, and the One is the source of all creation."
   In:

Pashaura Singh (2014), in The Oxford Handbook of Sikh Studies (Editors: Pashaura Singh, Louis E. Fenech), Oxford University Press, ISBN 978-0199699308, page 227, 247

8. "One universal Creator God, Truth and eternal is the name, Creative being, Without Fear, Without Enmity, Timeless and deathless Form, Not affected by the circle of life and death - unborn, Self-Existent, He can be realized by the grace of the true and eternal Guru who has the power to enlighten us." in
Arvind Mandair (2008), Shared Idioms, Sacred Symbols, and the Articulation of Identities in South Asia (Editor: Kelly Pemberton), Routledge, ISBN 978-0415958288, page 61.

9. "ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ 'ਹੋਂਦ ਵਾਲਾ' ਹੈ ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿੱਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ-ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ, (ਭਾਵ, ਜਿਸ ਦਾ ਸਰੀਰ ਨਾਸ-ਰਹਿਤ ਹੈ), ਜੋ ਜੂਨਾਂ ਵਿੱਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ" (ਪ੍ਰੋ. ਸਾਹਿਬ ਸਿੰਘ ਜੀ)

10. Paul Sanghera, Chapter 2, And God Said: Let There Be Evolution, Science and Politics of Evolution, 2014, ISBN-13: 978-1511450294.

11. ਇਕਬਾਲ ਸਿੰਘ ਢਿੱਲੋਂ, ਸਿੱਖੀ ਦੀ ਲਹਿਰ ਦਾ ਪਤਨ, www.sikhmarg.com
Allen Debus, Man and Nature in the Renaissance (Cambridge: Cambridge University Press, 1978.
Charles Trinkaus, *Renaissance Idea of the Dignity of Man", In Wiener, Philip P (ed.), 1973.
Dictionary of the History of Ideas. ISBN 978-0-684-13293-8. Retrieved 2009-12-02.
Ernst Cassirer (Editor), Paul Oskar Kristeller (Editor), John Herman Randall (Editor). The Renaisssance Philosophy of Man. University of Chicago Press, 1969.
Humanist Manifesto I, 1933; Humanist Manifesto II, 1973; Humanist Manifesto III, 2003; www.americanhumanist.org

ਗੁਰੂ ਗਰੰਥ ਸਾਹਿਬ, www.gurugranthdarpan.net/darpan.html
James Van Horn Melton, The Rise of the Public in Enlightenment Europe, 2001.
Jonathan I. Israel (2010). A Revolution of the Mind: Radical Enlightenment and the Intellectual Origins of Modern Democracy. Princeton.
Peter Gay, ed. The Enlightenment: A Comprehensive Anthology, ISBN 0671217070,1973.
Renaissance man, PHILOSOPHICAL CONCEPT, Encyclopaedia Britannica.
Robert A. Ferguson, The American Enlightenment, 1750–1820 (1994).
Robert Wilde, A Guide to Renaissance Humanism, https://www.thoughtco.com/
Steven Pinker, Enlightenment Now: The Case for Reason, Science, Humanism, and Progress; 2018.

# ਪੀਪਲਜ਼ ਫ਼ੋਰਮ ਦੇ ਉਦੇਸ਼

1. ਸਿਹਤ, ਸਿੱਖਿਆ, ਸਭਿਆਚਾਰ ਅਤੇ ਵਾਤਾਵਰਣ ਪ੍ਰਤੀ ਸੰਵਾਦ ਅਤੇ ਜਾਗਰੂਕਤਾ ਲਈ ਯਤਨਸ਼ੀਲ।
   Working towards creating awareness and constuctive dialogue in the fields of education, health, culture and environment.
2. ਉਸਾਰੂ ਸਮਾਜਿਕ ਕਦਰਾਂ-ਕੀਮਤਾਂ ਸਿਰਜਣ ਹਿੱਤ ਧਰਮ, ਨਸਲ, ਲਿੰਗ, ਜਾਤਪਾਤ ਅਤੇ ਊਚ ਨੀਚ ਅਧਾਰਿਤ ਵਖਰੇਵਿਆਂ ਦੇ ਖਾਤਮੇ ਅਤੇ ਸਭਨਾਂ ਲਈ ਸਮਾਨ ਮੌਕਿਆਂ ਵਾਸਤੇ ਯਤਨ।
   Working for equal opportunities for all irrespective of religion, race, gender and caste and fighting such discrimination for the creation of constructive social values.
3. ਵਰਤਮਾਨ ਸਮਾਜਿਕ ਸਰੋਕਾਰਾਂ ਪ੍ਰਤੀ ਲੋਕ ਰਾਇ ਦੀ ਉਸਾਰੀ ਕਰਨਾ।
   To create public opinion regarding current social concerns.
4. ਵਿਗਿਆਨਕ ਸੋਚ ਨੂੰ ਜਨ ਚੇਤਨਾ ਦਾ ਹਿੱਸਾ ਬਣਾਉਣਾ।
   To inculcate scientific temper among masses.
5. ਨੌਜਵਾਨ ਵਰਗ ਨੂੰ ਭਵਿੱਖਮਈ ਚੁਣੌਤੀਆਂ ਦੇ ਹਾਣੀ ਬਨਾਉਣਾ।
   To prepare young generation for dealing with challenges of future.
6. ਪੇਂਡੂ ਵਿਦਿਆਰਥੀ ਪ੍ਰਤਿਭਾ ਨੂੰ ਪੁੰਗਰਣ ਪਲ੍ਹਰਨ ਦੇ ਮੌਕੇ ਪ੍ਰਦਾਨ ਕਰਦਿਆਂ ਨਰੋਈ ਅਤੇ ਸਿਹਤਮੰਦ ਸੋਚ ਦੇ ਧਾਰਨੀ ਬਨਾਉਣਾ।
   To provide opportunities for development of talent and create healthy and progressive thinking among rural students.
7. ਸਾਹਿਤ ਨੂੰ ਲੋਕ ਚੇਤਨਾ ਦਾ ਅਹਿਮ ਹਿੱਸਾ ਸਮਝਦਿਆਂ ਪੁਸਤਕਾਂ, ਪੋਸਟਰਾਂ, ਕੈਲੰਡਰ ਅਤੇ ਸੀ. ਡੀਜ਼ ਦੇ ਪ੍ਰਕਾਸ਼ਨ ਸਮੇਤ ਵਿਭਿੰਨ ਸਰਗਰਮੀਆਂ ਰਾਹੀਂ ਸ਼ਬਦ ਸਭਿਆਚਾਰ ਲਈ ਯਤਨਸ਼ੀਲ।
   Publication of good books, posters, calenders & C.Ds. etc. to create literary environment as literature plays very important role in building social consciousness.
8. ਵਿਭਿੰਨ ਲੋਕ ਕਲਾਵਾਂ ਦੇ ਵਿਕਾਸ ਅਤੇ ਪਾਸਾਰ ਲਈ ਯਤਨ।
   To make efforts for development and expansion of different forms of folk arts
.9. ਮਨੁੱਖੀ ਹੋਂਦ ਨੂੰ ਦਰਪੇਸ਼ ਗੰਭੀਰ ਆਲਮੀ ਖਤਰਿਆਂ ਪ੍ਰਤੀ ਜਾਗਰੂਕਤਾ ਅਤੇ ਸਮੂਹਿਕ ਜ਼ਿੰਮੇਵਾਰੀ ਪੈਦਾ ਕਰਨ ਦੀਆਂ ਕੋਸ਼ਿਸ਼ਾਂ।
   To create awareness and sense of collective responsibility for serious global challenges confronting human existence.
10. ਲੋਕ ਚੇਤਨਾ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸਿੱਖਿਆ, ਸਾਹਿਤ, ਕਲਾ, ਸੰਗੀਤ ਅਤੇ ਵਿਗਿਆਨ ਆਦਿ ਖੇਤਰਾਂ ਦੇ ਵਧੇਰੇ ਵਿਕਾਸ ਉਤੇ ਜੋਰ।
   Making efforts to enhance peoples consciousness through education, literature, art, music and science.

# ਪੀਪਲਜ਼ ਫ਼ੋਰਮ, ਬਰਗਾੜੀ ਦੇ ਪ੍ਰਕਾਸ਼ਨ

**ਨਾਵਲ :**

1.ਪਹਿਲਾ ਅਧਿਆਪਕ- ਚੰਗੇਜ਼ ਆਇਤਮਤੋਵ 60/-
2.ਇਕ ਸਮੁੰਦਰ ਪਾਰ -ਮੀਰ ਤਨਹਾ ਯੂਸਫੀ 50/-
3.ਦੌੜ (ਨਾਵਲ) - ਮਮਤਾ ਕਾਲੀਆ 80/-
4.ਨਿਰਭਓ ਨਿਰਵੈਰ (ਨਾਵਲ) -ਹਰਪਿੰਦਰ ਰਾਣਾ 125/-
5.ਥੈਂਕ ਯੂ ਮਿਸਟਰ ਗਲਾਡ (ਨਾਵਲ) - ਅਨਿਲ ਬਰਵੇ 60/-
6.ਸ਼ਾਂਤ ਸਰਘੀ ਵੇਲਾ (ਨਾਵਲ) ਬੋਰਿਸ ਵਾਸੀਲਿਯੇਵ 100/-
7.ਗਹਿਣੇ ਪਿਆ ਰਘੂ- ਕਾਸ਼ੀ ਨਾਥ ਸਿੰਘ 80/-
8. ਕਟਹਿਰਾ - ਮਿੱਤਰ ਸੈਨ ਮੀਤ 200/-
9. ਤਫ਼ਤੀਸ਼ - ਮਿੱਤਰ ਸੈਨ ਮੀਤ 150/-
10.ਕੌਰਵ ਸਭਾ - ਮਿੱਤਰ ਸੈਨ ਮੀਤ 150/-
11.ਸੁਧਾਰ ਘਰ - ਮਿੱਤਰ ਸੈਨ ਮੀਤ 150/-
12.ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ - ਲੂਈਸ ਸੈਪਲ ਵੈਦਾ 80/-
13.ਰਾਵੀ ਵਿਰਸਾ - ਅਸਗਰ ਵਜਾਹਤ 80/-
14.ਸਿੰਮਲ ਰੁਖੁ ਸਰਾਇਰਾ - ਸੂਫ਼ੀ ਅਮਰਜੀਤ 150/-
15. ਟੋਪੀ ਸ਼ੁਕਲਾ - ਰਾਹੀ ਮਾਸੂਮ ਰਜ਼ਾ 100/-
16. ਮੌਤ ਦੇ ਆਲ੍ਹਣੇ-ਲਕਸ਼ਮਣ ਗਾਇਕਵਾੜ 200/-
17. ਅੰਕਲ ਟੌਮਦੀ ਝੌਂਪੜੀ-ਹੈਰੀਅਟ ਬੀਚਰ ਸਟੋਅ 300/-
18. 1857 ਦਿੱਲੀ ਦਿੱਲੀ-ਮਨਮ ਹਨ ਬਾਵਾ 150/-
19. ਸੋਫ਼ੀਆ - ਮਹਿੰਦਰਪਾਲ ਧਾਲੀਵਾਲ 250/-
20. ਪੱਤ ਕੁਮਲਾ ਗਏ - ਅਵਤਾਰ ਸਿੰਘ ਬਿਲਿੰਗ 150/-
21. ਜੰਗਲ ਦੀ ਹੂਕ - ਲਛਮਣ ਗਾਇਕਵਾੜ 200/-
22. ਉਹ ਇੱਕੀ ਦਿਨ - ਗੁਰਮੀਤ ਕੜਿਆਲਵੀ 150/-

**ਜੀਵਨੀ :**

1.ਭਗਤ ਸਿੰਘ ਅਤੇ ਸਾਥੀ ਜੇਲ੍ਹਾਂ ਵਿੱਚ - ਸ਼ਿਵ ਵਰਮਾ 25/-
2.ਸ਼ਹੀਦ ਸੁਖਦੇਵ, ਕ੍ਰਾਂਤੀਕਾਰੀ ਸੰਘਰਸ਼ ਦਾ ਸੂਤਰਧਾਰ 50/-
3.ਬਚਪਨ ਵੱਲ ਖੁੱਲ੍ਹਦੀ ਖਿੜਕੀ (ਜੀਵਨ ਯਾਦਾਂ) 40/-
4.ਚਾਰਲਸ ਡਾਰਵਿਨ (ਜੀਵਨ ਕਥਾ) 25/-
5.ਐਲਫਰੈੱਡ ਨੋਬੈਲ (ਜੀਵਨ ਕਥਾ) 25/-
6.ਪਰਵਾਜ਼ ਦੀਆਂ ਪੈੜਾਂ (ਲੇਖਕਾਂ ਦੀਆਂ ਜੀਵਨ ਯਾਦਾਂ) 50/-
7.ਸ਼੍ਰੀ ਰੁਚੀ ਰਾਮ ਸਾਹਨੀ (ਸਵੈ ਜੀਵਨੀ) 80/-
8.ਫ਼ਲਾਇੰਗ ਸਿੱਖ ਮਿਲਖਾ ਸਿੰਘ 70/-
9.ਸੂਰਜ ਦਾ ਸਫ਼ਰ - ਭਗਤ ਸਿੰਘ 50/-
10.ਇਹੋ ਜਿਹੇ ਸਨ ਸਾਡੇ ਬਚਪਨ ਦੇ ਦਿਨ (ਜੀਵਨ ਯਾਦਾਂ) 100/-
11.ਚਾਰਲਸ ਡਾਰਵਿਨ (ਸਵੈ ਜੀਵਨੀ) ਅਨੁਵਾਦ ਖੁਸ਼ਵੰਤ ਬਰਗਾੜੀ 80/-
12.ਚੀ ਗਵੇਰਾ (ਜੀਵਨੀ) - ਹਰਭਜਨ ਸਿੰਘ ਹੁੰਦਲ 50/-
13.ਵਲਾਦੀਮੀਰ ਇਲੀਚ ਲੈਨਿਨ 100/-
14.ਫ਼ਰੈਡਰਿਕ ਏਂਗਲਜ਼ - ਹਰਭਜਨ ਸਿੰਘ ਹੁੰਦਲ 70/-
15. ਨੈਲਸਨ ਮੰਡੇਲਾ - ਗੁਰਤੇਜ ਕੱਟੂ 100/-
16.ਹੋਅ ਚੀ ਮਿੰਨ - ਸੂਫ਼ੀ ਅਮਰਜੀਤ 150/-
17.ਪ੍ਰੋਫੈਸਰ ਕੈਦੀ - ਮਨਦੀਪ ਗੌੜ 80/-
18.ਕਾਰਲ ਮਾਰਕਸ - ਹਰਭਜਨ ਸਿੰਘ ਹੁੰਦਲ 100/-
19.ਲੈਨਿਨ ਦੇ ਵਿਦੇਸ਼ੀ ਸੰਗਰਾਮ ਸਾਥੀ 200/-
20.ਸੜਦੇ ਸਾਜ ਦੇ ਸਰਗਮ - ਇਕਬਾਲ ਰਾਮੂਵਾਲੀਆ 200/-
21.ਬਰਫ਼ ਵਿੱਚ ਉਗਦਿਆਂ - ਇਕਬਾਲ ਰਾਮੂਵਾਲੀਆ 200/-
22.ਅਬਰਾਹਮ ਲਿੰਕਨ - ਡੇਲ ਕਾਰਨੇਗੀ 200/-
23.ਰੰਗਾਂ ਦੀ ਗਾਗਰ ਵਾਲਾ ਸਰਦਾਰਾ ਸਿੰਘ ਜੌਹਲ-ਪ੍ਰਿੰ. ਸਰਵਣ ਸਿੰਘ 100/-
24.ਸ਼ਹੀਦਾਂ ਦੇ ਹਮਸਫ਼ਰ-ਸੁਧੀਰ ਵਿਦਿਆਰਥੀ 200/-
25.ਅੰਮ੍ਰਿਤਾ ਸ਼ੇਰਗਿੱਲ-ਐਨ. ਇਕਬਾਲ ਸਿੰਘ 200/-
26. ਮਾਓ ਜੇ-ਤੁੰਗ-ਰਾਜਪਾਲ ਸਿੰਘ 150/-

**ਬਾਲ ਸਾਹਿਤ :**

1.ਬਿੱਲੀ ਮਾਸੀ ਸ਼ੇਰ ਦੀ - ਸੰਪਾਦਕ ਖੁਸ਼ਵੰਤ ਬਰਗਾੜੀ 30/-
2.ਜਦੋਂ ਡੈਡੀ ਛੋਟੇ ਹੁੰਦੇ ਸੀ - ਅਲੈਗਜੈਂਡਰ ਰਸਕਿਨ 40/-
3.ਖਿਡੌਣਿਆਂ ਦਾ ਬਸਤਾ - ਅਰਵਿੰਦ ਗੁਪਤਾ 40/-
4.ਮਨੁੱਖ ਮਾਊਂਟ ਐਵਰੈਸਟ 'ਤੇ ਕਿਵੇਂ ਚੜ੍ਹਿਆ -ਖੁਸ਼ਵੰਤ ਬਰਗਾੜੀ 25/-
5.ਕਦੇ ਨਾ ਬੁਝਣ ਵਾਲਾ ਦੀਵਾ (ਬਾਲ ਕਹਾਣੀਆਂ) ਸੰਪਾਦਕ ਤਰਸੇਮ 40/-
6.ਭੂਤਾਂ ਵਾਲਾ ਖੂਹ (ਮਹਿਮਾਨ ਬਾਲ ਕਹਾਣੀਆਂ) 25/-
7.ਜੁਗਨੂੰ ਤਾਂ ਆੜੀ ਏ ...... ਤਰਲੋਚਨ ਸਮਰਾਲਾ 80/-

**ਵਾਤਾਵਰਣ :**

1.ਖ਼ਪਤਵਾਦ, ਪੂੰਜੀਵਾਦ ਅਤੇ ਵਾਤਾਵਰਣ- ਸੁਖਵੰਤ ਹੁੰਦਲ 30/-
2.ਆਪਣੀ ਹੀ ਮੌਤ ਨੂੰ 'ਵਾਜ਼ਾ ਮਾਰ ਰਿਹਾ ਹੈ ਮਨੁੱਖ- ਵਿਜੇ ਬੰਬੇਲੀ 200/-
3. ਟਾਵਾਂ ਟਾਵਾਂ ਤਾਰਾ-ਵਿਜੇ ਬੰਬੇਲੀ 100/-

**ਕਵਿਤਾ :**

1.ਸੂਲੀ ਟੰਗੇ ਖ਼ੁਦਾ (ਗ਼ਜ਼ਲ ਸੰਗ੍ਰਹਿ) - ਸੁਖਵਿੰਦਰ ਸ਼ਾਂਤ 80/-
2.ਜਿੱਥੇ ਕਵਿਤਾ ਖ਼ਤਮ ਨਹੀਂ ਹੁੰਦੀ - ਪਾਸ਼ 100/-
3.ਪਰਤਾਂ 'ਚ ਜਿਉਂਦਾ ਆਦਮੀ - ਬਲਬੀਰ ਪਰਵਾਨਾ 80/-
4.ਤਾਰਿਆਂ ਦੀ ਲੋਅ (ਗੀਤ ਸੰਗ੍ਰਹਿ) - ਜਗਦੀਸ਼ ਪਾਪੜਾ 100/-
5.ਮੁਨੱਵਰ ਰਾਣਾ-ਚੋਣਵੀਂ ਸ਼ਾਇਰੀ 80/-
6. ਇਕ ਕਵੀ ਦੀ ਆਤਮ ਕਥਾ - ਰਾਜ ਪਾਲ ਸਿੰਘ 100/-
7. ਕਵਿਤਾ ਦੇ ਵਿਹੜੇ - ਪਵਨ ਨਾਦ 150/-

**ਵਿਗਿਆਨ ਸਾਹਿਤ :**

1.ਕੈਰੀਅਰ ਚੋਣ ਕਿਵੇਂ ਕਰੀਏ - ਸੰਪਾਦਕ ਖੁਸ਼ਵੰਤ ਬਰਗਾੜੀ 80/-
2.ਖਗੋਲ ਵਿਗਿਆਨ ਦਾ ਸਫ਼ਰ - ਸ਼ੁਕਦੇਵ ਪ੍ਰਸਾਦ 20/-
3.ਸਾਨੂੰ ਧਰਤੀ ਦੀ ਸ਼ਕਲ ਦਾ ਪਤਾ ਕਿਵੇਂ ਲੱਗਿਆ-ਅਨਾਤੋਲੀ ਤੋਮੀਲਿਨ 25/-
4.ਮਨੁੱਖ ਮਨੁੱਖ ਕਿਵੇਂ ਬਣਿਆ - ਕੇ.ਕੇ. ਕ੍ਰਿਸ਼ਨ ਕੁਮਾਰ 25/-
5.ਅਸਮਾਨ ਨੀਲਾ ਕਿਉਂ ਹੁੰਦਾ ਹੈ - ਸੀ. ਵੀ. ਰਮਨ 20/-
6.ਨਿੱਕੀਆਂ ਗੱਲਾਂ ਵੱਡੀਆਂ ਖੋਜਾਂ - 25/-
7.ਵਿਗਿਆਨੀ ਜਿੰਨਾਂ ਦੁਨੀਆਂ ਬਦਲ ਦਿੱਤੀ ਭਾਗ-1- ਦੇਵਿੰਦਰ ਮੇਵਾੜੀ 40/-
8.ਵਿਗਿਆਨੀ ਜਿੰਨਾਂ ਦੁਨੀਆਂ ਬਦਲ ਦਿੱਤੀ ਭਾਗ-2- ਦੇਵਿੰਦਰ ਮੇਵਾੜੀ 40/-
9.ਨਵਾਂ ਵਿਗਿਆਨ ਵਰਤਮਾਨ ਅਤੇ ਭਵਿੱਖ - ਡਾ. ਕੁਲਦੀਪ ਸਿੰਘ ਧੀਰ 150/-

**ਵਿਸ਼ਲੇਸ਼ਣ :**

1.ਭਗਤ ਸਿੰਘ ਹੋਣ ਦਾ ਅਰਥ - ਮੁਦਰਾ ਰਾਖਸਿਸ਼ 60/-
2.ਆਈਨਸਟਾਈਨ ਦੇ ਸਮਾਜਿਕ ਸਰੋਕਾਰ - ਰਾਜ ਪਾਲ ਸਿੰਘ 30/-
3.ਵਿਗਿਆਨ ਸਮਾਜਕ ਨਜ਼ਰੀਆ ਕਿਉਂ ਨਹੀਂ ਬਣਿਆ-ਸਤਵੀਰ ਨਾਗਲ 25/-
4.ਔਰਤ-ਦਸ਼ਾ ਅਤੇ ਦਿਸ਼ਾ - ਡਾ. ਚਰਨਜੀਤ ਕੌਰ 50/-
5.ਬਾਲ ਮਨੋ ਵਿਗਿਆਨ ਕਿਵੇਂ ਸਮਝੀਏ ? - ਬਲਵਿੰਦਰ ਬਰਨਾਲਾ 60/-
6. ਜਤਿੰਦਰ ਹਾਂਸ ਦੀ ਕਥਾ-ਸੰਵੇਦਨਾ - ਡਾ. ਦਵਿੰਦਰ ਸਿੰਘ ਬੋਹਾ 125/-
7. ਮਿੱਟੀ ਤਾਂ ਫ਼ਰੋਲ ਜੋਗੀਆਂ ....... - ਸੁਰਜੀਤ ਗਿੱਲ 125/-
8. ਵਿਦਰੋਹੀ ਕਾਵਿ - ਪਰਮਜੀਤ ਕੱਟੂ 125-
9. ਬਾਤ ਇੱਕ ਬੀਤੇ ਦੀ-ਸੁਕੀਰਤ 100/-
10. ਕਰਤਾਰ ਸਿੰਘ ਸਰਾਭਾ 50/-
11. ਇਸ ਖ਼ਤਰਨਾਕ ਮੋੜ 'ਤੇ - ਸੁਕੀਰਤ 150/-
12. ਬੀਤੇ ਨੂੰ ਫਲੋਰਦਿਆਂ - ਵਿਜੇ ਬਿਬੇਲੀ 150/-
13. ਗੁਲਬੀਨ - ਰਾਜਪਾਲ ਸਿੰਘ 150/-
14. ਬਦਲਦੇ ਸੰਸਾਰ ਵਿੱਚ ਮਾਰਕਸਵਾਦ-ਰਾਜਪਾਲ ਸਿੰਘ 200/-

**ਸਫ਼ਰਨਾਮਾ :**

1. ਇੱਕ ਟੋਟਾ ਪੰਜਾਬ, ਇਟਲੀ ਵਿਚ (ਨੇੜਿਉਂ ਵੇਖਿਆ ਸੱਚ) ਸੁਕੀਰਤ 40/-
2. ਰੇਤੀਲੇ ਤੇ ਬਰਫ਼ੀਲੇ ਮਾਰੂਥਲ (ਸਫ਼ਰਨਾਮਾ)- ਜਸ ਮੰਡ 125/-
3. ਪਾਕਿਸਤਾਨ ਦਾ ਮਤਲਬ ਕੀ... ਅਸਗਰ ਵਜਾਹਤ 80/-
4. ਜੰਗਲ-ਜੰਗਲ ਜਲ੍ਹਿਆਂਵਾਲਾ - ਹਰੀ ਰਾਮ ਮੀਣਾ 100/-
5. ਚਲਦੇ ਤਾਂ ਚੰਗਾ ਸੀ - ਅਸਗਰ ਵਜਾਹਤ 100/-
6. ਇਹ ਹੈ ਅਮਰੀਕਾ - ਜੰਗਪਾਲ ਸਿੰਘ 150/-
7. ਬਾਇਰਨ ਦੇ ਦੇਸ਼ 'ਚ-ਅੰਬਰੀਸ਼ 60/-
8. ਪਹਾੜਾਂ ਤੋਂ ਪਾਰ-ਕੰਵਲਜੀਤ ਥਾਬਲਕੇ 100/-
9. ਉਹ ਵੀ ਕੋਈ ਦੇਸ਼ ਹੈ ਮਹਾਰਾਜ-ਅਨਿਲ ਯਾਦਵ 150/-
10. ਕੀਵੀਆਂ ਦੇ ਦੇਸ਼-ਸ਼ਿਆਮ ਸੁੰਦਰ ਦੀਪਤੀ 100/-
11. ਸ਼ੌਰਟ-ਕੱਟ ਵਾਇਆ ਲੌਂਗ ਰੂਟ-ਅਮਰੀਕ ਬੱਲ 250/-
12. ਕਾਲੇ ਸਾਗਰ ਚਿੱਟੇ ਪਰਬਤ-ਜੱਸ ਮੰਡ 150/-
13. ਬੁੱਲੇਟਨਾਮਾ - ਗੁਰਪ੍ਰੇਮ ਲਹਿਰੀ 200/-

**ਇਤਿਹਾਸ**

1. ਫ਼ਰੀਦਕੋਟ ਰਿਆਸਤ ਦਾ ਇਤਿਹਾਸ- ਪ੍ਰੋ. ਹਰਬੰਸ ਸਿੰਘ 80/-
2. ਪੰਜਾਬ ਦੀ ਇਤਿਹਾਸਕ ਗਾਥਾ - ਰਾਜਪਾਲ ਸਿੰਘ 200/-
3. ਦੂਜੀ ਵਿਸ਼ਵ ਜੰਗ-ਹਰਭਜਨ ਸਿੰਘ ਹੁੰਦਲ 100/-
4. ਇਤਿਹਾਸ ਕਿਵੇਂ ਬਣਦਾ ਹੈ - ਲਾਲ ਬਹਾਦਰ ਵਰਮਾ 150/-
5. ਰਿਆਸਤ ਫ਼ਰੀਦਕੋਟ-ਸੁਭਾਸ਼ ਪਰਿਹਾਰ 300/-
6. ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ-ਡਾ. ਸੁਖਪਾਲ ਸੰਘੇੜਾ 150/-

**ਨਾਟਕ**

1.ਜੀਹਨੇ ਲਾਹੌਰ ਨਹੀਂ ਵੇਖਿਆ.... ਨਾਟਕ - ਅਸਗਰ ਵਜਾਹਤ 80/-
2.ਉਹ ਕਿਤੇ ਨਹੀਂ ਗਏ-ਕੇਵਲ ਧਾਲੀਵਾਲ 150/-

**ਕਹਾਣੀ**

1. ਕੱਟ ਟੂ ਦਿੱਲੀ ਅਤੇ ਹੋਰ ਕਹਾਣੀਆਂ - ਸੰਪਾਦਕ ਮਹਿੰਦਰ ਬੇਦੀ, ਜੈਤੋ 150/-
2. ਪਿਆਰ, ਜੰਗ ਤੇ ਭੁੱਖ (ਕਹਾਣੀ ਸੰਗ੍ਰਹਿ) - ਅਮਨਦੀਪ ਢਿੱਲੋਂ 100/-
3. ਖ਼ੁਸ਼ੀਆਂ ਦੀ ਹੋਮ ਡਲਿਵਰੀ- ਅਨੁਵਾਦ ਮਹਿੰਦਰ ਬੇਦੀ, ਜੈਤੋ 120/-
4. ਸਾਈਨ ਵੈਲਯੂ ਦਾ ਜਲੌਅ-ਬਲਬੀਰ ਪਰਵਾਨਾ 150/-
5. ਖ਼ਾਨਾਬਦੋਸ਼ ਬੇਗਮ-ਮਨਮੋਹਨ ਬਾਵਾ 150/-
6. ਸਾਰੰਗੀ ਦੀ ਮੌਤ-ਗੁਰਮੀਤ ਕੜਿਆਲਵੀਂ 150/-
7. ਖ਼ੁਸ਼ਬੂ ਖ਼ੁਸ਼ਬੂ - ਕੇਸਰਾ ਰਾਮ 150/-

**ਕੁਝ ਹੋਰ ਮੁੱਲਵਾਨ ਪੁਸਤਕਾਂ :**

1. ਸਿੱਖਿਆ ਦਾ ਅਧਿਕਾਰ ਕਾਨੂੰਨ 25/-
2. ਚੂਰ-ਭੂਰ (ਵਾਰਤਕ) - ਜਸਪਾਲ ਮਾਨਖੇੜਾ 80/-
3. ਸਿਰਜਣਧਾਰਾ - ਭੂਸ਼ਨ 150/-
4. ਫਾਈਟਰ ਦੀ ਡਾਇਰੀ -ਮੈਤ੍ਰੇਈ ਪੁਸ਼ਪਾ 150/-
5. ਕਾਬੁਲ ਦਾ ਕਿਤਾਬ ਵਾਲਾ -ਓਸ਼ਨੇ ਸੇਯੇਰਸਤਾਡ ੨੦੦/-
6. ਅੰਦਰਲਾ ਸੱਚ ਫਰੋਲਦਿਆਂ (ਮੁਲਾਕਾਤਾਂ) - ਸੁਕੀਰਤ 150/-
7. ਅਪਨਾ ਸਪਨਾ-ਇੱਕ ਸਕੂਲ ਇਹ ਵੀ - ਲਲਿਤ 50/-
8. ਰਾਈਟਰਜ਼ ਕਲੋਨੀ- ਭੂਸ਼ਨ 150/-
9. ਤੁਰੀਆ ਨਾਲ ਕਿਤਾਬਾਂ -ਮਲਿਕਾ ਮੰਡ 150/-
10. ਚੇਤਿਆਂ 'ਚ ਵੱਸਦਾ ਮਹਿੰਦਰ ਸਿੰਘ ਰੰਧਾਵਾ-ਕੰਵਲਜੀਤ 200/-
11. ਟੈਕਸੀਨਾਮਾ-ਹਰਪ੍ਰੀਤ ਸੇਖਾ 100/-
12. ਬੇਇੱਜ਼ਤ-ਸਰਬਜੀਤ ਕੌਰ ਅਠਵਾਲ, ਜੈਫ ਹਡਸਨ 250/-
13. ਕਿਲੇ ਦੇ ਮੋਤੀ-ਜੀਉ. ਜੇ. ਐਮ. ਜੌਹਨਸਟਨ 250/-
14. ਉਦਾਸ ਸੂਰਜ - ਭੂਸ਼ਨ 150/-
15. ਲਾਕਡਾਊਨ ਡਾਇਰੀ - ਡਾ. ਕੁਲਦੀਪ ਸਿੰਘ ਦੀਪ 150/-
16. ਮਨੁੱਖੀ ਵਿਵਹਾਰ ਦੀ ਸੂਝ-ਬੂਝ - ਡਾ. ਆਗਿਆਜੀਤ ਸਿੰਘ 150/-
17. ਵਿੰਹਦਿਆਂ-ਵਿੰਹਦਿਆਂ - ਜੰਗਪਾਲ ਸਿੰਘ 150/-

ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ (ਯੂਰਪੀਅਨ ਰੈਨਾਸਾਂਸ ਦੇ ਪ੍ਰਸੰਗ ਵਿੱਚ)

ਡਾ. ਸੁਖਪਾਲ ਸੰਘੇੜਾ



ਡਾ. ਸੁਖਪਾਲ ਸੰਘੇੜਾ

ਯੂਰਪ ਤੇ ਅਮਰੀਕਾ ਦੇ ਉੱਚ-ਪਾਏ ਦੇ ਖੋਜ ਰਸਾਲਿਆਂ ਵਿੱਚ ਛਪੇ 150 ਤੋਂ ਵੱਧ ਵਿਗਿਆਨਕ ਖੋਜ ਪੱਤਰਾਂ ਦਾ ਲੇਖਕ ਤੇ ਸਹਿ-ਲੇਖਕ, ਅੰਗਰੇਜ਼ੀ ਵਿੱਚ ਪ੍ਰਕਾਸ਼ਤ ਕਰੀਬ ਦੋ ਦਰਜਨ ਕਿਤਾਬਾਂ ਦਾ ਲੇਖਕ, ਪੰਜਾਬੀ ਵਿੱਚ ਕਾਵਿ-ਸੰਗ੍ਰਹਿ 'ਕਿੱਸਿਆਂ ਦੇ ਕੈਦੀ', 'ਟੱਕਰ', 'ਭੂਤ ਨਗਰੀ' ਅਤੇ ਨਾਵਲ 'ਢੱਠਾ ਖੂਹ' ਤੇ 'ਇੱਕ ਦਹਿਸ਼ਤ ਪਸੰਦ ਦੀ ਡਾਇਰੀ', ਵਰਗੀਆਂ ਰਚਨਾਵਾਂ ਦੇ ਰਚੇਤਾ, 'ਪੰਜਾਬ ਲੋਕ ਸੱਭਿਆਚਾਰਕ ਮੰਚ' ਦੇ ਬਾਨੀ ਜਨਰਲ ਸਕੱਤਰ, ਡਾ. ਸੁਖਪਾਲ ਸੰਘੇੜਾ, ਅੱਜਕੱਲ ਅਮਰੀਕਾ ਵਿੱਚ ਫਿਜ਼ਿਕਸ ਤੇ ਕੰਪਿਊਟਰ ਸਾਇੰਸ ਦੇ ਪ੍ਰੋਫ਼ੈਸਰ ਹਨ।

ਹਥਲੀ ਕਿਤਾਬ ' ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ ' ਵਿੱਚ ਡਾ. ਸੁਖਪਾਲ ਸੰਘੇੜਾ ਮੱਧਕਾਲੀ ਪੰਜਾਬ ਜਾਗਰਤੀ ਲਹਿਰ ਦਾ ਵਿਸ਼ਲੇਸ਼ਨ ਇਸਦੀ ਸਮਕਾਲੀ ਲਹਿਰ 'ਯੂਰਪੀਅਨ ਰੇਨਾਸਾਂਸ' ਦੇ ਸੰਦਰਭ ਵਿੱਚ ਕਰਨ ਦੀ ਪਹਿਲ ਕਰਦਾ ਹੈ। ਉਹ ਇਨ੍ਹਾਂ ਦੋ ਲਹਿਰਾਂ ਦੇ ਤੁਲਨਾਤਮਿਕ ਅਧਿਅਨ ਤੋਂ ਦਿਖਾਉਂਦਾ ਹੈ ਕਿ ਕਿਵੇਂ ਇਹ ਲਹਿਰਾਂ ਮੂਲ ਰੂਪ ਵਿੱਚ ਸਾਂਝੇ ਉਦੇਸ਼ਾਂ ਵਾਲੀਆਂ ਤਰਕਸ਼ੀਲ ਤੇ ਮਾਨਵਵਾਦੀ ਲਹਿਰਾਂ ਸਨ। ਇੱਕੋ ਜਿਹੇ ਚੱਜਾਂ, ਤੱਤਾਂ, ਕੰਮਾਂ, ਤੇ ਉਦੇਸ਼ਾਂ ਵਾਲੀਆਂ ਦੋ ਸਮਕਾਲੀ ਲਹਿਰਾਂ 'ਚੋਂ ਯੂਰਪੀਅਨ ਰੇਨਾਸਾਂਸ ਲਹਿਰ ਨੇ ਯੂਰਪ ਨੂੰ ਮੱਧਕਾਲੀ ਯੁੱਗ ਵਿੱਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ, ਪਰ ਪੰਜਾਬ ਜਾਗਰਤੀ ਲਹਿਰ ਇਸ ਤਰ੍ਹਾਂ ਪੰਜਾਬ ਨੂੰ ਪ੍ਰਗਤੀ ਦੇ ਰਾਹ ਅੱਗੇ ਨਾ ਵਧਾ ਸਕੀ। ਕਿਉਂ? ਇਸ ਕਿਤਾਬ ਵਿੱਚਲੇ ਇਸ ਕੇਂਦਰੀ ਸੁਆਲ ਦੇ ਜੁਆਬ ਪੰਜਾਬ ਦੇ ਸਥਾਨਿਕ ਹਾਲਾਤਾਂ ਨੂੰ ਪੱਛਮ ਦੇ ਪ੍ਰਸੰਗ ਵਿੱਚ ਵਿਚਾਰਦੇ ਹੋਏ ਖੋਜੇ ਗਏ ਹਨ। ਇਨ੍ਹਾਂ ਜੁਆਬਾਂ ਤੇ ਇਸ ਸਮੁੱਚੇ ਅਧਿਅਨ ਦੀਆਂ ਅੱਜ ਦੇ ਪੰਜਾਬ ਲਈ ਮਹੱਤਵਪੂਰਨ ਮੰਤਕਾਂ (implications) ਵੀ ਵਿਚਾਰੀਆਂ ਗਈਆਂ ਨੇ।

ਪੀਪਲਜ਼ ਫ਼ੋਰਮ
ਬਰਗਾੜੀ, ਪੰਜਾਬ
www.peoplesforumpunjab.com

ISBN 978-81-943526-6-2
₹150/-